BUYING/SELLING In Michigan
Homes, Gas Stations, Liquor Stores, Plazas, Hotels
RAJ SHERGILL
Associate Broker
Landmark Realty
40600 Ann Arbor Rd. Ste. 150
Plymouth, MI 48170
Cell 734-751-4455, rajsshergill@yahoo.com

New Image Photography
Photo & Video For All Occasions
ਵਿਆਹ ਸ਼ਾਦੀ ਤੇ ਹੋਰ ਖੁਸ਼ੀ ਦੇ ਮੌਕੇ 'ਤੇ ਵਧੀਆ ਫੋਟੋਗ੍ਰਾਫੀ ਲਈ ਸਾਨੂੰ ਯਾਦ ਰੱਖੋ
Bobby, Ph: 209-404-2512
JT, Ph: 209-380-4412
www.newimagepics.com

BEST REAL ESTATE PACKAGE
Home Buying & Selling in Michigan
Residential & Commercial Loans
Home Improvement & Renovation
Vikram Jit Singh
Malika Puri
Loans Available in 26 States
CALL 734.709.9200



Eighteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 33, August 19, 2017 | 20451 N Plum Grove Rd., Palatine, IL 60074 | Ph:847-359-0746, Fax:847-705-9388


# ਮੋਦੀ ਵੱਲੋਂ ਦੇਸ਼ ਭਗਤੀ ਦੀ ਜਬਰੀ ਖੁਰਾਕ

## ਘੱਟ-ਗਿਣਤੀਆਂ ਨੂੰ ਕੀਤਾ ਜਾ ਰਿਹਾ ਹੈ ਮਜਬੂਰ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਭਾਰਤ ਦੇ 71ਵੇਂ ਆਜ਼ਾਦੀ ਦਿਹਾੜੇ ਮੌਕੇ ਕੇਂਦਰ ਦੀ ਭਗਵਾ ਸਰਕਾਰ ਵੱਲੋਂ ਦੇਸ਼ ਭਗਤੀ ਦੇ ਨਾਂ 'ਤੇ ਕੀਤੀਆਂ 'ਕੋਝੀਆਂ ਹਰਕਤਾਂ' ਕੁਝ ਫਿਰਕਿਆਂ ਦੇ ਲੋਕਾਂ ਲਈ ਹਮੇਸ਼ਾਂ ਕੌੜੀਆਂ ਯਾਦਾਂ ਬਣੀਆਂ ਰਹਿਣਗੀਆਂ।



ਭਾਰਤ ਦੀ ਆਜ਼ਾਦੀ ਦੇ 70 ਸਾਲਾ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਜਦੋਂ ਕੁਝ ਵਰਗਾਂ ਦੇ ਲੋਕਾਂ ਨੂੰ ਆਪਣੀ ਦੇਸ਼ ਭਗਤੀ ਸਾਬਤ ਕਰਨ ਲਈ ਮਜਬੂਰ ਕੀਤਾ ਗਿਆ। ਇਥੋਂ ਤੱਕ ਕਿ ਉਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੇ ਸੂਬੇ ਵਿਚਲੇ ਸਾਰੇ ਮਦਰੱਸਿਆਂ (ਇਸਲਾਮਿਕ ਸਕੂਲਾਂ) ਨੂੰ ਆਜ਼ਾਦੀ ਦਿਹਾੜਾ ਮਨਾਉਣ ਦਾ ਫਰਮਾਨ ਸੁਣਾਉਂਦਿਆਂ ਇਨ੍ਹਾਂ ਦੀ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਕਰਨ ਲਈ ਆਖ ਦਿੱਤਾ। ਯੋਗੀ ਦੇ ਹੁਕਮਾਂ ਮੁਤਾਬਕ ਮਦਰੱਸਿਆਂ ਵਿਚ ਪਹਿਲਾਂ ਤਿਰੰਗਾ ਲਹਿਰਾਇਆ ਜਾਵੇ, ਉਥੇ ਰਾਸ਼ਟਰੀ ਗੀਤ ਗਾਉਣਾ ਲਾਜ਼ਮੀ ਹੋਵੇਗਾ।

ਯੂ.ਪੀ. ਵਿਚ ਇਸ ਵੇਲੇ ਅੱਠ ਹਜ਼ਾਰ ਦੇ ਕਰੀਬ ਮਦਰੱਸੇ ਹਨ। ਇਹ ਹੁਕਮ ਜਾਰੀ ਕਰਨ ਪਿੱਛੇ ਸਰਕਾਰ ਦਾ ਤਰਕ ਸੀ ਕਿ ਮਦਰੱਸੇ ਸਰਕਾਰ ਕੋਲੋਂ ਫੰਡ ਲੈਂਦੇ ਹਨ, ਲਿਹਾਜ਼ਾ ਉਨ੍ਹਾਂ ਨੂੰ ਆਜ਼ਾਦੀ ਦਿਹਾੜੇ ਸਮੇਤ ਹੋਰ ਕੌਮੀ ਤਿਉਹਾਰ ਮਨਾਉਣੇ ਚਾਹੀਦੇ ਹਨ। ਇਨ੍ਹਾਂ ਹੁਕਮਾਂ ਤੋਂ ਤੁਰਤ ਪਿੱਛੋਂ ਮਹਾਰਾਸ਼ਟਰ ਅਸੈਂਬਲੀ ਵਿਚ ਭਾਜਪਾ ਦੇ ਚੀਫ ਵ੍ਹਿਪ ਰਾਜ ਪੁਰੋਹਿਤ ਨੇ ਮੰਗ ਕਰ ਦਿੱਤੀ ਕਿ ਮੁਲਕ ਦੇ ਸਾਰੇ ਸਕੂਲਾਂ 'ਚ ਕੌਮੀ ਗੀਤ 'ਵੰਦੇ

(ਬਾਕੀ ਸਫਾ 6 'ਤੇ)

## ਜਦੋਂ ਮੋਹਨ ਭਾਗਵਤ ਅੰਦਰ ਬੇਕਾਬੂ ਹੋਈ ਦੇਸ਼ ਭਗਤੀ...

**ਪਲੱਕਡ (ਕੇਰਲਾ):** ਆਜ਼ਾਦੀ ਦੀ ਵਰ੍ਹੇਗੰਢ ਮੌਕੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਅੰਦਰ ਇੰਨੀ ਦੇਸ਼ ਭਗਤੀ ਜਾਗ ਉਠੀ ਕਿ ਉਹ ਸਾਰੀਆਂ ਹੱਦਾਂ ਪਾਰ ਕਰ ਗਏ। ਭਾਗਵਤ ਨੇ ਇਕ ਆਰ.ਐਸ.ਐਸ. ਸਮਰਥਕ ਦੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਵਿਚ ਅਧਿਕਾਰੀਆਂ ਦਾ ਮਨ੍ਹਾ ਕਰਨ ਦੇ ਬਾਵਜੂਦ ਝੰਡਾ ਲਹਿਰਾਉਣ ਦੀ ਰਸਮ ਅਦਾ ਕਰ ਕੇ ਨਵਾਂ ਵਿਵਾਦ ਸਹੇੜ ਲਿਆ। ਅਧਿਕਾਰੀਆਂ ਨੇ ਸਮਝਾਇਆ ਕਿ ਝੰਡਾ ਲਹਿਰਾਉਣ ਦੀ ਰਸਮ ਕੋਈ ਸਿਆਸੀ ਨੇਤਾ ਉਨਾ ਚਿਰ ਨਹੀਂ ਕਰ ਸਕਦਾ ਜਿੰਨਾ ਚਿਰ ਉਸ ਨੂੰ ਕਿਸੇ ਸੰਵਿਧਾਨਕ ਅਹੁਦੇ ਲਈ ਲੋਕਾਂ ਨੇ ਚੁਣਿਆ ਨਾ ਹੋਵੇ। ਇਸ ਦੇ ਬਾਵਜੂਦ ਮੋਹਨ ਭਾਗਵਤ ਨਾ ਟਲਿਆ। ਇਸ 'ਤੇ ਸੀ.ਪੀ.ਐਮ. ਨੇਤਾ ਐਮ.ਬੀ. ਰਾਜੇਸ਼ ਨੇ ਵਿਰੋਧ ਜ਼ਾਹਰ ਕਰਦਿਆਂ ਦੋਸ਼ ਲਾਇਆ ਕਿ ਆਰ.ਐਸ.ਐਸ. ਕੇਰਲਾ ਵਿਚ ਨਵਾਂ ਵਿਵਾਦ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕਾਂਗਰਸ ਦੇ ਲੋਕ ਸਭਾ ਮੈਂਬਰ ਕੇ.ਸੀ. ਵੇਣੂਗੋਪਾਲ ਨੇ ਕਿਹਾ ਕਿ ਇਹ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਆਪਣੇ ਲੁਕਵੇਂ ਏਜੰਡਿਆਂ ਨੂੰ ਕੇਰਲਾ ਵਿਚ ਲਾਗੂ ਕਰਨ ਦੀ ਕੋਝੀ ਚਾਲ ਹੈ।

## ਕੈਪਟਨ ਹਕੂਮਤ ਵੱਲ ਵੀ ਉਠੀ ਉਂਗਲ

**ਚੰਡੀਗੜ੍ਹ:** ਪੰਜਾਬ ਵਿਚ ਨਕਲੀ ਕੀੜੇਮਾਰ ਦਵਾਈਆਂ ਅਤੇ ਘਟੀਆ ਬੀਜਾਂ ਦੀ ਸਪਲਾਈ ਬਾਰੇ ਸੱਚਾਈ ਸਾਹਮਣੇ ਆਉਣ ਪਿੱਛੋਂ ਕਿਸਾਨਾਂ ਵਿਚ ਮੁੜ ਦਹਿਸ਼ਤ ਦਾ ਮਾਹੌਲ ਹੈ। ਸਾਫ ਹੋ ਗਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੀ ਨਰਮਾ ਕਾਸ਼ਤਕਾਰਾਂ ਨੂੰ ਮਿਆਰੀ ਕੀਟਨਾਸ਼ਕ ਮੁਹੱਈਆ ਕਰਾਉਣ ਵਿਚ ਨਾਕਾਮ ਰਹੀ ਹੈ।

ਨਰਮਾ ਪੱਟੀ ਦੇ ਕਿਸਾਨਾਂ ਦਾ ਰੋਹ ਤਿੱਖਾ ਹੋਣ ਲੱਗਾ ਹੈ ਅਤੇ ਉਹ ਨਵੀਂ ਹਕੂਮਤ ਵੱਲ ਉਂਗਲ ਕਰਨ ਲੱਗੇ ਹਨ। ਮੁਢਲੇ ਪੜਾਅ ਉਤੇ ਭਰੇ 34 ਨਮੂਨਿਆਂ 'ਚੋਂ ਜਦੋਂ 24 ਫੇਲ੍ਹ ਹੋ ਗਏ ਸਨ ਤਾਂ ਸਰਕਾਰ ਨੇ ਰਾਤੋਂ ਰਾਤ ਖੇਤੀ ਅਫਸਰਾਂ ਦੀਆਂ ਟੀਮਾਂ ਨਰਮਾ ਪੱਟੀ ਵਿਚ ਭੇਜ ਦਿੱਤੀਆਂ ਸਨ। ਇਨ੍ਹਾਂ ਟੀਮਾਂ ਨੇ ਨਰਮਾ ਪੱਟੀ ਦੇ ਚਾਰ ਜ਼ਿਲ੍ਹਿਆਂ 'ਚੋਂ ਤਕਰੀਬਨ 99 ਨਮੂਨੇ ਦੋ ਦਿਨਾਂ ਮੁਹਿੰਮ ਦੌਰਾਨ ਭਰੇ ਸਨ। ਨਕਲੀ ਕੀਟਨਾਸ਼ਕਾਂ ਕਾਰਨ ਕਿਸਾਨਾਂ ਨੂੰ ਅਕਸਰ ਦੋਹਰੀ ਮਾਰ ਝੱਲਣੀ ਪੈਂਦੀ ਹੈ। ਅੱਜ ਕੱਲ੍ਹ ਸੂਬੇ ਦੀ ਕਪਾਹ ਪੱਟੀ ਵਿਚ ਕਪਾਹ ਦੀ ਫਸਲ 'ਤੇ ਚਿੱਟੀ ਮੱਖੀ ਮਾਰੂ ਸਿੱਧ ਹੋ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਇਸ ਖੇਤਰ ਵਿਚ ਗਏ ਸਨ ਅਤੇ ਉਨ੍ਹਾਂ ਨੇ ਪ੍ਰਭਾਵਿਤ ਕਿਸਾਨਾਂ ਦੀਆਂ ਫਸਲਾਂ ਦਾ ਮੁਆਇਨਾ ਵੀ ਕੀਤਾ ਹੈ। ਮੁੱਖ ਮੰਤਰੀ ਨੇ ਕਿਸਾਨਾਂ ਦੇ ਨਾਲ ਖੜ੍ਹੇ ਹੋਣ ਅਤੇ ਪ੍ਰਭਾਵਿਤ ਹੋਈ ਫਸਲ ਦਾ ਪੂਰਾ ਮੁਆਵਜ਼ਾ ਦੇਣ ਦਾ ਭਰੋਸਾ ਵੀ ਦਿੱਤਾ ਹੈ, ਪਰ ਪਿਛਲਾ ਤਜਰਬਾ ਦੱਸਦਾ ਹੈ ਕਿ ਸਰਕਾਰੀ ਫੈਸਲੇ ਤੇ ਉਨ੍ਹਾਂ ਦੇ ਲਾਗੂ ਹੋਣ ਦੀ ਪ੍ਰਕਿਰਿਆ ਇੰਨੀ ਲੰਬੀ ਅਤੇ ਪੇਚੀਦਾ ਹੁੰਦੀ ਹੈ ਕਿ ਪੀੜਤ ਬੰਦੇ ਤੱਕ ਸਹਾਇਤਾ ਪਹੁੰਚਦਿਆਂ-ਪਹੁੰਚਦਿਆਂ ਰਸਤੇ ਵਿਚ ਦਮ ਤੋੜ ਜਾਂਦੀ ਹੈ।

ਨਕਲੀ ਕੀਟਨਾਸ਼ਕ ਦਵਾਈਆਂ ਅਤੇ

(ਬਾਕੀ ਸਫਾ 6 'ਤੇ)

## ਕਤਲੇਆਮ 84: ਨਵੀਂ ਜਾਂਚ ਟੀਮ ਤੋਂ ਮੁਕੀਆਂ ਉਮੀਦਾਂ

**ਨਵੀਂ ਦਿੱਲੀ:** ਨਰੇਂਦਰ ਮੋਦੀ ਸਰਕਾਰ ਵੱਲੋਂ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦੇਣ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਤੋਂ ਵੀ ਪੀੜਤਾਂ ਨੂੰ ਬਹੁਤੀਆਂ ਉਮੀਦਾਂ ਨਹੀਂ ਬਚੀਆਂ। ਇਸ ਟੀਮ ਨੂੰ ਛੇ ਮਹੀਨਿਆਂ ਵਿਚ ਜਾਂਚ ਪੂਰੀ ਕਰ ਕੇ ਰਿਪੋਰਟ ਦੇਣ ਲਈ ਆਖਿਆ ਗਿਆ ਸੀ, ਪਰ ਹੁਣ ਇਸ ਦੇ ਚੌਥੇ ਵਾਧੇ ਦਾ ਸਮਾਂ ਵੀ ਪੂਰਾ ਹੋ ਗਿਆ ਹੈ। ਕੇਂਦਰ ਸਰਕਾਰ ਨੇ ਦਿੱਲੀ ਵਿਚ ਦੂਜੀ ਵਾਰ ਕੇਜਰੀਵਾਲ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਐਨ ਪਹਿਲਾਂ ਐਸ.ਆਈ.ਟੀ. ਬਣਾਈ ਸੀ ਅਤੇ ਛੇ ਮਹੀਨੇ ਦਾ ਸਮਾਂ ਜਾਂਚ ਕਰਨ ਲਈ ਦਿੱਤਾ ਸੀ ਜਿਸ ਦਾ ਚਾਰ ਵਾਰ ਵਾਧੇ ਦਾ ਸਮਾਂ 11 ਅਗਸਤ 2017 ਨੂੰ ਖਤਮ ਹੋ ਗਿਆ।



ਉਧਰ, ਦਿੱਲੀ ਦੀ ਇਕ ਅਦਾਲਤ ਨੇ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਚੇਅਰਮੈਨ ਅਨੁਰਾਗ ਨੂੰ ਤਲਬ ਕਰ ਕੇ ਇਹ ਸਫਾਈ ਦੇਣ ਲਈ ਕਿਹਾ ਹੈ ਕਿ ਉਨ੍ਹਾਂ ਨੇ ਇਕ ਕੇਸ ਦੀ ਅੱਗੇ ਜਾਂਚ ਕਿਵੇਂ ਆਰੰਭੀ, ਜਦਕਿ ਉਨ੍ਹਾਂ ਨੂੰ ਸਿਰਫ ਤੱਥਾਂ ਦੀ ਘੋਖ ਕਰਨ ਲਈ ਕਿਹਾ ਗਿਆ ਸੀ। ਅਦਾਲਤ ਨੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਦੇ ਚੇਅਰਮੈਨ ਵੱਲੋਂ ਦਾਖਲ ਜਵਾਬ ਸੰਤੁਸ਼ਟ ਕਰਨ ਵਾਲਾ ਨਹੀਂ ਹੈ।

ਸਿਟ ਦੇ ਚੇਅਰਮੈਨ ਆਈ.ਪੀ.ਐਸ. ਅਧਿਕਾਰੀ ਅਨੁਰਾਗ ਹਨ। ਅਦਾਲਤ ਵੱਲੋਂ ਇਹ ਹੁਕਮ 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚ ਸੁਣਾਇਆ ਗਿਆ ਹੈ ਜਿਸ ਤਹਿਤ ਸਿਟ ਨੇ ਮਾਮਲਾ ਬੰਦ ਕਰਨ ਦੀ ਰਿਪੋਰਟ ਇਸ ਆਧਾਰ 'ਤੇ ਦਿੱਤੀ ਸੀ ਕਿ ਜਾਂਚ ਦੌਰਾਨ ਕਿਸੇ ਵੀ ਵਿਅਕਤੀ ਖਿਲਾਫ਼ ਕੋਈ ਪੁਖਤਾ ਸਬੂਤ ਨਹੀਂ ਮਿਲਿਆ। ਇਹ ਕੇਸ ਤਿੰਨ ਨਵੰਬਰ 1984 ਦਾ ਹੈ ਜਦੋਂ 300 ਤੋਂ 400 ਦੰਗਾਈਆਂ ਨੇ ਪੱਛਮੀ ਦਿੱਲੀ ਦੇ ਆਨੰਦ ਪਰਬਤ ਫੈਕਟਰੀ ਏਰੀਆ 'ਚ 50 ਵਰ੍ਹਿਆਂ ਦੇ ਸਿੱਖ ਉਤੇ ਪਥਰਾਅ ਕੀਤਾ ਸੀ।

ਹਮਲੇ ਮਗਰੋਂ ਪੀੜਤ ਅਜੈਬ ਸਿੰਘ ਡਿੱਗ


(ਬਾਕੀ ਸਫਾ 6 'ਤੇ)


Worldwide Travel
www.fly2world.com
Harpreet Singh
AMRITSAR $915
DELHI $875
Mumbai $865
Best Fare Guarantee
Detroit 734 838 9998
Chicago 312 224 8800
Fares shown above are for Sep/Oct 2017 departure from Chicago and may change without notice. please call our office for more details. Other conditions apply.

COLDWELL BANKER
Residential Brokerage
Thinking Real Estate?
TAJ HOME GROUP
BUYERS we'll find the right home for you.
We have a common goal: Making you a homeowner.
SELLERS we know your local markets
Allow us to list your home for a quick sale.
GURDEEP KAHLON
224-409-4042
iShowHomes@yahoo.com
PRADEEP SINGH
847-322-5832
iShowHomes@Yahoo.com
EQUAL HOUSING OPPORTUNITY
20 S. Roselle Rd., Schaumburg, IL 60193

# ਸੁਖਬੀਰ ਬਾਦਲ ਦੇ ਇਕ ਹੋਰ ਸੁਪਨਮਈ ਪ੍ਰਾਜੈਕਟ ਨੂੰ ਤਾਲੇ


**ਅੰਮ੍ਰਿਤਸਰ:** ਲਾਹੌਰ ਦੀ ਫੂਡ ਸਟਰੀਟ ਦੀ ਤਰਜ਼ ਉਤੇ ਤਕਰੀਬਨ 11 ਕਰੋੜ ਰੁਪਏ ਦੀ ਲਾਗਤ ਨਾਲ ਵਿਕਟੋਰੀਆ ਜੁਬਲੀ ਹਸਪਤਾਲ ਦੀ 125 ਸਾਲ ਪੁਰਾਣੀ ਇਮਾਰਤ 'ਚ ਸ਼ੁਰੂ ਕੀਤੇ ਅਰਬਨ ਹਾਟ ਨੂੰ ਤਾਲੇ ਲੱਗ ਚੁੱਕੇ ਹਨ ਅਤੇ ਭਵਿੱਖ 'ਚ ਇਸ ਦੀ ਵਾਗਡੋਰ ਕਿਸੇ ਨਿੱਜੀ ਕੰਪਨੀ ਨੂੰ ਦਿੱਤੇ ਜਾਣ ਦੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।




ਪਿਛਲੀ ਅਕਾਲੀ-ਭਾਜਪਾ ਗੱਠਜੋੜ ਵਾਲੀ ਸਰਕਾਰ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਸੰਬਰ 2012 ਵਿਚ ਪਾਕਿਸਤਾਨ ਯਾਤਰਾ ਦੌਰਾਨ ਲਾਹੌਰ ਦੀ ਗਵਾਲ ਮੰਡੀ ਤੇ ਪੁਰਾਣੀ ਅਨਾਰਕਲੀ ਆਬਾਦੀ ਦੀ ਫੂਡ ਸਟਰੀਟ ਦੇ ਰਿਵਾਇਤੀ ਪਕਵਾਨਾਂ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤਸਰ ਵਿਚ ਅਰਬਨ ਹਾਟ ਸ਼ੁਰੂ ਕੀਤੇ ਜਾਣ ਦੀ ਯੋਜਨਾ ਬਣਾਈ ਸੀ, ਜਿਸ ਲਈ ਕਈ ਜਗਾਵਾਂ ਦੀ ਚੋਣ ਤੋਂ ਬਾਅਦ ਗੁਰੂ ਤੇਗ ਬਹਾਦਰ ਹਸਪਤਾਲ 'ਚ ਤਬਦੀਲ ਹੋ ਚੁੱਕੀ ਵਿਕਟੋਰੀਆ ਜੁਬਲੀ ਹਸਪਤਾਲ ਦੀ ਪੁਰਾਣੀ ਵਿਰਾਸਤੀ ਇਮਾਰਤ ਨੂੰ ਚੁਣਿਆ ਗਿਆ। ਸੁਖਬੀਰ ਨੇ ਉਪਰੋਕਤ ਪ੍ਰੋਜੈਕਟ ਨੂੰ ਆਪਣਾ ਡਰੀਮ ਪ੍ਰੋਜੈਕਟ ਦੱਸਦਿਆਂ ਮਈ 2013 'ਚ ਇਸ ਨੂੰ ਸ਼ੁਰੂ ਕਰਨ ਹਿੱਤ ਹਰੀ ਝੰਡੀ ਦਿੱਤੀ, ਜਿਸ ਲਈ ਪੁੱਡਾ (ਪੰਜਾਬ ਅਰਬਨ ਪਲਾਨਿੰਗ ਐਂਡ ਡਿਵੈਲਪਮੈਂਟ ਅਥਾਰਿਟੀ) ਵੱਲੋਂ 14 ਜੁਲਾਈ 2013 ਨੂੰ ਜਨਤਕ ਤੌਰ 'ਤੇ ਟੈਂਡਰ ਮੰਗੇ ਗਏ ਅਤੇ ਅਰਬਨ ਹਾਟ ਦੇ ਨਿਰਮਾਣ ਸਬੰਧੀ ਜ਼ਿੰਮੇਵਾਰੀ ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ ਕੰਸਲਟੈਂਟ ਨੂੰ ਸੌਂਪੀ ਗਈ। ਉਪਰੋਕਤ ਕੰਪਨੀ ਵੱਲੋਂ ਪੁੱਡਾ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਕਰੀਬ 4.5 ਏਕੜ ਵਿਚ ਬਣੀ ਉਪਰੋਕਤ ਇਮਾਰਤ ਨੂੰ ਪੰਜ ਬਲਾਕਾਂ 'ਚ ਵੰਡਦਿਆਂ ਉਪਰੋਕਤ ਅਰਬਨ ਹਾਟ 'ਚ 32 ਹਾਲ, 20 ਰਸੋਈਆਂ, ਜਿਮ, ਸਪਾ, ਦਸਤਕਾਰੀ ਬਾਜ਼ਾਰ, ਫੂਡ ਕੋਰਟ, ਸਟੇਟ ਇਮਪੋਰੀਅਮ, ਸੋਵੀਨਰ ਹਾਲ, ਰੈਸਟੋਰੈਂਟ, ਗੈਸਟ ਹਾਊਸ ਤੇ ਬੁਟੀਕ ਹੋਟਲ ਆਦਿ

ਉਸਾਰੇ ਗਏ, ਜਿਸ ਦੇ ਬਾਅਦ ਸੁਖਬੀਰ ਵੱਲੋਂ ਮਈ 2016 'ਚ ਅਰਬਨ ਹਾਟ ਦੀ ਰਸਮੀ ਸ਼ੁਰੂਆਤ ਕਰਦਿਆਂ ਇਸ ਵਿਚ 10 ਦਿਨਾਂ ਅੰਮ੍ਰਿਤਸਰੀ ਵਿਰਾਸਤੀ ਮੇਲਾ ਲਗਾਇਆ ਗਿਆ, ਜਿਸ ਵਿਚ ਸਥਾਨਕ ਨਾਗਰਿਕਾਂ ਤੇ ਸੈਲਾਨੀਆਂ ਵੱਲੋਂ ਕੋਈ ਵਿਸ਼ੇਸ਼ ਰੁਚੀ ਨਹੀਂ ਵਿਖਾਈ ਗਈ ਅਤੇ ਇਹ ਵਿਰਾਸਤੀ ਮੇਲਾ ਪੂਰੀ ਤਰ੍ਹਾਂ ਫਲਾਪ ਰਿਹਾ। ਲੋਕਾਂ ਦੀ ਰੁਚੀ ਨਾ ਬਣਦੀ ਵੇਖ ਖਾਣੇ ਦੇ ਸ਼ੌਕੀਨਾਂ ਨੂੰ ਅਰਬਨ ਹਾਟ ਵੱਲ ਆਕਰਸ਼ਿਤ ਕਰਨ ਦੇ ਇਰਾਦੇ ਨਾਲ ਪੁੱਡਾ ਵੱਲੋਂ ਉਪਰੋਕਤ ਇਮਾਰਤ 'ਚ ਇਕ-ਦੋ ਢਾਬੇ ਵੀ ਸ਼ੁਰੂ ਕਰਵਾਏ ਗਏ ਪਰ ਗਾਹਕਾਂ ਦੀ ਆਮਦ ਆਟੇ 'ਚ ਲੂਣ ਤੋਂ ਘੱਟ ਰਹਿਣ ਕਰ ਕੇ ਉਪਰੋਕਤ ਢਾਬੇ ਵੀ ਜਲਦੀ ਬੰਦ ਹੋ ਗਏ।

ਸ਼ਹਿਰ ਦੇ ਸਭ ਤੋਂ ਰਾਇਲ ਮੰਨੇ ਜਾਂਦੇ ਇਲਾਕੇ ਕੰਵੀਜ਼ ਰੋਡ 'ਚ ਬੰਦ ਪਏ ਸੁਖਬੀਰ ਦੇ ਉਪਰੋਕਤ ਡਰੀਮ ਪ੍ਰੋਜੈਕਟ ਦੇ ਬੂਹੇ, ਬਾਰੀਆਂ ਤੇ ਦੀਵਾਰਾਂ ਰੱਖ-ਰਖਾਅ ਦੀ ਕਮੀ ਦੇ ਚਲਦਿਆਂ ਖਰਾਬ ਹੋ ਰਹੀਆਂ ਹਨ ਅਤੇ ਅੰਦਰ-ਬਾਹਰ ਜਗ੍ਹਾ-ਜਗ੍ਹਾ ਗੰਦਗੀ ਦੇ ਢੇਰ ਲੱਗੇ ਹੋਏ ਹਨ। ਪੰਜਾਬ ਅਰਬਨ ਪਲੈਨਿੰਗ ਐਂਡ ਡਿਵੈਲਪਮੈਂਟ ਅਥਾਰਿਟੀ ਦੇ ਅਧਿਕਾਰੀਆਂ ਅਨੁਸਾਰ ਅਰਬਨ ਹਾਟ ਨੂੰ ਮੁੜ ਤੋਂ ਸ਼ੁਰੂ ਕੀਤੇ ਜਾਣ ਦੀ ਯੋਜਨਾ ਬਣਾਈ ਜਾ ਰਹੀ ਹੈ ਅਤੇ ਜਲਦੀ ਇਸ ਨੂੰ ਨਵੇਂ ਢੰਗ ਨਾਲ ਸ਼ੁਰੂ ਕੀਤਾ ਜਾਵੇਗਾ।



Madan Khatri

Want to Buy/Sell Homes, THs, Condos!
Call Madan Khatri
Ph: 847-530-1550
www.PropertyZoo.com
CALL TO BUY / SELL HOME TODAY!
Top Producer at the office in 2011-2013-2014
*****A Broker who can work with you from Beginning to End, Call Now!!!*****
BHHS American Heritage
1010 Rohwing Road, Elk Grove Village, IL
BERKSHIRE HATHAWAY HOMESERVICES BH HS

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

ਮਿਸ਼ੀਗਨ ਵਿਚ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਹੈ, ਯਾਦ ਰੱਖੋ
ਰਾਜ ਸਿਆਨ
Your Neighborhood Realtor


Real Estate One®
Cell: 734-725-9380
734-890-1767
RajSyan@realestateone.com
www.rajsyan.com
REALTOR® EQUAL HOUSING LENDER
217 W. Ann Arbor Rd., Ste.# 102,
Plymouth, MI 48170

Raj Syan, Realtor

India Palace
Restaurant - Fine Indian Cuisine
4213 Lafayette Rd., Indianapolis, IN 46254
Ph: 317-298-0773
UNDER NEW MANAGEMENT
Open Daily Lunch Buffett 11 am to 3 pm
Dinner
Monday-Friday 4:30 pm to 10 pm
Saturday Dinner 2:30 pm to 10 pm
Sunday Dinner 2:30 pm to 9:30 pm
Banquet Hall Available
Up to 650 People
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com

PUNJAB SPORTS & CULTURAL ASSOCIATION MICHIGAN
PSCA Punjabi Khed Mela

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 10ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

## 9 ਸਤੰਬਰ 2017

*(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)*

**Canton Sports Center - Victory Park:**
46555 W. Michigan Ave. Rd., Canton, MI 48188 (Near Beck Rd.)




## ਇਨਾਮ

### ਕਬੱਡੀ ਓਪਨ
ਪਹਿਲਾ ਇਨਾਮ $11,000
ਦੂਜਾ ਇਨਾਮ $9,000
ਤੀਜਾ ਇਨਾਮ $7,000
ਚੌਥਾ ਇਨਾਮ $5,000

### ਕਬੱਡੀ ਅੰਡਰ-21
ਪਹਿਲਾ ਇਨਾਮ $21,00
ਦੂਜਾ ਇਨਾਮ $1500
ਤੀਜਾ ਇਨਾਮ $1000

### ਸੌਕਰ ਤੇ ਵਾਲੀਬਾਲ
ਪਹਿਲਾ ਇਨਾਮ $3,100
ਦੂਜਾ ਇਨਾਮ $2,100

ਮੇਲਾ-ਗੇਲਾ, ਖੇਡਾਂ, ਨੱਚਣ-ਟੱਪਣ, ਗਾਉਣ-ਪਾਣੀ ਅਤੇ ਖੁੱਲ੍ਹਾ ਖਾਣ ਪੀਣ ਆਓ ਤੇ ਮੌਜ ਮਨਾਓ

ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

**ਸਭਨਾਂ ਨੂੰ ਖੁੱਲ੍ਹਾ ਸੱਦਾ**








**ਕਬੱਡੀ ਰੈਫਰੀ:**
ਨਰਿੰਦਰ ਮੁੰਦਰ
ਕੁਲਵਿੰਦਰ ਕਿੰਦਾ
ਕੁਲਦੀਪ ਦੀਪਾ ਟਾਂਡੇਵਾਲਾ

ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

Radio Chann Pardesi
ਰੇਡੀਓ ਚੰਨ ਪ੍ਰਦੇਸੀ

**Free Entry**
**Free Food**
**&**
**Free Entertainment**

GN TRUCK SALES
TRUCK & TRAILER SALES
WE SELL ALL MAKES & MODELS
905-291-0210

**Autobahn**
ਸਾਰੇ ਟਰੱਕ Under Warranty
800,000 kilometers



WORLD WIDE CARRIERS US INC.
SERVING NORTH AMERICA
Troy, MI

## PSCA Committee Members and Gold Sponsors



ਕਰਮਬੀਰ ਸਿੰਘ | ਅਰਜੁਨ ਗਿੱਲ | ਰਾਜ ਨਿੱਜਰ | ਜਸਵਿੰਦਰ ਧਾਲੀਵਾਲ | ਅਮਰਜੀਤ ਗਿੱਲ | ਰਵਿੰਦਰ ਥਿੰਦ | ਅਮਰੀਕ ਰਾਏ | ਮਨਪ੍ਰੀਤ ਗਿੱਲ



ਰਾਜ ਜਾਮਾਰਾਏ | ਸੁਖਵੰਤ ਸਿੰਘ ਗਿੱਲ | ਸੁਖਦੇਵ ਸੇਖੋਂ | ਕੇਵਲ ਗਿੱਲ | ਕੁਲਬੀਰ ਗਿੱਲ | ਸੁੱਖਾ ਸੇਖੋਂ | ਬਲਕਾਰ ਗਿੱਲ | ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

**Mela, Media, Stalls:** Karn Gill (734-612-9984) / Sukhdev Sekhon (248-431-9678)
**Volleyball, Soccer:** Karmbir Singh (734-558-3151)/ Amarjit Gill: 734-394-8768
**Kabaddi:** Arjan Gill (734-231-3576) / Kulbir Gill (248-310-0114)
**Cultural Programs, Stalls:** Raj Jamarai (734-644-1010) / Raj Nijjar (734-637-7540)

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

## Diamond Sponsors



***Chain Singh Sandhu*** | ***Darshan Singh Grewal*** | ***Harpreet Singh Ahluwalia*** | ***Jerry Singh*** | ***Karn Gill***

## Platinum Sponsors



***Jatinderbir Singh Sandhu*** | ***Rattan Singh Sekhon*** | ***Karmbir Singh*** | ***Harpreet Singh Worldwide Travels*** | ***Sukh Babbu Narwal*** | ***Charanjit Rusty Sekhon*** | ***Goldy Dhillon*** | ***Raj Shergill***



***Amarjit Singh Sidhu*** | ***Baljit Singh Bains*** | ***Attorney Manvir Mick Grewal*** | ***Andy Ubhi*** | ***Bhupinder Sandhu*** | ***Iqbal Boparai*** | ***Mohan Singh Pehalwan Pennsylvania*** | ***Inderpreet Singh Gill***

## Silver Sponsors



*Jaswinder Singh Dhillon* | *Kuldip Vicky Gill* | *Gurinder Dhanoa* | *Inderpal Singh Dhanoa* | *Sukhi Dhaliwal* | *Imroz Singh* | *Karamvir Singh Mahngar* | *Bhupinder Singh* | *Jagjit Jagdev* | *Bikram Grewal* | *Gurbax Singh Bhullar*



*Harji Singh Sandhawalia* | *Rashminder Singh Gill* | *Inderpal Singh* | *Raj Syan* | *Vishavpal Singh Shergill* | *Navdeep Singh Gill* | *Harjinder Singh Gill* | *Lali Mangat* | *Rupi Randhawa* | *Jasvir Singh Randhawa* | *Baldev Singh Sidhu*



*Satnam Bajwa Windsor* | *Jony Singh* | *Surjeet Singh Dhaliwal* | *Resham Singh Gill* | *Kuldip Singh Gill* | *Inderjit Singh Gill* | *Parminder Singh Gill* | *Debi Ghuman* | *Kulwant Mangat* | *Kartar Singh Babbu* | *Daljit Singh Randhawa* | *Abdu (Abdu Market)*



*Sukhpal Singh Bains* | *Sandeep Singh Dhillon* | *Avtar Singh Bhatti* | *Sarabjit Singh Sandhu* | *Charanjit Singh Jogi Baath* | *Raju Atwal* | *Kuldip Keepa* | *Rajinder Singh Pinka* | *Shamsher Singh Kuku* | *Balbir Singh Virdi* | *Jagtar Singh Jagga*



*Balwinder Singh Sekhon* | *Palwinder Singh Baath* | *Inderjit Singh Rinku* | *Manjit Singh Lansing* | *Gurjinder Singh Dimple* | *Narinder Singh Munder* | *Harpal Singh Pamma* | *Ranvir Lali Dhaliwal* | *Kulwinder Singh Gill* | *Darbara Singh Mangat* | *Sukhbir Singh Sohi*

# Punjab Sports & Cultural Association Michigan

## Invited Local Public Office Holders



| | | | | | | | | | | | |
|---|---|---|---|---|---|---|---|---|---|---|---|
| **Gary Peters** US Senator | **Dave Trott** US Congressman | **Brian Calley** MI Lt Governor | **Bill Schuette** MI Attorney General | **Ruth Johnson** MI Secretary of State | **Patrick Colbeck** MI State Senator | **Jeff Noble** MI State Representative | **Kristy Pagan** MI State Representative | **Joe Barone** Wayne County Commissioner | **Pat Williams** Canton Supervisor | **Kurt Heise** Plymouth Supervisor | **Williams Wild** Westland Mayor |

## Gold Sponsors



| | | | | | | | | | | | | | | |
|---|---|---|---|---|---|---|---|---|---|---|---|---|---|---|
| Balbir Singh Grewal | Ishatdev Singh Rathore | Dr. Syed Taj | Bill Baath | Chamkaur Singh Gill | Sukhdev Singh Brar | Gurjeet Singh | Gurmail Singh Mann | Jaspal Singh Gill | Sukhi Grewal | Jasvir Singh Sahota | TJ Lota | Jaswinder Sonu Sandhu | Paramjit S. Dhillon | Tarlochan Singh Bhullar |



| | | | | | | | | | | | | | | |
|---|---|---|---|---|---|---|---|---|---|---|---|---|---|---|
| Madan Aheer | Dr. Bhan Garg | Charnpreet Singh Dhaliwal | Harry Sandhu | Davinder Grewal | Amjad Chaudhry | Mandeep Locham | Sukhjit Singh | Harmohanjit Singh Bains | Tony Guron | Paramjit S. Pamma | Dr. Mukhtiar Singh Nijjar | Darshan Basraon | Paul Khalil | Dr. Yatinder Singhal |

## Silver Sponsors



| | | | | | | | | | | |
|---|---|---|---|---|---|---|---|---|---|---|
| Pardip Singh Sangha | Harvey Ghuman | Inderjit Singh Virk | Jaspal Singh Sohal | Sukhdev Singh Badwal | Balbir Singh Bual | Gurbhinder Singh | Gurdatar Singh | Inderjit Singh Baath | Harpal Singh Sangha | Iqbal Singh Sidhu |



| | | | | | | | | | | | |
|---|---|---|---|---|---|---|---|---|---|---|---|
| Bhupinder Pelia | Deepinder Singh | Raj Bains | Amrik Mahal | Renu Takhar | Balwinder Singh Rai | Surinder Bobby Judge | Resham Singh Sidhu | Gurdev Singh Gill | Kulwinder Singh Gill | Kamal Singh Cheema | Pawan Sohi Pakwan Restaurant Plymouth |



| | | | | | | | | | | | |
|---|---|---|---|---|---|---|---|---|---|---|---|
| Rana Sekhon | Happy Badesha | Kuldip Singh Gill | Mandeep Singh Gill | Durlabh Singh Pannu | Jaswinder Jaggi Dhaliwal | Ranjit Singh | Sarabjit Singh | Pammi Kapoor | Gurdev Singh Sekhon | Rupy Goraya Ohio | Lucky Sandhu |



| | | | | | | | | | | | |
|---|---|---|---|---|---|---|---|---|---|---|---|
| Tarlochan Singh Gill | Lakhbir Singh Cheema | Baba Auto | Harjit Singh Dhillon | Harbans Singh Nijjar | Jagdev Singh Grewal | Amardev Singh Bandesha | Sukhjit Singh Sukhi | Raj Grewal | Manraj Nona Grewal | Satvinder Singh Billu | Sukhchain S. Khosa |



| | | | | | | | | | | | |
|---|---|---|---|---|---|---|---|---|---|---|---|
| Manjinder Singh Benipal | Nirmaljit Singh Ruby | Jaspal Singh Tinku | Mukhwinder Singh Happy | Daljit Singh Shally | Manjit Singh Nannan | Sarabjit Singh Virk | Gagandeep Singh | Paramjit Singh Ghotra | Sukhraj Sunny Khehra | Nirmal Singh Smagh | Ajit Singh |

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼ਹਿਰਾਂ ਨੂੰ ਵੀ ਹੋਵੇਗੀ ਨਹਿਰੀ ਪਾਣੀ ਦੀ ਸਪਲਾਈ

**ਅੰਮ੍ਰਿਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੁਲਾਸਾ ਕੀਤਾ ਕਿ ਪੰਜਾਬ ਦੇ ਚਾਰ ਵੱਡੇ ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਪਟਿਆਲਾ ਵਿਚ ਨਹਿਰੀ ਪਾਣੀ ਦੀ ਪੀਣ ਲਈ ਵਰਤੋਂ ਕੀਤੀ ਜਾਵੇਗੀ। ਇਸ ਵਾਸਤੇ ਵਿਸ਼ਵ ਬੈਂਕ ਵੱਲੋਂ ਤਿੰਨ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਐਲਾਨ ਕੀਤਾ ਕਿ ਕੇਬਲ ਕੰਪਨੀਆਂ ਨੂੰ ਕਿਸੇ ਚੈਨਲ 'ਤੇ ਰੋਕ ਲਾਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਸੂਬੇ 'ਚ ਝੋਨੇ ਦਾ ਬਦਲ ਲੱਭਣ ਲਈ ਇਸਰਾਇਲੀ ਮਾਹਿਰਾਂ ਦੀ ਮਦਦ ਲਈ ਜਾਵੇਗੀ।



ਮੁੱਖ ਮੰਤਰੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਵਿਕਾਸ ਲਈ 556.90 ਕਰੋੜ ਰੁਪਏ ਦੇ ਪ੍ਰੋਜੈਕਟ ਉਲੀਕੇ ਗਏ ਹਨ, ਜਿਸ ਤਹਿਤ 200 ਕਰੋੜ ਰੁਪਏ ਦਾ ਨਿਵੇਸ਼ ਸਮਾਰਟ ਸਿਟੀ ਯੋਜਨਾ ਤਹਿਤ ਹੋਵੇਗਾ। ਇਸ ਵਿਚੋਂ 100 ਕਰੋੜ ਰੁਪਏ ਸੂਬਾਈ ਸਰਕਾਰ ਅਤੇ ਸੌ ਕਰੋੜ ਰੁਪਏ ਕੇਂਦਰ ਸਰਕਾਰ ਵੱਲੋਂ ਖਰਚੇ ਜਾਣਗੇ। ਇਸ ਤਹਿਤ ਰਣਜੀਤ ਐਵੀਨਿਊ ਵਿਚ 25 ਏਕੜ 'ਚ ਬਹੁਮੰਤਵੀ ਸਟੇਡੀਅਮ ਲਈ 35 ਕਰੋੜ ਰੁਪਏ, ਦੁਰਗਿਆਣਾ ਮੰਦਿਰ ਦੇ ਸੁੰਦਰੀਕਰਨ ਲਈ 25 ਕਰੋੜ ਖਰਚੇ ਜਾਣਗੇ। ਨਗਰ ਨਿਗਮ ਚੋਣਾਂ ਵਿਚ ਔਰਤਾਂ ਲਈ 50 ਫੀਸਦੀ ਰਾਖਵੇਂਕਰਨ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿੰਡਾਂ ਤੇ ਸ਼ਹਿਰਾਂ 'ਚ ਬੇਘਰੇ ਲੋਕਾਂ ਲਈ ਫਲੈਟ ਬਣਾਉਣ ਦੀ ਯੋਜਨਾ ਵੀ ਉਲੀਕੀ ਗਈ ਹੈ।

## ਕੇਬਲ ਮਾਫੀਆ ਖਿਲਾਫ ਸਿੱਧੂ ਦੀ ਜੰਗ ਨੂੰ ਹਮਾਇਤ

**ਅੰਮ੍ਰਿਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਕਾਬਲ ਮਾਫੀਆ ਖਿਲਾਫ ਵਿੱਢੀ ਜੰਗ ਨੂੰ ਹਮਾਇਤ ਦੇ ਦਿੱਤੀ ਹੈ। ਕੈਪਟਨ ਨੇ ਕੇਬਲ ਕੰਪਨੀਆਂ ਵੱਲੋਂ ਵੱਖ-ਵੱਖ ਚੈਨਲਾਂ ਦੀ ਕੀਤੀ ਜਾ ਰਹੀ ਸੈਂਸਰਸ਼ਿਪ ਖਿਲਾਫ ਚਿਤਾਵਨੀ ਦਿੰਦਿਆਂ ਕਿਹਾ ਕਿ ਫਾਸਟਵੇਅ ਜਾਂ ਅਜਿਹੀ ਕਿਸੇ ਵੀ ਹੋਰ ਕੰਪਨੀ ਵਿਰੁੱਧ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਕਾਬਲੇਗੌਰ ਹੈ ਕਿ ਨਵਜੋਤ ਸਿੱਧੂ ਲਗਾਤਾਰ ਮੁੱਖ ਮੰਤਰੀ ਤੋਂ ਕਾਬਲ ਮਾਫੀਆ ਬਾਰੇ ਵਿਜੀਲੈਂਸ ਜਾਂਚ ਕਰਵਾਉਣ ਲਈ ਕਹਿ ਰਹੇ ਹਨ।

# ਕੈਪਟਨ ਹਕੂਮਤ ਵੱਲ ਵੀ ਉਠੀ ਉਂਗਲ

*(ਸਫਾ ਇਕ ਦੀ ਬਾਕੀ)*

ਘਟੀਆ ਬੀਜਾਂ ਦੀ ਸਮੱਸਿਆ ਪੰਜਾਬ ਵਿਚ ਪਿਛਲੀ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਵੀ ਕਈ ਵਾਰ ਗੰਭੀਰ ਰੂਪ ਵਿਚ ਸਾਹਮਣੇ ਆਉਂਦੀ ਰਹੀ ਹੈ। ਨਕਲੀ ਕੀਟਨਾਸ਼ਕਾਂ ਦਾ ਵੱਡਾ ਘਪਲਾ ਸਾਹਮਣੇ ਆਉਣ 'ਤੇ ਉਸ ਦੌਰ 'ਚ ਕਈ ਵੱਡੇ ਅਫਸਰਾਂ 'ਤੇ ਕਾਰਵਾਈ ਵੀ ਹੋਈ ਸੀ, ਪਰ ਅਜਿਹਾ ਹੋਣ ਦੇ ਬਾਵਜੂਦ ਇਹ ਵਰਤਾਰਾ ਜਾਰੀ ਹੈ। ਦਵਾਈਆਂ ਦੇ ਜਿਹੜੇ ਨਮੂਨੇ ਫੇਲ੍ਹ ਹੋਏ ਹਨ, ਉਹ ਕੀਟਨਾਸ਼ਕ ਦਵਾਈਆਂ ਵੇਚਣ ਵਾਲੀਆਂ ਤਿੰਨ ਵੱਡੀਆਂ ਕੰਪਨੀਆਂ ਦੀ ਵਿਕਰੀ ਨਾਲ ਜੁੜੇ ਹੋਏ ਹਨ।

ਮੁੱਖ ਮੰਤਰੀ ਨੇ ਕਪਾਹ ਪੱਟੀ ਦੇ ਆਪਣੇ ਤਾਜ਼ਾ ਦੌਰੇ ਦੇ ਦੌਰਾਨ ਬੇਸ਼ਕ ਨਕਲੀ ਕੀਟਨਾਸ਼ਕ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਦੇ ਸੰਕੇਤ ਦਿੱਤੇ ਹਨ, ਪਰ ਇਸ ਪੂਰੇ ਘਟਨਾਕ੍ਰਮ ਵਿਚ ਵਪਾਰੀਆਂ ਦੀ ਕਈ ਅਧਿਕਾਰੀਆਂ ਅਤੇ ਨੇਤਾਵਾਂ ਨਾਲ ਬਾਕਾਇਦਾ ਮਿਲੀਭੁਗਤ ਦਿਖਾਈ ਦਿੰਦੀ ਹੈ। ਇਥੋਂ ਤੱਕ ਕਿ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਵੱਲ ਵੀ ਕਈ ਵਾਰ ਉਂਗਲ ਉਠਦੀ ਰਹੀ ਹੈ। ਕਪਾਹ ਪੱਟੀ ਨਾਲ ਜੁੜੇ ਚਾਰ ਜ਼ਿਲ੍ਹਿਆਂ ਵਿਚ ਹਰ ਸਾਲ ਚਿੱਟੀ ਮੱਖੀ ਦਾ ਹਮਲਾ ਹੁੰਦਾ ਹੈ ਅਤੇ ਹਰ ਵਾਰ ਕੀਟਨਾਸ਼ਕਾਂ ਦਾ ਛਿੜਕਾਅ ਕੀਤਾ ਜਾਂਦਾ ਹੈ ਜੋ ਬੇਅਸਰ ਸਿੱਧ ਹੁੰਦਾ ਹੈ। ਕਿਸਾਨਾਂ ਦਾ ਨੁਕਸਾਨ ਹੋਣ ਤੋਂ ਬਾਅਦ ਮੰਤਰੀ ਅਤੇ ਸੱਤਾ ਪੱਖ ਨਾਲ ਜੁੜੇ ਨੇਤਾਵਾਂ ਦੇ ਬਿਆਨ ਆਉਂਦੇ ਹਨ, ਪਰ ਇਸ ਸਮੱਸਿਆ 'ਤੇ ਰੋਕ ਲਗਾਉਣ ਦੀਆਂ ਸੰਭਾਵਨਾਵਾਂ ਵਿਚ ਰੱਤੀ ਭਰ ਵੀ ਸੁਧਾਰ ਨਹੀਂ ਦਿਖਾਈ ਦਿੰਦਾ।

## ਰਪਟ ਲਿਖਵਾ ਕੇ ਪਰਤ ਰਹੇ ਬਜ਼ੁਰਗ 'ਤੇ ਗੋਲੀ ਚਲਾਈ

**ਕੋਟਕਪੂਰਾ:** ਪਿੰਡ ਪੰਜਗਰਾਈਂ ਕਲਾਂ ਵਿਚ ਪੁਲਿਸ ਚੌਕੀ ਵਿਚ ਰਿਪੋਰਟ ਲਿਖਵਾ ਕੇ ਵਾਪਸ ਆ ਰਹੇ ਬਜ਼ੁਰਗ 'ਤੇ ਪਿੰਡ ਦੇ ਇਕ ਵਿਅਕਤੀ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਬਜ਼ੁਰਗ ਗੰਭੀਰ ਜ਼ਖਮੀ ਹੋ ਗਿਆ।

ਜਾਣਕਾਰੀ ਮੁਤਾਬਕ ਮੇਜਰ ਸਿੰਘ (65) ਨੇ ਆਪਣੇ ਪੋਤਰੇ ਹਰਮਨਜੀਤ ਸਿੰਘ ਨਾਲ ਦੇਰ ਰਾਤ ਚੌਕੀ ਵਿਚ ਨਿੱਕਾ ਸਿੰਘ ਵਿਰੁੱਧ ਪ੍ਰੇਸ਼ਾਨ ਕਰਨ ਸਬੰਧੀ ਰਿਪੋਰਟ ਲਿਖਵਾਈ ਸੀ। ਜਦ ਉਹ ਵਾਪਸ ਘਰ ਆ ਰਹੇ ਸਨ ਤਾਂ ਰਸਤੇ ਵਿਚ ਨਿੱਕਾ ਸਿੰਘ ਨੇ ਬੰਦੂਕ ਨਾਲ ਉਸ 'ਤੇ ਗੋਲੀਆਂ ਚਲਾਈਆਂ।

# ਧਾਰਾ 35-ਏ ਬਾਰੇ ਮੋਦੀ ਦੀ ਰਣਨੀਤੀ ਖਿਲਾਫ ਰੋਹ

**ਸ੍ਰੀਨਗਰ:** ਸੰਵਿਧਾਨ ਦੀ ਧਾਰਾ 35-ਏ ਨੂੰ ਕਨੂੰਨੀ ਚੁਣੌਤੀ ਜਿਸ ਨੂੰ ਮੁਸਲਿਮ ਆਬਾਦੀ ਦੇ ਵਿਰੁੱਧ ਕਦਮ ਗਰਦਾਨਿਆਂ ਜਾ ਰਿਹਾ ਹੈ, ਖਿਲਾਫ਼ ਵੱਖਵਾਦੀਆਂ ਵੱਲੋਂ ਦਿੱਤੇ ਹੜਤਾਲ ਦੇ ਸੱਦੇ ਕਾਰਨ ਕਸ਼ਮੀਰ ਵਿਚ ਆਮ ਜਨ ਜੀਵਨ ਕਾਫੀ ਪ੍ਰਭਾਵਿਤ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਸੰਵਿਧਾਨ ਦੀ ਧਾਰਾ 35-ਏ ਜੰਮੂ ਕਸ਼ਮੀਰ ਵਿਚ ਰਿਹਾਇਸ਼ ਦੇ ਅਧਿਕਾਰ ਦੀ ਵਿਆਖਿਆ ਕਰਦੀ ਹੈ ਅਤੇ ਸੂਬੇ ਤੋਂ ਬਾਹਰਲੇ ਵਿਅਕਤੀਆਂ ਨੂੰ ਇਥੇ ਕੋਈ ਸੰਪਤੀ ਲੈਣ ਜਾਂ ਸੂਬਾ ਸਰਕਾਰ ਦੀਆਂ ਨੌਕਰੀਆਂ ਲਈ ਬਿਨੈ ਕਰਨ ਤੋਂ ਵਰਜਦੀ ਹੈ।

ਹੜਤਾਲ ਕਾਰਨ ਜ਼ਿਆਦਾਤਰ ਸਕੂਲ, ਕਾਲਜ, ਦੁਕਾਨਾਂ, ਵਪਾਰਕ ਅਦਾਰੇ ਅਤੇ ਪ੍ਰਾਈਵੇਟ ਦਫਤਰ ਬੰਦ ਰਹੇ। ਸਰਕਾਰੀ ਦਫਤਰਾਂ ਵਿਚ ਵੀ ਹਾਜ਼ਰੀ ਕਾਫੀ ਘੱਟ ਰਹੀ। ਕਸ਼ਮੀਰ ਦੇ ਜ਼ਿਆਦਾਤਰ ਹਿੱਸਿਆਂ ਵਿਚ ਬੱਸਾਂ ਵੀ ਨਹੀਂ ਚੱਲੀਆਂ, ਸਿਰਫ ਕੁਝ ਨਿੱਜੀ ਵਾਹਨ ਹੀ ਸੜਕਾਂ 'ਤੇ ਚੱਲਦੇ ਦਿਸੇ। ਅਧਿਕਾਰੀਆਂ ਨੇ ਪੰਜ ਪੁਲਿਸ ਥਾਣਿਆਂ ਮਹਾਰਾਜਗੰਜ, ਨੌਹੱਟਾ, ਖਨਿਆਰ ਤੇ ਰੈਨਾਵਾੜੀ ਅਧੀਨ ਆਉਂਦੇ ਖੇਤਰਾਂ 'ਚ ਹਿੰਸਕ ਪ੍ਰਦਰਸ਼ਨਾਂ ਕਾਰਨ ਲੋਕਾਂ ਦੇ ਘੁੰਮਣ ਉਤੇ ਪਾਬੰਦੀ ਲਾ ਦਿੱਤੀ ਹੈ।

ਦੱਸਣਯੋਗ ਹੈ ਕਿ ਇਕ ਐਨ.ਜੀ.ਓ. ਵੱਲੋਂ ਕਸ਼ਮੀਰ ਵਿਚ ਧਾਰਾ 35ਏ ਖਤਮ ਕਰਨ ਸਬੰਧੀ ਪਾਈ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਪਿਛਲੇ ਮਹੀਨੇ ਕੇਂਦਰ ਸਰਕਾਰ ਨੂੰ ਇਸ ਬਾਰੇ ਤਿੰਨ ਹਫਤਿਆਂ ਦੇ ਅੰਦਰ ਜਵਾਬ ਦਾਖਲ ਕਰਨ ਲਈ ਕਿਹਾ ਸੀ।

## ਕਤਲੇਆਮ 84: ਨਵੀਂ ਜਾਂਚ ਟੀਮ ਤੋਂ ਮੁਕੀਆਂ ਉਮੀਦਾਂ

*(ਸਫਾ ਇਕ ਦੀ ਬਾਕੀ)*

ਗਿਆ ਸੀ ਅਤੇ ਇਕ ਪੁਲਿਸ ਵਾਲੇ ਨੇ ਆਪਣਾ ਰਿਵਾਲਵਰ ਕੱਢ ਕੇ ਹਵਾ 'ਚ ਗੋਲੀਆਂ ਦਾਗੀਆਂ ਅਤੇ ਭੀੜ ਨੂੰ ਖਿੰਡਾ ਦਿੱਤਾ। ਜਖ਼ਮੀ ਹੋਏ ਅਜੈਬ ਸਿੰਘ ਨੂੰ ਜਦੋਂ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਸੀ। ਪਟੇਲ ਨਗਰ ਪੁਲਿਸ ਸਟੇਸ਼ਨ 'ਚ ਇਸ ਸਬੰਧੀ ਕੇਸ ਦਰਜ ਹੈ।

# ਮੋਦੀ ਵੱਲੋਂ ਦੇਸ਼ ਭਗਤੀ ਦੀ ਜਬਰੀ ਖੁਰਾਕ

*(ਸਫਾ ਇਕ ਦੀ ਬਾਕੀ)*

ਮਾਤਰਮ' ਗਾਉਣਾ ਲਾਜ਼ਮੀ ਕੀਤਾ ਜਾਵੇ। ਚੇਤੇ ਰਹੇ ਕਿ ਮਹਾਰਾਸ਼ਟਰ ਸਰਕਾਰ 'ਚ ਭਾਈਵਾਲ ਸ਼ਿਵ ਸੈਨਾ ਦੀ ਅਗਵਾਈ ਵਾਲੀ ਮੁੰਬਈ ਦੀ ਮਿਉਂਸਪਲ ਕਾਰਪੋਰੇਸ਼ਨ ਨੇ ਨਿਗਮ ਅਧੀਨ ਚਲਦੇ ਸਕੂਲਾਂ ਵਿਚ 'ਵੰਦੇ ਮਾਤਰਮ' ਗਾਉਣਾ ਲਾਜ਼ਮੀ ਕੀਤਾ ਹੋਇਆ ਹੈ।

ਅਸਲ ਵਿਚ, ਨਰੇਂਦਰ ਮੋਦੀ ਸਰਕਾਰ ਦੀਆਂ ਇਹ ਫਿਰਕੂ ਰਣਨੀਤੀਆਂ ਘੱਟ ਗਿਣਤੀਆਂ, ਖਾਸ ਕਰ ਕੇ ਮੁਸਲਿਮ ਭਾਈਚਾਰੇ ਲਈ ਵੱਡੀ ਚੁਣੌਤੀ ਬਣੀਆਂ ਹੋਈਆਂ ਹਨ। ਅੱਜ ਤੋਂ ਤਿੰਨ ਸਾਲ ਪਹਿਲਾਂ ਜਦੋਂ ਮੋਦੀ ਸਰਕਾਰ ਹੋਂਦ ਵਿਚ ਆਈ ਸੀ ਤਾਂ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ ਇਹ ਆਪਣੇ ਫਿਰਕੂ ਏਜੰਡੇ ਲਾਗੂ ਕਰਨ ਲਈ ਇਸ ਹੱਦ ਤੱਕ ਵੀ ਪਹੁੰਚ ਕਰ ਸਕਦੀ ਹੈ। ਇਹ ਸਭ ਮੋਦੀ ਦੀ ਰਣਨੀਤੀ ਹੈ, ਜਿਸ ਦਾ 'ਫਲ' ਇਸ ਭਗਵਾ ਧਿਰ ਨੂੰ ਮਿਲਿਆ ਹੈ। ਭਾਜਪਾ ਸਰਕਾਰ ਨੇ ਸੱਤਾ ਵਿਚ ਆਉਂਦਿਆਂ ਹੀ 'ਘਰ ਵਾਪਸੀ' ਦੇ ਨਾਂ 'ਤੇ ਘੱਟ ਗਿਣਤੀਆਂ ਨੂੰ ਜਬਰੀ ਹਿੰਦੂ ਬਣਾ ਕੇ ਆਪਣਾ ਏਜੰਡਾ ਸਾਫ ਕਰ ਦਿੱਤਾ ਸੀ। ਉਸ ਤੋਂ ਬਾਅਦ ਗਊ ਰੱਖਿਆ ਦੇ ਨਾਂ 'ਤੇ ਜੋ ਬੁਰਛਾਗਰਦੀ ਹੋਈ ਜਾਂ ਹੋ ਰਹੀ ਹੈ, ਉਹ ਘੱਟ ਗਿਣਤੀਆਂ ਵਿਚ ਸਹਿਮ ਪੈਦਾ ਕਰਨ ਲਈ ਕਾਫੀ ਸੀ। ਮੋਦੀ ਸਰਕਾਰ ਇਨ੍ਹੀਂ ਦਿਨੀਂ ਜੰਮੂ ਕਸ਼ਮੀਰ ਵਿਚ ਧਾਰਾ 35-ਏ ਦੇ ਖਾਤਮੇ ਤੇ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਲਈ ਹਰ ਹਰਬਾ ਵਰਤ ਰਹੀ ਹੈ।

ਲੋਕ ਸਭਾ ਚੋਣਾਂ ਵਿਚ ਇਹ ਭਾਜਪਾ ਦੇ ਚੋਣ ਏਜੰਡੇ ਸਨ। ਮੋਦੀ ਨੇ ਭਾਵੇਂ 71ਵੇਂ ਆਜ਼ਾਦੀ ਦਿਹਾੜੇ 'ਤੇ ਲਾਲ ਕਿਲ੍ਹੇ ਤੋਂ ਬਗੈਰ ਗਾਲ ਤੇ ਗੋਲੀ ਤੋਂ ਕਸ਼ਮੀਰੀਆਂ ਨੂੰ ਗਲ ਲਾ ਕੇ ਹਰ ਸਮੱਸਿਆ ਦੇ ਹੱਲ ਦਾ ਦਾਅਵਾ ਕੀਤਾ, ਪਰ ਸਰਕਾਰ ਦੀਆਂ ਰਣਨੀਤੀਆਂ ਇਸ ਦਾਅਵੇ ਨਾਲ ਮੇਲ ਨਹੀਂ ਖਾਂਦੀਆਂ। ਇਹ ਦਾਅਵਾ ਉਸ ਵੇਲੇ ਕੀਤਾ ਗਿਆ ਜਦੋਂ ਵੱਖਵਾਦੀ ਧਿਰਾਂ ਦੇ ਆਗੂ ਅਤਿਵਾਦੀਆਂ ਨੂੰ ਫੰਡ ਦੇਣ ਦੇ ਨਾਂ 'ਤੇ ਜੇਲ੍ਹਾਂ ਵਿਚ ਬੰਦ ਹਨ, ਜਿਨ੍ਹਾਂ ਨੂੰ ਆਪਣੀ ਦੇਸ਼ ਭਗਤੀ ਸਾਬਤ ਕਰਨ ਲਈ ਆਖਿਆ ਜਾ ਰਿਹਾ ਹੈ। ਇਥੋਂ ਤੱਕ ਕਿ ਦਿੱਲੀ ਦੀ ਇਕ ਅਦਾਲਤ ਵਿਚ ਸਰਕਾਰੀ ਵਕੀਲ ਨੇ ਕਸ਼ਮੀਰੀ ਵੱਖਵਾਦੀ ਆਗੂ ਸ਼ਬੀਰ ਸ਼ਾਹ ਨੂੰ 'ਭਾਰਤ ਮਾਤਾ ਦੀ ਜੈ' ਬੋਲਣ ਲਈ ਕਹਿ ਦਿੱਤਾ। ਮੋਦੀ ਸਰਕਾਰ ਭਾਵੇਂ ਦਾਅਵਾ ਕਰ ਰਹੀ ਹੈ ਕਿ ਉਸ ਦੇ ਸੱਤਾ ਵਿਚ ਆਉਣ ਪਿੱਛੋਂ ਵਾਦੀ ਵਿਚ ਤਣਾਅ ਘਟਿਆ ਹੈ, ਪਰ ਸੱਚਾਈ ਕੁਝ ਹੋਰ ਹੈ।

ਪਿਛਲੇ ਸੱਤ ਮਹੀਨਿਆਂ ਦੌਰਾਨ 70 ਨੌਜਵਾਨਾਂ ਨੇ ਹਥਿਆਰ ਚੁੱਕੇ। ਇਹ ਨਵੀਂ ਭਰਤੀ ਦੱਖਣੀ ਕਸ਼ਮੀਰ ਦੇ ਤਿੰਨ ਜ਼ਿਲ੍ਹਿਆਂ ਪੁਲਵਾਮਾ, ਸ਼ੋਪੀਆਂ ਅਤੇ ਕੁਲਗਾਮ 'ਚੋਂ ਹੋਈ ਹੈ ਜੋ ਤਕਨੀਕ ਪੱਖੀ ਦਹਿਸ਼ਤਗਰਦਾਂ ਦੇ ਗੜ੍ਹ ਬਣ ਗਏ ਹਨ। ਖੁਫੀਆ ਏਜੰਸੀਆਂ ਨੇ ਖੁਲਾਸਾ ਕੀਤਾ ਹੈ ਕਿ 2016 ਵਿਚ 88 ਕਸ਼ਮੀਰੀ ਨੌਜਵਾਨਾਂ ਨੇ ਹਥਿਆਰ ਚੁੱਕੇ ਤੇ 2014 ਤੋਂ ਅਜਿਹੇ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। 2014 ਵਿਚ ਹੀ ਮੋਦੀ ਸਰਕਾਰ ਸੱਤਾ ਵਿਚ ਆਈ ਸੀ। ਅਸਲ ਗੱਲ ਤਾਂ ਇਹ ਹੈ ਕਿ ਲੋਕਾਂ ਨੂੰ 'ਅੱਛੇ ਦਿਨਾਂ' ਦੇ ਲਾਰੇ ਲਾ ਕੇ ਸੱਤਾ ਹਥਿਆਉਣ ਵਾਲੀ ਮੋਦੀ ਸਰਕਾਰ ਲੋਕ ਮੁੱਦਿਆਂ ਦੀ ਥਾਂ ਉਨ੍ਹਾਂ ਦਾ ਢਿੱਡ ਦੇਸ਼ ਭਗਤੀ ਨਾਲ ਭਰਨ ਵਿਚ ਲੱਗੀ ਹੋਈ ਹੈ। ਇਸ ਵੇਲੇ ਭਾਰਤ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।

ਇਸ ਸਰਵੇਖਣ ਮੁਤਾਬਕ ਸਾਡਾ ਮੁਲਕ ਦੱਖਣ ਏਸ਼ਿਆਈ ਖਿੱਤੇ ਵਿਚ ਸਰਕਾਰੀ ਇਮਾਨਦਾਰੀ ਤੇ ਪਾਰਦਰਸ਼ਤਾ ਪੱਖੋਂ ਬੰਗਲਾਦੇਸ਼ ਤੋਂ ਵੀ ਪਿੱਛੇ ਹੈ। ਸਾਡੇ ਮੁਲਕ ਕੋਲ ਅਨਾਜ ਦੇ ਇੰਨੇ ਭੰਡਾਰ ਪਏ ਹਨ ਕਿ ਪੂਰਾ ਇਕ ਸਾਲ ਖੇਤਾਂ ਵਿਚ ਕੁਝ ਵੀ ਨਾ ਉਗਾਏ ਬਿਨਾਂ ਆਪਣੇ ਗੁਜ਼ਾਰਾ ਚਲਾ ਸਕਦਾ ਹੈ, ਪਰ ਇਸ ਦੇ ਬਾਵਜੂਦ ਕੁਲ ਕੌਮੀ ਵਸੋਂ ਦਾ 12.3 ਫੀਸਦੀ ਹਿੱਸਾ ਅਜਿਹਾ ਹੈ ਜਿਸ ਨੂੰ ਹਰ ਰੋਜ਼ ਦੋ ਡੰਗ ਦੀ ਰੋਟੀ ਨਸੀਬ ਨਹੀਂ ਹੁੰਦੀ। ਬੁਨਿਆਦੀ ਸਿਹਤ ਸੰਭਾਲ, ਜਣੇਪਾ ਮੌਤ ਦਰ ਅਤੇ ਬਾਲ ਮੌਤ ਦਰ ਆਦਿ ਪੱਖੋਂ ਵੀ ਭਾਰਤ ਦੱਖਣੀ ਏਸ਼ੀਆ ਵਿਚ ਸਿਰਫ ਪਾਕਿਸਤਾਨ ਤੋਂ ਅੱਗੇ ਹੈ, ਬਾਕੀ ਸਾਰੇ ਸਾਰਕ ਦੇਸ਼ਾਂ ਤੋਂ ਪਿੱਛੇ। ਅੰਨ ਭੰਡਾਰਾਂ ਦੀ ਭਰਪੂਰਤਾ ਦੇ ਬਾਵਜੂਦ ਅੰਨਦਾਤਿਆਂ ਦੀਆਂ ਖੁਦਕੁਸ਼ੀਆਂ ਦਾ ਜੋ ਰੁਝਾਨ ਹੈ, ਉਹ ਹੋਰ ਕਿਤੇ ਵੀ ਨਹੀਂ। ਅਜਿਹੇ ਨਾਂਹ-ਮੁਖੀ ਪੈਮਾਨਿਆਂ ਦੀ ਫਹਿਰਿਸਤ ਬੜੀ ਲੰਮੀ ਹੈ। ਇਹ ਦਰਸਾਉਂਦੀ ਹੈ ਕਿ ਪਿਛਲੇ 70 ਸਾਲਾਂ ਦੌਰਾਨ ਵਿਕਾਸ ਦੀਆਂ ਤਰਜੀਹਾਂ ਕਿੰਨੀਆਂ ਅਸਾਵੀਆਂ ਰਹੀਆਂ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਆਮਦਨ-ਖਰਚ ਪਾੜਾ ਕੈਪਟਨ ਸਰਕਾਰ ਲਈ ਵੰਗਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਚਲੰਤ ਮਾਲੀ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਨੇ ਆਮਦਨ ਅਤੇ ਖਰਚ ਸਬੰਧੀ ਅੰਕੜਿਆਂ ਦੇ ਆਧਾਰ ਉਤੇ ਭਵਿੱਖ ਦੀ ਡਰਾਉਣੀ ਤਸਵੀਰ ਦਿਖਾਈ ਹੈ। ਅਪਰੈਲ ਤੋਂ ਜੂਨ ਮਹੀਨੇ ਤੱਕ ਦਾ ਲੇਖਾ-ਜੋਖਾ ਕਰਦਿਆਂ ਸਰਕਾਰ ਦੇ ਸਾਹਮਣੇ ਸਭ ਤੋਂ ਵੱਡਾ ਚਿੰਤਾਜਨਕ ਤੱਥ ਕਰਜ਼ੇ ਦੀ ਅਦਾਇਗੀ ਦਾ ਸਾਹਮਣੇ ਆਇਆ ਹੈ। ਸਰਕਾਰ ਦਾ ਪੂੰਜੀ ਨਿਵੇਸ਼ ਵੀ ਘੱਟ ਗਿਆ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਪੰਜਾਬ ਸਰਕਾਰ ਸਿਰ ਕਰਜ਼ੇ ਦੀ ਪੰਡ ਦੋ ਲੱਖ ਕਰੋੜ ਨੇੜੇ ਜਾ ਢੁੱਕੀ ਹੈ ਤੇ ਕਰਜ਼ੇ ਦੀ ਪੰਡ ਦਾ ਜ਼ਿਆਦਾ ਭਾਰ ਅਕਾਲੀ-ਭਾਜਪਾ ਸਰਕਾਰ ਵੇਲੇ ਹੀ ਵਧਿਆ ਹੈ।

ਸੂਤਰਾਂ ਮੁਤਾਬਕ ਸਾਲ 2016-2017 ਦੌਰਾਨ ਸਰਕਾਰ ਵੱਲੋਂ ਪਹਿਲੇ ਤਿਨ ਮਹੀਨੇ ਕਰਜ਼ੇ ਦੇ ਵਿਆਜ ਵਜੋਂ 1881 ਕਰੋੜ ਰੁਪਏ ਅਦਾ ਕੀਤੇ ਗਏ ਤੇ ਸਾਲ 2017-2018 ਦੌਰਾਨ 2447 ਕਰੋੜ ਰੁਪਏ ਤਾਰਨੇ ਪਏ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕਰਜ਼ੇ ਦੇ ਵਿਆਜ ਜਾਂ ਕਿਸ਼ਤ ਦਾ ਇਹ ਭਾਰ ਖੁਰਾਕ ਤੇ ਸਪਲਾਈ ਵਿਭਾਗ ਦੀਆਂ ਵਿੱਤੀ ਬੇਨੇਮੀਆਂ ਦਾ 31 ਹਜ਼ਾਰ ਕਰੋੜ ਦਾ ਬੋਝ ਸਰਕਾਰ ਵੱਲੋਂ ਚੁੱਕੇ ਜਾਣ ਕਾਰਨ ਵਧਿਆ ਹੈ। ਉਧਰ, ਕੈਪਟਨ ਸਰਕਾਰ ਵੱਲੋਂ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਬੈਂਕਾਂ ਤੋਂ ਤਕਰੀਬਨ 10 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕਣ ਦਾ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਜੇ ਹੋਰ ਕਰਜ਼ਾ ਲਿਆ ਜਾਂਦਾ ਹੈ ਤਾਂ ਸਰਕਾਰ ਨੂੰ ਰੋਜ਼ਾਨਾ ਦੇ ਖਰਚੇ ਚਲਾਉਣੇ ਅਤੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣੀਆਂ ਵੀ ਔਖੀਆਂ ਹੋ ਜਾਣਗੀਆਂ।

ਸਰਕਾਰ ਨੂੰ ਵੱਡੀ ਸੱਟ ਜ਼ਮੀਨਾਂ ਦੀ ਵਿਕਰੀ ਸਬੰਧੀ ਸਟੈਂਪ ਡਿਊਟੀ ਦੇ ਘਾਟੇ ਤੋਂ ਵੀ ਵੱਜੀ ਹੈ। ਇਨ੍ਹਾਂ ਤਿੰਨ ਮਹੀਨਿਆਂ ਦੌਰਾਨ ਸਟੈਂਪ ਡਿਊਟੀ ਪਿਛਲੇ ਮਾਲੀ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਦੇ ਮੁਕਾਬਲਤਨ 5.73 ਫੀਸਦੀ ਘਟ ਗਈ ਹੈ। ਪੂੰਜੀ ਨਿਵੇਸ਼ ਵਿਚ ਕੈਪਟਨ ਸਰਕਾਰ ਪਛੜਦੀ ਦਿਸ ਰਹੀ ਹੈ। ਇਹ ਗਿਰਾਵਟ 58.38 ਫੀਸਦੀ ਦਰਜ ਕੀਤੀ ਗਈ ਹੈ। ਸਰਕਾਰ ਦੀ ਆਮਦਨ ਤਨਖਾਹਾਂ ਦਾ ਭੁਗਤਾਨ, ਕਰਜ਼ੇ ਦੀ ਅਦਾਇਗੀ ਅਤੇ ਹੋਰਨਾਂ ਖਰਚਿਆਂ ਜੋਗੀ ਹੀ ਰਹਿ ਗਈ ਹੈ।

ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਵਿੱਤੀ ਮਾਹਰਾਂ ਦਾ ਮੰਨਣਾ ਹੈ ਕਿ ਸੂਬੇ ਦੇ ਵਿੱਤੀ ਹਾਲਾਤ ਹੋਰ ਮਾੜੇ ਹੋ ਸਕਦੇ ਹਨ ਤੇ ਕਰਜ਼ੇ ਦੀ ਪੰਡ ਵੀ ਹੋਰ ਭਾਰੀ ਹੋਵੇਗੀ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਜੂਨ ਮਹੀਨੇ ਪੇਸ਼ ਕੀਤੇ ਬਜਟ ਵਿਚ ਚੋਣ ਵਾਅਦੇ ਨਿਭਾਉਂਦਿਆਂ ਕਈ ਐਲਾਨ ਤਾਂ ਕੀਤੇ ਪਰ ਵਿੱਤੀ ਮੁਸ਼ਕਲਾਂ ਕਰ ਕੇ ਐਲਾਨਾਂ ਨੂੰ ਅਮਲੀ ਰੂਪ ਨਹੀਂ ਦਿੱਤਾ ਜਾ ਸਕਿਆ। ਗੰਭੀਰ ਵਿੱਤੀ ਸੰਕਟ ਕਾਰਨ ਸਰਕਾਰ ਨੂੰ ਓਵਰ ਡਰਾਫਟ ਵਰਗੀ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਰਿਜ਼ਰਵ ਬੈਂਕ ਨੇ 30 ਮਾਰਚ ਨੂੰ ਰਾਜ ਸਰਕਾਰ ਦੇ ਸਾਰੇ ਖਾਤੇ ਸੀਲ ਕਰ ਦਿੱਤੇ ਸਨ। ਰਾਜ ਸਰਕਾਰ ਦੇ ਖਰਚ ਤੇ ਆਮਦਨ ਵਿਚ ਵੱਡਾ ਪਾੜਾ ਹੈ। ਕਰਾਂ ਵਿਚ ਤਾਂ 13.54 ਫੀਸਦੀ ਦਾ ਵਾਧਾ ਹੋ ਗਿਆ ਪਰ ਖਰਚ ਵੀ ਛੜੱਪੇ ਮਾਰਦਾ ਵੱਧ ਰਿਹਾ ਹੈ। ਮਾਲੀ ਖਰਚ 15.55 ਫੀਸਦੀ ਦਿਖਾਇਆ ਗਿਆ ਹੈ।

## ਬਾਦਲ ਦੇ ਵਿਦੇਸ਼ੀ ਇਲਾਜ ਦੇ ਬਿੱਲ ਵੀ ਕੈਪਟਨ ਦੇ ਪੇਟੇ



**ਬਠਿੰਡਾ:** ਕੈਪਟਨ ਹਕੂਮਤ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਦੇਸ਼ੀ ਇਲਾਜ ਦੇ ਤਕਰੀਬਨ 18 ਲੱਖ ਦੇ ਬਿੱਲਾਂ ਦਾ ਝਟਕਾ ਲੱਗਿਆ ਹੈ। ਕੈਪਟਨ ਸਰਕਾਰ ਨੇ ਹੁਣ ਮੁੱਖ ਮੰਤਰੀ ਅਤੇ ਵਜ਼ੀਰਾਂ ਦੇ ਮੈਡੀਕਲ ਬਿੱਲ ਪੱਲਿਓਂ ਨਾ ਦੇਣ ਦਾ ਫੈਸਲਾ ਕੀਤਾ ਹੈ, ਜਿਸ ਵਾਸਤੇ ਬੀਮਾ ਕੰਪਨੀ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਅਮਰੀਕਾ ਵਿਚ ਦਿਲ ਦੇ ਇਲਾਜ ਦੇ ਕਰੀਬ 88 ਲੱਖ ਦੇ ਬਿੱਲ ਜਮ੍ਹਾਂ ਕਰਾਏ ਸਨ, ਜਿਨ੍ਹਾਂ ਦੀ ਅਦਾਇਗੀ ਹੱਥੋ-ਹੱਥ ਹੋ ਗਈ ਸੀ। ਹੁਣ ਆਮ ਰਾਜ ਪ੍ਰਬੰਧ ਵਿਭਾਗ ਕੋਲ ਇਕ ਹਫਤਾ ਪਹਿਲਾਂ ਬਾਦਲ ਦੇ ਵਿਦੇਸ਼ੀ ਇਲਾਜ ਦੇ ਕਰੀਬ 30 ਹਜ਼ਾਰ ਡਾਲਰ ਦੇ ਨਵੇਂ ਬਿੱਲ ਭੇਜੇ ਗਏ ਹਨ।

## ਕੇਂਦਰ ਸਰਕਾਰ ਵੱਲੋਂ ਕੁਝ ਰਾਹਤ ਦੇ ਆਸਾਰ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੀਟਿੰਗ ਤੋਂ ਸੂਬਾ ਸਰਕਾਰ ਨੂੰ 'ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ' ਵਿਚ ਸੋਧ ਬਾਰੇ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਹੁਣ ਪੰਜਾਬ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਲਈ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਕੇਂਦਰ ਨੇ ਪੰਜਾਬ ਸਰਕਾਰ ਨੂੰ ਸੰਕੇਤ ਦਿੱਤਾ ਹੈ ਕਿ ਉਹ ਕਿਸਾਨਾਂ ਦੀ ਕਰਜ਼ਾ ਮੁਆਫੀ ਬਾਰੇ ਕੇਸ ਤਿਆਰ ਕਰ ਕੇ ਭੇਜਣ ਤੇ ਉਸ ਵੱਲੋਂ ਅਧਿਐਨ ਕਰ ਕੇ ਫੈਸਲਾ ਲਿਆ ਜਾਵੇਗਾ। ਪੰਜਾਬ ਸਰਕਾਰ ਵੱਲੋਂ ਅਗਲੇ ਕੁਝ ਦਿਨਾਂ 'ਚ ਕੇਸ ਤਿਆਰ ਕਰਕੇ ਕੇਂਦਰ ਨੂੰ ਭੇਜਿਆ ਜਾਵੇਗਾ। ਪੰਜਾਬ ਸਰਕਾਰ ਦਾ ਤਰਕ ਹੈ ਕਿ ਸੂਬੇ ਦੇ ਕਿਸਾਨ ਸੰਕਟ ਦਾ ਸ਼ਿਕਾਰ ਹਨ ਅਤੇ ਖੁਦਕੁਸ਼ੀਆਂ ਕਰ ਰਹੇ ਹਨ। ਇਸ ਵਰਤਾਰੇ ਨੂੰ ਰੋਕਣ ਲਈ ਕਿਸਾਨਾਂ ਦੀ ਵਿੱਤੀ ਮਦਦ ਦੀ ਲੋੜ ਹੈ।

## ਸ਼੍ਰੋਮਣੀ ਕਮੇਟੀ ਦੇ ਜਾਇਦਾਦ ਸੌਦਿਆਂ 'ਚ ਗੜਬੜ

**ਸ੍ਰੀ ਆਨੰਦਪੁਰ ਸਾਹਿਬ:** ਸ੍ਰੀ ਆਨੰਦਪੁਰ ਸਾਹਿਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਉਚ ਤਾਕਤੀ ਕਮੇਟੀ ਵੱਲੋਂ ਖਰੀਦੀਆਂ ਗਈਆਂ 13 ਕਰੋੜ 14 ਲੱਖ ਰੁਪਏ ਦੀਆਂ ਜਾਇਦਾਦਾਂ ਸੁਆਲਾਂ ਦੇ ਘੇਰੇ ਵਿਚ ਆ ਗਈਆਂ ਹਨ ਅਤੇ ਸਥਾਨਕ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕੀਮਤ ਤੈਅ ਕੀਤੇ ਬਿਨਾਂ ਲੱਗੀ ਫੱਬੀ ਦੇ ਨਾਲ ਹੋਏ ਇਸ ਸਮੁੱਚੇ ਸੌਦੇ ਦੀ ਮੁਕੰਮਲ ਜਾਂਚ ਦੀ ਮੰਗ ਕੀਤੀ ਹੈ।

ਖਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਆਨੰਦਪੁਰ ਸਾਹਿਬ ਵਿਚ ਮਨਾਏ ਜਾ ਰਹੇ 350 ਸਾਲਾਂ ਜਸ਼ਨਾਂ ਦੇ ਮੱਦੇਨਜ਼ਰ ਅਤੇ ਇਥੇ ਆਉਣ ਵਾਲੀ ਸੰਗਤ ਦੀ ਆਮਦ ਵਿਚ ਲਗਾਤਾਰ ਹੋਣ ਵਾਲੇ ਵਾਧੇ ਨੂੰ ਵੇਖਦੇ ਹੋਏ ਜ਼ਮੀਨ-ਜਾਇਦਾਦ ਖਰੀਦਣ ਦਾ ਫੈਸਲਾ ਲਿਆ ਸੀ, ਜਿਸ ਤਹਿਤ ਤਤਕਾਲੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਦੀ ਅਗਵਾਈ ਵਿਚ ਇਕ ਪੰਜ ਮੈਂਬਰੀ ਉਚ ਤਾਕਤੀ ਕਮੇਟੀ ਤਿਆਰ ਕੀਤੀ।

ਇਸ ਦੌਰਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਚੜ੍ਹਾਈ ਤੇ ਅੱਧ ਵਿਚਕਾਰ ਪੈਂਦੀ 19 ਮਰਲੇ ਦੀ ਕੋਠੀ ਦੋ ਕਰੋੜ, 70 ਲੱਖ, ਵੀ.ਆਈ.ਪੀ. ਰੋਡ ਦੇ ਨਾਲ ਲੱਗਦੇ ਅਟਾਰੀ ਵਾਲਾ ਮਹੱਲ ਵਿਚ 7 ਮਰਲੇ ਜ਼ਮੀਨ 21 ਲੱਖ, 49 ਹਜ਼ਾਰ ਰੁਪਏ ਵਿਚ, 18.75 ਮਰਲੇ ਇਕ ਕਰੋੜ, 35 ਲੱਖ ਰੁਪਏ ਵਿਚ, ਦਸਮੇਸ਼ ਨਗਰ ਵਿਚ 12 ਮਰਲੇ 74 ਲੱਖ, 64 ਹਜ਼ਾਰ ਰੁਪਏ ਵਿਚ, ਗੁਰਦੁਆਰਾ ਭੋਰਾ ਸਾਹਿਬ ਨੇੜੇ 12 ਮਰਲੇ 70 ਲੱਖ ਰੁਪਏ ਵਿਚ, ਵੀ.ਆਈ.ਪੀ. ਰੋਡ ਉਤੇ 10.50 ਮਰਲੇ 26.25 ਲੱਖ ਰੁਪਏ ਵਿਚ, 9 ਮਰਲੇ 23.75 ਲੱਖ ਰੁਪਏ ਵਿਚ, 12.50 ਮਰਲੇ 92.50 ਲੱਖ ਰੁਪਏ ਵਿਚ, 3.75 ਮਰਲੇ 27.50 ਲੱਖ ਰੁਪਏ ਵਿਚ ਅਤੇ 8 ਮਰਲੇ 29 ਲੱਖ, 25 ਹਜ਼ਾਰ ਰੁਪਏ ਵਿਚ ਖਰੀਦੇ ਗਏ। ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਜਿਥੋਂ ਤੱਕ ਜ਼ਮੀਨ ਦੀਆਂ ਕੀਮਤਾਂ ਦਾ ਸੁਆਲ ਹੁੰਦਾ ਹੈ ਤਾਂ ਉਹ ਸਬੰਧਤ ਇਲਾਕੇ ਦੇ ਅਧਿਕਾਰੀਆਂ ਨੇ ਦੱਸਣਾ ਹੁੰਦਾ ਹੈ, ਜਿਨ੍ਹਾਂ ਵਿਚ ਮੈਨੇਜਰ, ਪਟਵਾਰੀ ਜਾਂ ਹੋਰ ਅਧਿਕਾਰੀ ਸ਼ਾਮਲ ਹਨ।

## ਮਹਿੰਦਰਜੀਤ ਸਿੰਘ ਸੈਣੀ ਨੂੰ ਸਦਮਾ, ਪਿਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਦੇ ਸਾਬਕਾ ਪ੍ਰਧਾਨ ਮਹਿੰਦਰਜੀਤ ਸਿੰਘ ਸੈਣੀ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਸ. ਗੁਰਮੀਤ ਸਿੰਘ ਸੈਣੀ ਲੰਘੀ 7 ਅਗਸਤ ਨੂੰ ਟੋਰਾਂਟੋ, ਕੈਨੇਡਾ ਵਿਚ ਸਵਰਗ ਸਿਧਾਰ ਗਏ। ਉਹ 81 ਵਰ੍ਹਿਆਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ।

ਸਵਰਗੀ ਗੁਰਮੀਤ ਸਿੰਘ ਆਪਣੇ ਪਿਛੇ ਦੋ ਭੈਣਾਂ ਤੇ ਦੋ ਭਰਾਵਾਂ, ਦੋ ਪੁੱਤਰਾਂ-ਮਹਿੰਦਰਜੀਤ ਸਿੰਘ ਸੈਣੀ ਤੇ ਕਰਮਜੀਤ ਸਿੰਘ ਸੈਣੀ ਅਤੇ ਨੂੰਹਾਂ-ਨਿਰਮਲ ਕੌਰ ਤੇ ਹਰਵਿੰਦਰ ਕੌਰ ਤੋਂ ਇਲਾਵਾ ਪੋਤਰਿਆਂ-ਪੋਤਰੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੀ ਧਰਮ ਪਤਨੀ ਬੀਬੀ ਸੁਰਿੰਦਰ ਕੌਰ ਕੁਝ ਅਰਸਾ ਪਹਿਲਾਂ ਚਲਾਣਾ ਕਰ ਗਏ ਸਨ। ਉਨ੍ਹਾਂ ਦੀਆਂ ਅੰਤਿਮ ਰਸਮਾਂ ਟੋਰਾਂਟੋ ਵਿਚ ਸੰਪਨ ਹੋ ਚੁਕੀਆਂ ਹਨ। ਸ. ਮਹਿੰਦਰਜੀਤ ਸਿੰਘ ਨਾਲ ਸੰਪਰਕ ਫੋਨ: 847- 705-0434 ਰਾਹੀਂ ਕੀਤਾ ਜਾ ਸਕਦਾ ਹੈ। ਇਸੇ ਦੌਰਾਨ ਪੀ.ਸੀ.ਐਸ. ਨੇ ਸ. ਗੁਰਮੀਤ ਸਿੰਘ ਸੈਣੀ ਦੇ ਚਲਾਣੇ ਉਤੇ ਦੁੱਖ ਪ੍ਰਗਟਾਉਂਦਿਆਂ ਸੈਣੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ।


## Matrimonial

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 31 ਸਾਲ, ਕੱਦ 5'8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ: 319-670-8892 33

Ramgariah family looking for a suitable Ramgariah match for their U. S. born son, Sr. Financial Analyst 33 years of age. Please contact: jsnov1973@aol.com 28/4

Wanted beautiful girl for US Citizen Jatt Sikh handsome boy 32, 5'-6", B.Sc. electrical, software engineer. Family settled in the USA. Girl should be not more 30 and should be employed. Contact, Ph: 313-327-4107 or 586-435-6228 29-32

### ਵਰ ਦੀ ਲੋੜ ਹੈ

33 ਸਾਲਾ ਤਲਾਕਸ਼ੁਦਾ ਲੜਕੀ ਐਮ. ਐਸਸੀ ਬਾਇਓਟੈਕ, ਯੂਨੀਵਰਸਿਟੀ ਟਾਪਰ ਡਿਪਲੋਮਾ ਇਨ ਫਾਰਮੇਸੀ ਬੀ.ਏ.ਐਮ.ਐਸ. ਡਾਕਟਰ, ਗੋਦੀ ਛੇ ਸਾਲ ਦਾ ਬੇਟਾ, ਪੇਂਡੂ ਤੇ ਸ਼ਹਿਰੀ ਜਾਇਦਾਦ ਵਾਸਤੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 408-915-1268 ਜਾਂ ਈਮੇਲ: tsdupalpuri@yahoo.com 33-36

**Punjab Times**
**Ph: 847-359-0746**

## ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁੱਕ, ਤੰਦੂਰੀਏ, ਹੈਲਪਰ, ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਤੇ ਮੁਫਤ ਰਿਹਾਇਸ਼।

ਸੰਪਰਕ ਕਰੋ

**ਫੋਨ: 515-291-1961** 32-33

## ਤੰਦੂਰੀਏ ਅਤੇ ਕੁੱਕ ਦੀ ਲੋੜ ਹੈ

ਕੈਂਬਰਿਜ ਸਿਟੀ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ, ਕੁੱਕ ਅਤੇ ਹੈਲਪਰ ਦੀ ਲੋੜ ਹੈ। ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ:

**ਫੋਨ: 317-750-1900** 33-36

## ਰੈਸਟੋਰੈਂਟ ਸਟਾਫ ਦੀ ਲੋੜ ਹੈ

ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ

**ਫੋਨ: 850-510-3046** 33-34

## Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT


10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਪ੍ਰਚਾਰ ਕਿ ਵਿਹਾਰ ਜ਼ਿਆਦਾ ਅਸਰਦਾਰ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਅਖਬਾਰਾਂ ਜਾਂ ਸੋਸ਼ਲ ਮੀਡੀਏ ਵਿਚ ਸ਼ਿਕਾਇਤੀ ਲਹਿਜੇ ਵਾਲੀਆਂ ਐਸੀਆਂ ਖਬਰਾਂ ਪੜ੍ਹਨ-ਸੁਣਨ ਨੂੰ ਅਕਸਰ ਮਿਲਦੀਆਂ ਰਹਿੰਦੀਆਂ ਹਨ ਜੋ ਇਤਿਹਾਸਕ ਗੁਰਧਾਮਾਂ ਜਾਂ ਦੂਸਰੇ ਗੁਰਦੁਆਰਿਆਂ ਵਿਚ ਜਾਂਦੇ ਦਰਸ਼ਨ ਅਭਿਲਾਸ਼ੀ ਸ਼ਰਧਾਲੂਆਂ ਵੱਲੋਂ ਲਿਖੀਆਂ ਹੁੰਦੀਆਂ ਹਨ। ਇਨ੍ਹਾਂ ਵਿਚ ਉਨ੍ਹਾਂ ਨੇ ਧਾਰਮਿਕ ਸਥਾਨਾਂ ਦੇ ਸੇਵਾਦਾਰਾਂ ਵੱਲੋਂ ਯਾਤਰੂਆਂ ਨਾਲ ਕੀਤੇ ਗਏ ਦੁਰਵਿਹਾਰ ਦੇ ਕੌੜੇ-ਕਸੈਲੇ ਕਿੱਸੇ ਲਿਖੇ ਹੁੰਦੇ ਹਨ। ਕਿਸੇ ਨਾਲ ਕਿਤੇ ਬਾਹਲੀ ਹੀ ਧੱਕੇਸ਼ਾਹੀ ਹੋ ਗਈ ਹੋਵੇ ਤਾਂ ਉਹ ਅਜਿਹਾ ਵੀ ਲਿਖ ਦਿੰਦੇ ਹਨ ਕਿ ਫਲਾਣੇ ਧਰਮ ਸਥਾਨ ਤੋਂ ਸਾਡੀ ਸ਼ਰਧਾ ਹੀ ਖਤਮ ਹੋ ਗਈ ਹੈ।

ਜਿਵੇਂ ਅਖਾਣ ਹੈ, 'ਰੁਆਏ ਦਾ ਨਾਂ ਹੋ ਜਾਂਦਾ ਹੈ, ਹਸਾਏ ਦਾ ਨਹੀਂ', ਇਵੇਂ ਹੀ ਸ਼ਰਧਾਲੂ ਯਾਤਰੂਆਂ ਵੱਲੋਂ ਧਾਰਮਿਕ ਸਥਾਨਾਂ ਦੇ ਪ੍ਰਬੰਧਕਾਂ-ਮੁਲਾਜ਼ਮਾਂ ਪ੍ਰਤੀ ਸਿਫਤਾਂ ਵਾਲੇ ਵਾਕਿਆ ਬਹੁਤ ਟਾਂਵੇਂ, ਪਰ ਨੁਕਸ ਕੱਢੂ ਬਿਰਤਾਂਤ ਜ਼ਿਆਦਾ ਨਜ਼ਰ ਆਉਂਦੇ ਹਨ; ਖਾਸ ਕਰ ਕੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਗਏ ਯਾਤਰੂਆਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਦੇ ਕਥਿਤ ਰੁੱਖੇਪਣ ਬਾਰੇ ਤਾਂ ਸ਼ਿਕਵੇ-ਸ਼ਿਕਾਇਤਾਂ ਛਪਦੀਆਂ ਹੀ ਰਹਿੰਦੀਆਂ ਹਨ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਅਜਿਹੇ ਰੋਸੇ ਗਿਲੇ ਜ਼ਾਹਰ ਕਰਨ ਵਾਲੇ ਲੋਕ ਜ਼ਿਆਦਾਤਰ ਸਿੱਖ ਧਰਮ ਦੇ ਪੈਰੋਕਾਰ ਹੀ ਹੁੰਦੇ ਹਨ।

ਉਂਜ, ਮੈਂ ਇਥੇ ਕਿਸੇ ਸਿੱਖ ਦੀ ਨਹੀਂ, ਸਗੋਂ ਹਿੰਦੂ ਪਰਿਵਾਰ ਨਾਲ ਸਬੰਧਤ ਵੀਰ ਦੀ ਹੱਡ-ਬੀਤੀ ਦਰਜ ਕਰਨ ਲੱਗਾ ਹਾਂ ਜਿਸ ਨੂੰ ਅੱਧੀ ਰਾਤ ਵੇਲੇ ਮਜਬੂਰੀਵਸ ਗੁਰਦੁਆਰੇ ਰਾਤ ਕੱਟਣੀ ਪਈ; ਉਹ ਵੀ ਸੰਨ 1989 ਦੇ ਉਨ੍ਹਾਂ ਭੀਹਾਵਲੇ ਦਿਨਾਂ ਵਿਚ, ਜਦੋਂ ਪੰਜਾਬ ਵਿਚ ਖਾੜਕੂਵਾਦ ਕਾਰਨ ਫਿਰਕਾਦਾਰਾਨਾ ਕਸ਼ੀਦਗੀ ਸਿਖਰਾਂ 'ਤੇ ਸੀ। ਲਉ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਵੀਰ ਦੀ ਆਪਣੀ ਲਿਖਤ ਪੜ੍ਹੋ:

"ਗੱਲ 1989 ਦੀ ਹੈ। ਮੇਰੇ ਪਿਤਾ ਜੀ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਮੇਰੇ ਲਈ ਨੌਕਰੀ ਖਾਤਿਰ ਅਰਜ਼ੀ ਭਰ ਦਿੱਤੀ। ਦਸੰਬਰ 1989 ਵਿਚ ਮੈਂ ਇੰਟਰਵਿਊ 'ਤੇ ਜਾਣ ਲਈ ਤਿਆਰੀ ਕੱਸ ਲਈ। ਇਹ ਇੰਟਰਵਿਊ ਹਿਮਾਚਲ ਪ੍ਰਦੇਸ਼ ਦੇ ਸੁੰਦਰ ਨਗਰ ਵਿਚ 3 ਜਨਵਰੀ 1990 ਨੂੰ ਹੋਣੀ ਸੀ। ਮੈਨੂੰ ਰਸਤੇ ਦਾ ਪਤਾ ਨਾ ਹੋਣ ਕਰ ਕੇ ਆਪਣੇ ਪਿੰਡ ਦੇ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਵਿਚ ਲੱਗੇ ਕੰਡਕਟਰ ਰਾਮ ਕਿਸ਼ਨ ਤੋਂ ਪਤਾ ਕੀਤਾ। ਸੋ, ਪਹਿਲੀ ਜਨਵਰੀ ਨੂੰ ਮੈਂ ਆਪਣੇ ਪਿਤਾ ਨਾਲ ਹੁਸ਼ਿਆਰਪੁਰ ਤੋਂ ਕੁੱਲੂ ਜਾਣ ਵਾਲੀ ਬੱਸ, ਜਿਹੜੀ ਹੁਸ਼ਿਆਰਪੁਰੋਂ ਸਵੇਰੇ ਅੱਠ ਵੱਜ ਕੇ ਚਾਲੀ ਮਿੰਟ 'ਤੇ ਚੱਲਦੀ ਸੀ (ਸ਼ਾਇਦ ਹੁਣ ਵੀ ਚੱਲਦੀ ਹੈ), ਵਿਚ ਸਵਾਰ ਹੋ ਕੇ ਚੱਲ ਪਿਆ। ਉਸ ਸਮੇਂ ਇੱਕਾ-ਦੁੱਕਾ ਹੀ ਬੱਸ ਲੰਬੇ ਸਫਰ 'ਤੇ ਜਾਂਦੀ ਸੀ। ਰਸਤੇ ਵਿਚ ਬੱਸ ਖਰਾਬ ਹੋ ਜਾਣ ਕਾਰਨ ਹਿਮਾਚਲ-ਪੰਜਾਬ ਸੀਮਾ 'ਤੇ ਪੈਂਦੇ ਸਵਾਰਘਾਟ ਤੋਂ ਬਦਲਵੀਂ ਬੱਸ ਰਾਹੀਂ ਪਹੁੰਚਣਾ ਪਿਆ ਜਿਸ ਕਰ ਕੇ ਅਸੀਂ ਖੱਜਲ-ਖੁਆਰ ਹੁੰਦੇ ਰਾਤ ਦੇ ਗਿਆਰਾਂ ਵਜੇ ਸੁੰਦਰ ਨਗਰ ਪਹੁੰਚੇ। ਸੁੰਦਰ ਨਗਰ ਦੇ ਬੱਸ ਅੱਡੇ ਤੋਂ ਸੁੰਦਰ ਨਗਰ ਟਾਊਨਸ਼ਿਪ ਦਾ ਤਿੰਨ ਕਿਲੋਮੀਟਰ ਦਾ ਰਾਹ ਅਸੀਂ ਪੈਦਲ ਕੱਢਿਆ। ਰਾਤ ਬਾਰਾਂ ਵਜੇ ਦੇ ਕਰੀਬ ਜਦੋਂ ਮੰਜ਼ਿਲ 'ਤੇ ਪਹੁੰਚੇ ਤਾਂ ਰਾਤ ਕੱਟਣ ਦੇ ਲਾਲੇ ਪੈ ਗਏ। ਰਾਤ ਦੀ ਸ਼ਿਫਟ ਤੋਂ ਕੰਮ ਕਰ ਕੇ ਵਾਪਸ ਆ ਰਹੇ ਲੋਕਾਂ ਤੋਂ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਟਾਊਨਸ਼ਿਪ ਦੇ ਬੱਸ ਅੱਡੇ ਨੇੜੇ ਮੰਦਿਰ ਤੇ ਗੁਰਦੁਆਰਾ ਨਾਲੋ-ਨਾਲ ਹਨ, ਉਥੇ ਰਾਤ ਕੱਟੀ ਜਾ ਸਕਦੀ ਹੈ।

ਹਿੰਦੂ ਹੋਣ ਕਾਰਨ ਅਸੀਂ ਮੰਦਿਰ ਦਾ ਦਰਵਾਜ਼ਾ ਖੜਕਾਉਣ ਨੂੰ ਪਹਿਲ ਦਿੱਤੀ। ਅਸੀਂ ਦਸ-ਪੰਦਰਾਂ ਮਿੰਟ ਦਰਵਾਜ਼ਾ ਖੜ੍ਹਕਾਉਂਦੇ ਰਹੇ, ਪਰ ਕਿਸੇ ਨੇ ਦਰਵਾਜ਼ਾ ਨਹੀਂ ਖੋਲ੍ਹਿਆ। ਅਖੀਰ ਜਦੋਂ ਅਸੀਂ ਗੁਰਦੁਆਰੇ ਗਏ ਤਾਂ ਮੁੱਖ ਗੇਟ ਦੇ ਨਾਲ ਹੀ ਛੋਟੇ ਜਿਹੇ ਕਮਰੇ ਵਿਚ ਸੁੱਤੇ ਪਏ ਸਿੰਘ ਨੇ ਦੂਜੀ ਵਾਰ ਖੜਕਾਉਣ 'ਤੇ ਹੀ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਸਾਡੀ ਫਰਿਆਦ ਸੁਣ ਕੇ ਕਾਗਜ਼ੀ ਕਾਰਵਾਈ ਕਰ ਕੇ ਸਾਨੂੰ ਕਮਰਾ ਦੇ ਦਿੱਤਾ।

ਅਸੀਂ ਕਮਰੇ ਵਿਚ ਆਪਣਾ ਸਮਾਨ ਰੱਖ ਹੀ ਰਹੇ ਸੀ ਕਿ ਉਸ ਸਿੰਘ ਨੇ ਆਣ ਕੇ ਸਾਨੂੰ ਲੰਗਰ ਬਾਰੇ ਪੁੱਛਿਆ। ਖੱਜਲ-ਖੁਆਰ ਹੋਣ ਕਾਰਨ ਅਤੇ ਰਾਤ ਜ਼ਿਆਦਾ ਹੋਣ ਕਾਰਨ ਸਾਨੂੰ ਭੁੱਖ ਵੀ ਬਹੁਤ ਲੱਗੀ ਹੋਈ ਸੀ। ਉਸ ਨੇ ਬੜੀ ਸੇਵਾ ਭਾਵਨਾ ਨਾਲ ਸਾਨੂੰ ਲੰਗਰ ਛਕਾਇਆ। ਅਸੀਂ ਦੋਵੇਂ ਪਿਓ-ਪੁੱਤਰ ਕੌੜੀ-ਮਿੱਠੀ ਯਾਦ ਲੈ ਕੇ ਸੌਂ ਗਏ।

ਮੇਰੀ ਇਸ 'ਪੋਸਟ' ਦਾ ਅਰਥ ਕਿਸੇ ਦੀ ਆਲੋਚਨਾ ਕਰਨਾ ਨਹੀਂ, ਪਰ ਇਹ ਪੋਸਟ ਲਿਖਣ ਦਾ ਮਕਸਦ ਇਹੀ ਹੈ ਕਿ ਸੇਵਾ ਭਾਵਨਾ ਵਿਚ ਸਿੱਖ ਕੌਮ ਦਾ ਕੋਈ ਸਾਨੀ ਨਹੀਂ ਅਤੇ ਨਾ ਹੀ ਅਜਿਹੀ ਭਾਵਨਾ ਲੈ ਕੇ ਕੋਈ ਹੋਰ ਕੌਮ ਹੋਂਦ ਵਿਚ ਆ ਸਕਦੀ ਹੈ। ਮੇਰੇ ਜੀਵਨ ਦੀ ਇਸ ਅਭੁੱਲ ਯਾਦ ਨੇ ਉਸ ਦਿਨ ਤੋਂ ਹੀ ਮੇਰਾ ਧਾਰਮਿਕ ਨਜ਼ਰੀਆ ਬਦਲ ਦਿੱਤਾ। ਮੇਰੇ ਵੱਲੋਂ ਸਾਰੀ ਸਿੱਖ ਕੌਮ ਨੂੰ ਸਲਾਮ! -ਦੀਪਕ ਅਗਨੀਹੋਤਰੀ, ਪੱਤਰਕਾਰ 'ਅਜੀਤ' ਹੁਸ਼ਿਆਰਪੁਰ।"


ਫੇਸਬੁੱਕ 'ਤੇ ਪੋਸਟ ਦੇ ਰੂਪ ਵਿਚ ਇਸ ਵੀਰ ਵੱਲੋਂ ਕੀਤੀ ਗਈ ਸਲਾਮ ਨੂੰ ਖਿੜੇ ਮੱਥੇ ਸਵੀਕਾਰਦਿਆਂ ਪ੍ਰਚਾਰ ਤੇ ਵਿਹਾਰ ਕਰੀਏ ਕਿ ਇਹ ਸੱਜਣ ਭਾਵੇਂ ਸਾਰੀ ਰਾਤ ਗੁਰਮਤਿ ਸਮਾਗਮ ਜਾਂ ਕਿਸੇ ਸੰਤ ਸਮਾਗਮ ਵਿਚ ਜਾਗਦਾ ਬੈਠਾ ਰਹਿੰਦਾ, ਤਦ ਵੀ ਉਹ ਸਿੱਖ ਕੌਮ ਬਾਰੇ ਉਪਰੋਕਤ ਸ਼ਬਦ ਸ਼ਾਇਦ ਕਦੇ ਨਾ ਲਿਖਦਾ। ਇਕ ਨੁਕਤਾ ਹੋਰ, ਪੰਜਾਬ ਵਿਚ ਜੰਮਿਆ ਜਾਇਆ ਹੋਣ ਕਰ ਕੇ, ਉਕਤ ਇਕ ਰਾਤ ਗੁਰਦੁਆਰੇ ਵਿਚ ਬਿਤਾਉਣ ਤੋਂ ਪਹਿਲਾਂ ਇਸ ਪੱਤਰਕਾਰ ਨੂੰ ਗੁਰਦੁਆਰਿਆਂ ਵਿਚ ਚੱਲਦੇ ਲੰਗਰਾਂ ਦਾ ਵੀ ਜ਼ਰੂਰ ਪਤਾ ਹੋਵੇਗਾ ਤੇ ਕਦੇ ਨਾ ਕਦੇ ਕਿਸੇ ਗੁਰਦੁਆਰੇ ਚਲਦੇ ਲੰਗਰ ਵਿਚ ਪ੍ਰਸ਼ਾਦਾ-ਪਾਣੀ ਵੀ ਜ਼ਰੂਰ ਛਕਿਆ ਹੋਵੇਗਾ, ਪਰ ਸੁੰਦਰ ਨਗਰ ਗੁਰਦੁਆਰੇ ਦੇ ਸੁੰਦਰ ਸਨੇਹੀ ਵਿਹਾਰ ਨੇ ਇਸ ਸੱਜਣ ਦਾ ਮਨ ਮੋਹ ਲਿਆ ਅਤੇ ਉਸ ਦੇ ਹਿਰਦੇ ਵਿਚੋਂ ਸਿੱਖ ਕੌਮ ਲਈ ਸੋਭਾ ਦੇ ਸ਼ਬਦ ਨਿਕਲੇ। ਮਤਲਬ, ਲਿਖ ਬੋਲ ਕੇ ਸਿੱਖੀ ਦਾ ਪ੍ਰਚਾਰ ਕਰਨਾ ਆਪਣੀ ਜਗ੍ਹਾ ਠੀਕ, ਪਰ ਸਭ ਤੋਂ ਜ਼ਰੂਰੀ ਆਪਣੇ ਵਿਹਾਰ ਨੂੰ ਗੁਰਮਤਿ ਲਿਆਈਏ।

'ਇਕਬਾਲ' ਬੜਾ ਉਪਦੇਸ਼ਕ ਹੈ ਮਨ
ਬਾਤੋਂ ਸੇ ਮੋਹ ਲੇਤਾ ਹੈ।
ਗੁਫਤਾਰ ਕਾ ਯਿਹ ਗਾਜ਼ੀ ਤੋ ਬਨਾ
ਕਿਰਦਾਰ ਕਾ ਗਾਜ਼ੀ ਬਨ ਨਾ ਸਕਾ।

# ਫਕੀਰਾਂ ਵਾਲੀ ਜ਼ਿੰਦਗੀ ਜਿਓਂ ਰਿਹਾ ਗਾਇਕ ਭੋਲਾ ਸਿੰਘ ਰਾਹੀ

ਤੀਹ-ਪੈਂਤੀ ਸਾਲ ਪਹਿਲਾਂ ਇੱਕ ਕੈਸਟ ਆਈ ਸੀ, 'ਨਿੰਦੋ ਦਾ ਵਿਆਹ' ਜਿਸ ਦਾ ਗਾਇਕ ਸੀ ਬਰੇਟਿਆਂ ਵਾਲਾ ਭੋਲਾ ਸਿੰਘ ਰਾਹੀ। ਇਹ ਦਾਜ ਦੇ ਲੋਭੀਆਂ ਵਲੋਂ ਤਸੀਹੇ ਦੇ ਕੇ ਮਾਰੀ ਇੱਕ ਮੁਟਿਆਰ ਦੀ ਦਰਦ ਭਰੀ ਗਾਥਾ ਸੀ। ਇਸ ਕੈਸੇਟ ਦਾ ਇਹ ਗੀਤ 'ਦੇਵੀਂ ਦਾਜ ਵਿਚ ਇੱਕ ਪਿਸਤੌਲ ਬਾਬੁਲਾ ਵੇ' ਉਨ੍ਹਾਂ ਵੇਲਿਆਂ 'ਚ ਬਹੁਤ ਚੱਲਿਆ ਸੀ।

ਸੰਨ 1985 ਦਾ ਦੌਰ ਸੀ, ਪੰਜਾਬ ਦੇ ਹਾਲਾਤ ਬਹੁਤੇ ਸੁਖਾਵੇਂ ਨਾ ਹੋਣ ਕਰਕੇ ਆਮ ਗਾਇਕੀ ਦਾ ਬੋਲਬਾਲਾ ਘੱਟ ਸੀ। ਇਸ ਕੈਸਟ ਦੀ ਪ੍ਰਸਿੱਧੀ ਨਾਲ ਭੋਲਾ ਰਾਹੀ ਦਿਨਾਂ ਵਿਚ ਹੀ ਸਟਾਰ ਗਾਇਕ ਬਣ ਗਿਆ। ਪਿੰਡ-ਪਿੰਡ ਧਾਰਮਿਕ ਸਮਾਗਮਾਂ 'ਤੇ ਉਸ ਦੇ ਪ੍ਰੋਗਰਾਮ ਹੋਣ ਲੱਗੇ, ਮਾਣ-ਸਨਮਾਨ ਹੋਣ ਲੱਗਾ।



ਸੁਰਜੀਤ ਜੱਸਲ
ਫੋਨ: 91-981460-7737

ਕਿਸਮਤ ਦਾ ਫੇਰ ਕਹਿ ਲਓ ਜਾਂ ਗਾਇਕ ਭੋਲੇ ਰਾਹੀ ਦਾ ਭੋਲਾਪਨ ਕਿ ਉਸ ਦੀਆਂ ਕੈਸਟਾਂ ਵੇਚਣ ਵਾਲੇ ਤਾਂ ਕਿਤੋਂ ਦੇ ਕਿਤੇ ਜਾ ਪਹੁੰਚੇ ਪਰ ਭੋਲਾ ਗਾਇਕੀ ਮਾਰਗ ਦੀ ਧੂੜ 'ਚ ਹੀ ਗੁਆਚ ਕੇ ਰਹਿ ਗਿਆ। ਅੱਜ ਬਰੇਟਾ ਮੰਡੀ ਵਿਚ ਫਕੀਰਾਂ ਵਰਗੀ ਜ਼ਿੰਦਗੀ ਜੀਅ ਰਹੇ ਇਸ ਨਾਮੀ ਕਲਾਕਾਰ ਨੂੰ ਵੇਖ ਹੈਰਾਨੀ ਹੁੰਦੀ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਸ਼ਹਿਰ ਦੀਆਂ ਗਲੀਆਂ 'ਚ ਗਊਸ਼ਾਲਾ ਦੀ ਰੇਹੜੀ 'ਚ ਛਾਣ-ਬੂਰਾ ਇਕੱਠਾ ਕਰਦਾ ਇਹ ਬੰਦਾ 'ਨਿੰਦੋ ਦਾ ਵਿਆਹ' ਗਾਉਣ ਵਾਲਾ ਭੋਲਾ ਸਿੰਘ ਰਾਹੀ ਹੈ।

ਮਿਹਨਤ ਮਜ਼ਦੂਰੀ ਕਰਨ ਵਾਲੇ ਮੱਧਵਰਗੀ ਪਰਿਵਾਰ 'ਚ ਜਨਮੇ ਭੋਲਾ ਸਿੰਘ ਦੇ ਘਰ ਦਾ ਮਾਹੌਲ ਧਾਰਮਿਕ ਸੀ। ਉਸ ਦਾ ਪਿਤਾ ਤੇ ਵੱਡੇ ਭਰਾ ਗੁਰੂ ਘਰ ਦੀ ਸੇਵਾ ਨਾਲ ਜੁੜੇ ਹੋਏ ਸਨ। ਘਰਦਿਆਂ ਨੇ ਭੋਲੇ ਨੂੰ ਸਕੂਲ ਪੜ੍ਹਨ ਲਾਇਆ ਤਾਂ ਮਸਾਂ ਪੰਜ-ਚਾਰ ਜਮਾਤਾਂ ਹੀ ਪੜ੍ਹ ਸਕਿਆ। ਉਨ੍ਹਾਂ ਦੇ ਗੁਆਂਢ ਵਿਚ ਨਚਾਰ ਰਹਿੰਦੇ ਸੀ ਜੋ ਵਿਆਹਾਂ ਵਿਚ ਬੀਨ-ਵਾਜੇ 'ਤੇ ਨੱਚਦੇ। ਉਹ ਨਵੇਂ ਗੀਤਾਂ ਦੀ ਤਿਆਰੀ ਕਰਨ ਵੇਲੇ ਧਰਮਸ਼ਾਲਾ 'ਚ ਰੌਣਕਾਂ ਲਾਈ ਰੱਖਦੇ। ਭੋਲਾ ਵੀ ਗਾਇਕੀ ਦੇ ਇਸੇ ਰੰਗ ਵਿਚ ਰੰਗਿਆ ਗਿਆ। ਉਸ ਦਾ ਪਿਤਾ ਤੇ ਭਾਈ ਗੁਰੂਘਰ ਦੇ ਪਾਠੀ ਤੇ ਕੀਰਤਨੀਏ ਸਨ ਜਿਸ ਕਰਕੇ ਉਹ ਭੋਲੇ ਦੇ 'ਕੰਜਰ-ਕਿੱਤੇ' ਨੂੰ ਆਪਣੀ ਹੇਠੀ ਸਮਝਦੇ।

ਭੋਲੇ ਨੇ ਘਰ ਦਿਆਂ ਦੀ ਘੂਰ-ਘੱਪ ਦੇ ਬਾਵਜੂਦ ਆਪਣਾ ਗਾਇਕੀ ਦਾ ਸ਼ੌਕ ਜਾਰੀ ਰੱਖਿਆ। ਘਰਦਿਆਂ ਤੋਂ ਚੋਰੀ ਭੋਲੇ ਨੇ ਤੂੰਬੀ ਬਣਾ ਲਈ ਤੇ ਗੀਤ ਜੋੜਨ ਲੱਗਾ। ਉਸ ਨੇ ਦੱਸਿਆ ਕਿ ਜਦ ਉਹ ਪਹਿਲੀ ਵਾਰ ਰਾਮ ਲੀਲਾ 'ਚ ਗਾਉਣ ਗਿਆ ਤਾਂ ਪ੍ਰਬੰਧਕ ਉਸ ਦੇ ਮੈਲੇ ਕੁਚੈਲੇ ਕੱਪੜੇ ਵੇਖ ਕੇ ਉਸ ਨੂੰ ਸਟੇਜ 'ਤੇ ਨਾ ਚੜ੍ਹਨ ਦੇਣ। ਉਹ ਅੱਖ ਬਚਾ ਕੇ ਧੱਕੇ ਨਾਲ ਜਾ ਚੜ੍ਹਿਆ ਤੇ ਜਦੋਂ ਉਸ ਨੂੰ ਉਤਾਰਨ ਲੱਗੇ ਤਾਂ ਲੋਕਾਂ ਨੇ ਕਿਹਾ, 'ਹੁਣ ਗਾ ਲੈਣ ਦਿਓ...!'


ਘਰੋਂ ਚੋਰੀਓਂ ਆਏ ਭੋਲੇ ਨੇ ਜਦ ਕੁੜਤਾ ਚੱਕ ਕੇ ਲੱਕ 'ਚ ਲਕੋਈ ਤੂੰਬੀ ਕੱਢੀ ਤਾਂ ਲੋਕਾਂ ਵਿਚ ਹਾਸੜ ਪੈ ਗਈ। ਉਸ ਨੇ ਤੂੰਬੀ ਨੂੰ ਸੁਰ 'ਚ ਕਰਕੇ ਤਾਰਾ ਰਾਣੀ ਦਾ ਗੀਤ 'ਦੇ ਦਿਓ ਇੱਕ ਦਮੜਾ ਰਾਣੀ ਨੂੰ, ਮੈਂ ਪੁੱਤ ਦੀ ਲਾਸ਼ ਦਬਾਉਣੀ ਆ' ਗਾਇਆ ਤਾਂ ਲੋਕਾਂ ਨੇ ਬਹੁਤ ਪਿਆਰ ਦਿੱਤਾ। ਪਿੰਡ ਦੀ ਸੱਥ ਵਿਚ ਬੈਠੇ ਲੋਕ ਉਸ ਨੂੰ ਸੁਣਨ ਲੱਗੇ।

ਇੰਜ ਭੋਲਾ ਲੋਕਾਂ ਵਿਚ ਮਸ਼ਹੂਰ ਹੁੰਦਾ ਗਿਆ ਤੇ ਘਰਦਿਆਂ ਨੇ ਵੀ ਉਸ ਨੂੰ ਵਰਜਣਾ ਬੰਦ ਕਰ ਦਿੱਤਾ। ਉਹ ਸੰਗੀਤ ਦਾ ਗਿਆਨ ਲੈਣ ਲਈ ਬੋਹਾ ਮੰਡੀ ਦਿਲਬਰ ਦਰਵੇਸ਼ ਕੋਲ ਜਾਣ ਲੱਗਾ। ਜਿੱਥੇ ਉਸ ਨੇ ਗੀਤ-ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ। ਗੁਆਂਢੀ ਨਚਾਰ ਮੁੰਡੇ ਨਾਲ ਰਲ ਕੇ ਉਸ ਨੇ 'ਚੱਕਮੇ ਗੀਤਾਂ' ਦੀ ਕੈਸਟ ਦਾ ਮੈਟਰ ਤਿਆਰ ਕਰ ਲਿਆ, ਪਰ ਜਦ ਉਸਤਾਦ ਦਰਵੇਸ਼ ਨੂੰ ਪਤਾ ਲੱਗਾ ਤਾਂ ਉਸ ਨੇ ਭੋਲੇ ਨੂੰ ਚੰਗਾ ਗਾਉਣ ਦੀ ਮੱਤ ਦਿੰਦਿਆਂ ਕਿਹਾ ਕਿ ਉਹ ਕੰਮ ਕਰੋ ਜਿਸ ਨਾਲ ਲੋਕਾਂ 'ਚ ਇੱਜਤ ਮਾਣ ਮਿਲੇ। ਉਸਤਾਦ ਦੀ ਗੱਲ ਪੱਲੇ ਬੰਨ ਲਈ ਤੇ ਉਸ ਨੇ ਆਮ ਗਾਇਕੀ ਤੋਂ ਕੁਝ ਵੱਖਰਾ ਕਰਨ ਦੀ ਧਾਰ ਲਈ। ਫਿਰ ਉਸ ਨੇ ਦਾਜ ਖਾਤਰ ਤੇਲ ਪਾ ਕੇ ਸਾੜੀਆਂ ਜਾਂਦੀਆਂ ਮੁਟਿਆਰਾਂ ਦੀ ਕਹਾਣੀ 'ਤੇ ਗੀਤ ਲਿਖ ਕੇ 'ਨਿੰਦੋ ਦਾ ਵਿਆਹ' ਕੈਸਟ ਦਾ ਮੈਟਰ ਤਿਆਰ ਕੀਤਾ। ਇਸ ਵਿਚ ਉਸ ਦੇ ਭਰਾਵਾਂ ਪਿਆਰਾ ਸਿੰਘ ਤੇ ਗਿਆਨੀ ਸਤਪਾਲ ਸਿੰਘ ਨੇ ਵੀ ਸਾਥ ਦਿੱਤਾ।

'ਨਿੰਦੋ ਦਾ ਵਿਆਹ' ਕੈਸਟ ਦੇ ਲੋਕਾਂ ਤੱਕ ਪੁੱਜਣ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਇਹ ਕੈਸਟ ਉਸ ਨੇ ਆਪਣੇ ਇੱਕ ਮਿੱਤਰ ਦੇ ਬਾਹਰੋਂ ਲਿਆਂਦੇ ਸਟੀਰੀਓ ਟੇਪ 'ਤੇ ਰਿਕਾਰਡ ਕੀਤੀ ਸੀ। ਕੈਸਟ ਰਿਕਾਰਡ ਕਰਕੇ ਅਗਲੇ ਹੀ ਦਿਨ ਉਹ ਬਰੇਟੇ ਤੋਂ ਗੱਡੀ ਫੜ੍ਹ ਮਾਨਸਾ ਆ ਗਿਆ ਤੇ ਟੇਪਾਂ ਦੀ ਮੁਰੰਮਤ ਕਰਨ ਵਾਲੀ ਇੱਕ ਦੁਕਾਨ ਤੋਂ ਤਿੰਨ ਰੁਪਈਏ ਪ੍ਰਤੀ ਕੈਸਟ ਦੇ ਹਿਸਾਬ ਸੌ ਕੈਸਟਾਂ ਭਰਵਾ ਲਿਆਇਆ।

ਅਗਲੇ ਦਿਨ ਨਾਲ ਦੇ ਪਿੰਡ ਲਗਦੇ ਮੇਲੇ 'ਤੇ ਸਾਰੀਆਂ ਕੈਸਟਾਂ 7 ਰੁਪਏ ਦੇ ਭਾਅ ਵੇਚ ਕੇ, ਅਗਲੇ ਦਿਨ ਸੌ ਕੈਸਟਾਂ ਹੋਰ ਭਰਵਾ ਲਈਆਂ। ਇਸ ਵਾਰੀ ਦੁਕਾਨਦਾਰ ਨੇ ਪੰਜਾਹ ਪੈਸੇ ਵੱਧ ਲੈ ਕੇ ਭੋਲੇ ਦਾ ਨਾਂ ਤੇ ਪਿੰਡ ਲਿਖ ਕੇ, ਰੈਪਰ 'ਤੇ ਕਿਸੇ ਫਿਲਮੀ ਮੁਟਿਆਰ ਦੀ ਸੁਹਾਗ ਦੇ ਕੱਪੜਿਆਂ ਵਾਲੀ ਫੋਟੋ ਵੀ ਲਾ ਦਿੱਤੀ, ਜਿਸ ਨੂੰ ਲੋਕ ਨਿੰਦੋ ਹੀ ਸਮਝਣ ਲੱਗੇ। ਇਹ ਸਭ ਕੈਸਟਾਂ ਵੀ ਅਗਲੇ ਦਿਨ ਵੇਚ ਉਹ ਫੇਰ ਮਾਨਸਾ ਵਾਲੀ ਗੱਡੀ ਜਾ ਚੜ੍ਹਿਆ।

ਤੀਜੀ ਵਾਰ ਦੁਕਾਨ 'ਤੇ ਆਏ ਭੋਲੇ ਨੂੰ ਵੇਖ ਦੁਕਾਨਦਾਰ ਨੇ ਸੋਚਿਆ ਕਿ ਵੇਖਾਂ ਤਾਂ ਸਹੀ ਕਿ ਇਸ ਕੈਸਟ ਵਿਚ ਆਖਰ ਅਜਿਹਾ ਹੈ ਕੀ! ਜਦੋਂ ਸੁਣੀ ਤਾਂ ਉਹ ਸਮਝ ਗਿਆ ਕਿ ਮੈਟਰ ਚੱਲਣ ਵਾਲਾ ਹੈ। ਉਸ ਨੇ ਭੋਲੇ ਰਾਹੀ ਨਾਲ ਗੱਲ ਕਰ ਕੇ ਸਾਰੀ ਕੈਸਟ ਟੀ-ਸੀਰੀਜ਼ ਕੰਪਨੀ ਵਾਲਿਆਂ ਨੂੰ ਦੇ ਦਿੱਤੀ ਤੇ ਦਿਨਾਂ ਵਿਚ ਹੀ ਭੋਲਾ ਸਿੰਘ ਰਾਹੀ ਦੇ ਚਰਚੇ ਪੰਜਾਬ ਦੇ ਕੋਨੇ ਕੋਨੇ ਵਿਚ ਹੋਣ ਲੱਗੇ। ਭੋਲੇ ਰਾਹੀ ਦੀ ਇਸ ਟੇਪ ਨੂੰ ਵੱਡੀ ਪੱਧਰ 'ਤੇ ਰਿਲੀਜ਼ ਕਰਾਉਣ ਵਾਲੇ ਇਸ ਸ਼ਖਸ ਨੂੰ ਸੰਗੀਤ ਇੰਡਸਟਰੀ ਵਿਚ ਅੱਜ ਲੋਕ ਅਸ਼ੋਕ ਬਾਂਸਲ ਮਾਨਸਾ ਦੇ ਨਾਂ ਨਾਲ ਜਾਣਦੇ ਹਨ।




ਕੈਸੇਟ 'ਨਿੰਦੋ ਦਾ ਵਿਆਹ' ਦੇ ਚੱਲਣ ਮਗਰੋਂ ਭੋਲੇ ਦੀ ਚਾਰੇ ਪਾਸੇ ਚਰਚਾ ਹੋਣ ਲੱਗੀ। ਮੇਲਿਆਂ, ਜਲਸਿਆਂ ਅਤੇ ਹੋਰ ਧਾਰਮਿਕ ਸਮਾਗਮਾਂ 'ਤੇ ਉਸ ਦੇ ਪ੍ਰੋਗਰਾਮਾਂ ਦੀ ਮੰਗ ਵਧਣ ਲੱਗੀ। ਪਹਿਲੀ ਕੈਸਟ ਦੀ ਸਫਲਤਾ ਤੋਂ ਬਾਅਦ ਇਸ ਦਾ ਦੂਜਾ ਭਾਗ 'ਨਿੰਦੋ ਦੀ ਮੜ੍ਹੀ' ਵੀ ਵਧੀਆ ਚੱਲੀ। ਇਲਾਕੇ ਦੀਆਂ ਸਰਗਰਮ ਕੈਸਟ ਕੰਪਨੀਆਂ ਭੋਲੇ ਤੱਕ ਪਹੁੰਚ ਕਰਨ ਲੱਗੀਆਂ। ਇਸ ਪਿੱਛੋਂ ਇੱਕ ਹੋਰ ਦਿਲਚਸਪ ਕਹਾਣੀ 'ਭਾਨੀ-ਬਿਸ਼ਨਾ' ਆਧਾਰਤ ਮੈਟਰ ਤਿਆਰ ਕਰਕੇ ਚਰਨਜੀਤ ਆਹੂਜਾ ਦੇ ਸਟੂਡੀਓ ਵਿਚ ਰਿਕਾਰਡਿੰਗ ਕਰਵਾਈ। ਇੱਥੇ ਵੀ ਇੱਕ ਅਜੀਬ ਘਟਨਾ ਵਾਪਰੀ। ਜਦ ਉਹ ਚਰਨਜੀਤ ਆਹੂਜਾ ਨੂੰ ਮਿਲਿਆ ਤਾਂ ਉਸ ਦੇ ਗੋਡੀ ਹੱਥ ਲਾ ਕੇ ਰੋਣ ਲੱਗ ਪਿਆ। ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਜੀ ਆਪਣਾ ਦੋਵਾਂ ਦਾ ਨਾਂ ਲੋਕਾਂ ਦੀ ਦੰਦ ਚਰਚਾ ਬਣਿਆ ਹੋਇਆ ਹੈ। ਮੇਰੀ ਪਹਿਲੀ ਕੈਸਟ ਬਾਰੇ ਮਾਲਵੇ ਦੇ ਬਹੁਤ ਸਾਰੇ ਗਾਇਕਾਂ ਨੇ ਇੱਕ ਕਹਾਵਤ ਪ੍ਰਚਲਿਤ ਕੀਤੀ ਕਿ ਜੇ ਚੱਲ ਜਾਵੇ ਤਾਂ ਭੋਲੇ ਰਾਹੀ ਦੀ 'ਨਿੰਦੋ ਦਾ ਵਿਆਹ' ਚੱਲ ਜਾਵੇ, ਨਾ ਚੱਲੇ ਤਾਂ ਚਰਨਜੀਤ ਆਹੂਜਾ ਵੀ ਨਾ ਚੱਲੇ!" ਇਹ ਸੁਣ ਕੇ ਚਰਨਜੀਤ ਆਹੂਜਾ ਹੱਸ ਪਿਆ ਤੇ ਉਸ ਨੂੰ ਬੁੱਕਲ 'ਚ ਲੈ ਲਿਆ।

ਭੋਲੇ ਦੀਆਂ ਕੋਈ ਦੋ ਦਰਜਨ ਕੈਸਟਾਂ ਮਾਰਕੀਟ ਵਿਚ ਆਈਆਂ ਤੇ ਵਧੀਆ ਚੱਲੀਆਂ। ਕੰਪਨੀਆਂ ਨੇ ਵੀ ਉਸ ਦਾ ਵਧੀਆ ਮਾਣ-ਤਾਣ ਕੀਤਾ। ਭੋਲੇ ਕੋਲ ਚਾਰ ਪੈਸੇ ਆਏ ਤਾਂ ਉਸ ਦੇ ਦਿਨ ਬਦਲਣ ਲੱਗੇ। ਧਾਰਮਿਕ ਪ੍ਰੋਗਰਾਮਾਂ ਦੇ ਨਾਲ ਨਾਲ ਭੋਲੇ ਨੇ ਵਿਆਹ-ਸਮਾਗਮਾਂ ਦੇ ਪ੍ਰੋਗਰਾਮ ਵੀ ਸ਼ੁਰੂ ਕਰ ਦਿੱਤੇ। ਉਸ ਨੇ ਬਠਿੰਡੇ ਦੀ ਇੱਕ ਗਾਇਕਾ ਨਾਲ ਸੈਟ ਬਣਾ ਕੇ ਵਿਆਹਾਂ ਦੇ ਪ੍ਰੋਗਰਾਮਾਂ ਦੀ ਤਿਆਰੀ ਕਰ ਲਈ। ਵਿਆਹਾਂ 'ਚ ਗਾਉਣ ਵਾਲਾ ਚੱਕਮਾ ਮੈਟਰ ਉਸ ਕੋਲ ਪਹਿਲਾਂ ਹੀ ਪਿਆ ਸੀ। ਗਾਇਕਾਂ ਵਰਗਾ ਦਿਸਣ ਲਈ ਉਸ ਨੇ ਮੂੰਹ-ਸਿਰ ਮੁਨਾ ਕੇ ਬੋਦੀਆਂ ਰੱਖ ਲਈਆਂ। ਕਈ ਦਿਨਾਂ ਮਗਰੋਂ ਜਦ ਭੋਲਾ ਪਿੰਡ ਗਿਆ ਤਾਂ ਘਰ 'ਚ ਕਲੇਸ਼ ਪੈ ਗਿਆ ਕਿ ਤੂੰ ਦਾੜ੍ਹੀ-ਕੇਸ ਕਤਲ ਕਰਵਾ ਕੇ ਸਿੱਖੀ ਨੂੰ ਲੀਕ ਲਾਈ ਹੈ। ਅਖੀਰ ਭੋਲਾ ਘਰਦਿਆਂ ਮੂਹਰੇ ਝੁਕ ਗਿਆ ਤੇ ਮੁੜ ਪਹਿਲੇ ਭੇਸ 'ਚ ਆ ਗਿਆ।

ਗਾਇਕੀ ਦੀ ਗੱਡੀ ਰਿੜ੍ਹਦੀ ਗਈ। ਵਿਆਹ ਹੋ ਗਿਆ, ਬੱਚੇ ਹੋ ਗਏ। ਭੋਲੇ ਦੀ ਗਾਇਕੀ ਸਮੇਂ ਮੁਤਾਬਕ ਚੱਲਦੀ ਗਈ। ਉਸ ਨੇ ਆਪਣੇ ਗੀਤਾਂ ਵਿਚ ਦਾਜ ਪੀੜਤ ਮੁਟਿਆਰਾਂ ਦਾ ਦੁੱਖ ਵੀ ਰੋਇਆ, ਪਾਣੀ ਦੀ ਘੁੱਟ ਨੂੰ ਤਰਸਦੇ ਚਾਰ ਚਾਰ ਪੁੱਤਰਾਂ ਦੇ ਬਿਰਧ ਮਾਪਿਆਂ ਦੀ ਕਹਾਣੀ ਵੀ ਗਾਈ, ਮਤਲਬੀ ਸੰਸਾਰ ਵਲੋਂ ਦੁੱਧ ਪੀ ਕੇ ਛੱਡੀਆਂ ਗਊਆਂ ਦਾ ਦਰਦ ਵੀ ਗਾਇਆ, ਜਿਸ ਨੂੰ ਲੋਕਾਂ ਨੇ ਬਹੁਤ ਸਲਾਹਿਆ ਵੀ।

ਅਚਾਨਕ ਭੋਲੇ ਦੀ ਜ਼ਿੰਦਗੀ ਵਿਚ ਅਜਿਹਾ ਨਾਜ਼ੁਕ ਦੌਰ ਆਇਆ ਕਿ ਸਾਰੇ ਦੋਸਤ-ਮਿੱਤਰ, ਰਿਸ਼ਤੇ-ਨਾਤੇ ਪਾਸਾ ਵੱਟ ਗਏ। ਉਸ ਦਾ ਇਕਲੌਤਾ ਪੁੱਤਰ ਕਿਸੇ ਗੰਭੀਰ ਬਿਮਾਰੀ ਦਾ ਸ਼ਿਕਾਰ ਹੋ ਗਿਆ। ਉਹ ਉਸ ਦੇ ਇਲਾਜ ਲਈ ਦੂਰ ਦੂਰ ਤੱਕ ਗਿਆ ਪਰ ਨਿਰਾਸ਼ਾ ਹੀ ਪੱਲੇ ਪਈ। 'ਗਊਆਂ ਦੀ ਸੁਣ ਲੈ ਪੁਕਾਰ' ਕੈਸਟ ਗਾਉਣ ਤੋਂ ਬਾਅਦ ਭੋਲੇ ਦਾ ਮੇਲ ਪਿੰਡ ਬਛੋਆਣੇ ਸਥਿਤ ਮਲਕਪੁਰੀ ਜੋਤ ਵਾਲੇ ਸੰਤ ਕਰਮ ਚੰਦ ਨਾਲ ਹੋਇਆ। ਭੋਲਾ ਸੰਤਾਂ ਦੇ ਚਰਨੀਂ ਜਾ ਲੱਗਾ ਤੇ ਆਪਣਾ ਦੁੱਖ ਰੋਇਆ। ਸੰਤ ਕਹਿੰਦੇ, ਭਾਈ ਭੋਲਾ ਸਿਆਂ ਫਿਕਰ ਨਾ ਕਰ, ਮਾਲਕ ਭਲੀ ਕਰੇਗਾ। ਸੰਤਾਂ ਦੀ ਕਿਰਪਾ ਹੋਈ ਤਾਂ ਉਸ ਦਾ ਬੇਟਾ ਮੁੜ ਤੰਦਰੁਸਤ ਹੋ ਗਿਆ। ਭੋਲਾ ਰਾਹੀ ਪੁੱਤਰ ਦੇ ਵੈਰਾਗ ਵਿਚ ਸੰਤਾਂ ਦੇ ਚਰਨਾਂ ਵਿਚ ਬੈਠ ਗਿਆ। ਉਸ ਨੇ ਗਾਇਕੀ ਵਾਲਾ ਬਾਣਾ ਲਾਹ ਕੇ ਫਕੀਰੀ ਚੋਲਾ ਪਾ ਲਿਆ। ਸੰਤਾਂ ਨੇ ਕਿਹਾ ਕਿ ਭਾਈ ਇਹ ਸੇਵਾ ਬਹੁਤ ਔਖੀ ਹੈ ਪਰ ਭੋਲੇ ਨੂੰ ਸੱਚ ਦਾ ਗਿਆਨ ਹੋ ਗਿਆ ਸੀ।


ਪਿਛਲੇ ਸਤਾਰਾਂ ਸਾਲਾਂ ਤੋਂ ਭੋਲਾ ਗਊਆਂ ਦੀ ਸੇਵਾ ਵਿਚ ਮਗਨ ਹੈ। ਉਹ ਆਪਣੀ ਗਾਇਕੀ ਵਿਚ ਵੀ ਗਊਆਂ ਦੀ ਗੱਲ ਕਰਦਾ ਹੈ। ਇਸ ਬਾਰੇ ਉਸ ਦੇ ਅਨੇਕਾਂ ਗੀਤ 'ਗਊਆਂ ਦੀ ਸੁਣ ਲੈ ਪੁਕਾਰ, ਗਊਆਂ ਛੱਡਣ ਵਾਲੇ, ਗਊਸ਼ਾਲਾ, ਦੁੱਖ ਮਾਪਿਆਂ ਦੀ ਰੋਟੀ ਦਾ, ਬਾਪੂ, ਘੁੱਟ ਪਾਣੀ ਦੀ ਪਿਲਾਦੇ, ਆਦਿ ਕੁਲ 36 ਕੈਸਟਾਂ ਮਾਰਕੀਟ ਵਿਚ ਆਈਆਂ। ਭੋਲੇ ਰਾਹੀ ਦੇ ਇਹ ਗੀਤ ਯੂ ਟਿਊਬ 'ਤੇ ਅੱਜ ਵੀ ਸੁਣੇ ਜਾ ਸਕਦੇ ਹਨ। ਵੱਖ ਵੱਖ ਸ਼ਹਿਰਾਂ ਪਿੰਡਾਂ ਵਿਚ ਗਊਸ਼ਾਲਾ ਵਲੋਂ ਕਰਵਾਏ ਜਾਂਦੇ ਸਮਾਗਮਾਂ ਵਿਚ ਭੋਲਾ 'ਸੇਵਾ' ਵਜੋਂ ਗਾਉਣ ਜਾਂਦਾ ਹੈ। ਮਾਇਆ ਨਾਲ ਉਸ ਨੂੰ ਮੋਹ ਨਹੀਂ ਰਿਹਾ। ਬੱਸ, ਕਿਰਾਇਆ-ਭਾੜਾ ਹੀ ਲੈਂਦਾ ਹੈ। ਉਸ ਨੇ ਦਾੜ੍ਹੀ-ਕੇਸ ਰੱਖ ਕੇ ਅੰਮ੍ਰਿਤ ਛਕ ਲਿਆ ਤੇ ਦੁਨਿਆਵੀ ਐਬਾਂ ਦਾ ਤਿਆਗ ਕਰ ਲਿਆ।

ਭੋਲੇ ਰਾਹੀ ਦਾ ਉਹੀ ਬੇਟਾ ਅਮਨ ਰਾਹੀ ਅੱਜ ਗਾਇਕੀ ਦੇ ਖੇਤਰ ਵਿਚ ਇੱਕ ਖਾਸ ਪਹਿਚਾਣ ਰੱਖਦਾ ਹੈ। ਉਸ ਦੀ ਆਵਾਜ਼ ਵਿਚ ਕਸ਼ਿਸ਼ ਹੈ। ਸਿਰਮੌਰ ਕੰਪਨੀ 'ਅਮਰ ਆਡੀਓਜ਼' ਨੇ ਉਸ ਦੇ ਅਨੇਕਾਂ ਗੀਤ ਰਿਕਾਰਡ ਕੀਤੇ ਹਨ, ਜੋ ਯੂ ਟਿਊਬ 'ਤੇ ਸੁਣੇ ਜਾ ਸਕਦੇ ਹਨ। ਸੰਗੀਤ ਵਿਚ ਉਸ ਨੇ ਐਮ.ਏ. ਕੀਤੀ ਤੇ ਕਿਸੇ ਸਕੂਲ ਵਿਚ ਸੰਗੀਤ ਅਧਿਆਪਕ ਹੈ।

ਭੋਲੇ ਦਾ ਇਲਾਕੇ ਵਿਚ ਬਹੁਤ ਮਾਣ ਸਤਿਕਾਰ ਹੈ। ਸ਼ਹਿਰ ਦੇ ਮਹਾਜਨ ਲੋਕ ਗਊ ਸੇਵਾ ਨਾਲ ਜੁੜੇ ਹੋਣ ਕਰਕੇ ਔਖੇ-ਸੌਖੇ ਪਲ ਸਾਰੇ ਉਸ ਦੇ ਨਾਲ ਖੜ੍ਹਦੇ ਹਨ। ਭੋਲੇ ਦੀਆਂ ਚਾਰ ਧੀਆਂ ਹਨ ਜਿਨ੍ਹਾਂ ਨੂੰ ਉਸ ਨੇ ਘਰ ਦੀਆਂ ਤੰਗੀਆਂ ਦੇ ਬਾਵਜੂਦ ਵਧੀਆ ਪੜ੍ਹਾ ਲਿਖਾ ਕੇ ਚੰਗੇ ਘਰੀਂ ਵਿਆਹਿਆ। ਰੱਬ ਦੇ ਰੰਗਾਂ 'ਚ ਰਹਿਣ ਵਾਲਾ ਭੋਲਾ ਆਪਣੀ ਜ਼ਿੰਦਗੀ ਤੋਂ ਪੂਰਾ ਸੰਤੁਸ਼ਟ ਹੈ ਤੇ ਸੱਚ ਦੇ ਮਾਰਗ ਦਾ ਰਾਹੀ ਬਣ ਕੇ ਜ਼ਿੰਦਗੀ ਜਿਓਂ ਰਿਹਾ ਹੈ।

# ਸਿਆਸੀ ਲੋੜ ਲਈ ਹੀ ਵਰਤੇ ਜਾਂਦੇ ਨੇ ਕਿਸਾਨੀ ਮੁੱਦੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455



ਜ਼ਿੰਦਗੀ ਦੇ ਕੁਝ ਸਾਲ ਕਿਸਾਨ ਸਭਾ ਵਿਚ ਲਾਏ ਹੋਣ ਦੇ ਬਾਵਜੂਦ ਇਹ ਕਹਿਣ ਵਿਚ ਝਿਜਕ ਨਹੀਂ ਕਿ ਕਿਸਾਨੀ ਮੁੱਦਿਆਂ ਬਾਰੇ ਮੈਨੂੰ ਬਹੁਤਾ ਪਤਾ ਨਹੀਂ। ਫਿਰ ਵੀ ਸ਼ਾਇਦ ਉਨ੍ਹਾਂ ਤੋਂ ਥੋੜ੍ਹਾ ਵੱਧ ਜਾਣਦਾ ਹੋ ਸਕਦਾ ਹਾਂ, ਜੋ ਖੇਤਾਂ ਦਾ ਗੇੜਾ ਸਿਰਫ ਸਰਕਾਰੀ ਡਿਊਟੀ ਪੂਰੀ ਕਰਨ ਲਈ ਕਦੇ ਕਦਾਈਂ ਲਾਉਣ ਜਾਂਦੇ ਹਨ ਤੇ ਉਸ ਗੇੜੇ ਦਾ ਬਹੁਤਾ ਸਮਾਂ ਉਹ ਫਸਲਾਂ ਤੇ ਫਸਲ ਪੈਦਾ ਕਰਨ ਵਾਲੇ ਕਿਸਾਨਾਂ ਬਾਰੇ ਸੋਚਣ ਦੀ ਥਾਂ ਕਿਲੋਮੀਟਰ ਗਿਣ ਕੇ ਉਨ੍ਹਾਂ ਦੇ ਹਿਸਾਬ ਨਾਲ ਸਰਕਾਰ ਤੋਂ ਵਸੂਲੇ ਜਾਣ ਵਾਲੇ ਟੀ.ਏ. ਬਿੱਲ ਬਣਾਉਣ ਵੱਲ ਰੁੱਝੇ ਰਹਿੰਦੇ ਹਨ। ਆਰਥਿਕ ਤੰਗੀ ਦੀ ਦਾੜ੍ਹ ਵਿਚ ਫਸੇ ਪੰਜਾਬ ਦੇ ਕੁਝ ਹੋਰ ਵਰਗਾਂ ਦੇ ਲੋਕ ਵੀ ਬਿਨਾ ਸ਼ੱਕ ਖੁਦਕੁਸ਼ੀਆਂ ਕਰੀ ਜਾ ਰਹੇ ਹਨ, ਪਰ ਅੱਜ-ਕੱਲ੍ਹ ਹਰ ਪਾਸੇ ਕਿਸਾਨ ਦੇ ਦੁੱਖਾਂ ਦੀ ਚਰਚਾ ਚੱਲ ਰਹੀ ਹੈ, ਕਿਉਂਕਿ ਬਤੌਰ ਇੱਕ ਵਰਗ ਸਭ ਤੋਂ ਵੱਧ ਮੁਸੀਬਤ ਕਿਸਾਨੀ ਭਾਈਚਾਰਾ ਹੀ ਹੰਢਾ ਰਿਹਾ ਹੈ। ਇਸ ਦੀ ਮੁਸੀਬਤ ਦਾ ਇਲਾਜ ਕਰਨ ਵਾਲੇ ਅੱਕੀਂ ਪਲਾਹੀਂ ਹੱਥ ਮਾਰ ਰਹੇ ਹਨ। ਜਿਵੇਂ ਕਿਸਾਨਾਂ ਦੀ ਮਦਦ ਦਾ ਰੌਲਾ ਪਾਇਆ ਜਾਂਦਾ ਹੈ, ਉਸ ਹਿਸਾਬ ਹੁਣ ਤੱਕ ਕਿਸਾਨ ਖੁਦਕੁਸ਼ੀਆਂ ਰੁਕ ਜਾਣੀਆਂ ਚਾਹੀਦੀਆਂ ਸਨ, ਪਰ ਰੁਕਣ ਦੀ ਥਾਂ ਦਿਨੋ-ਦਿਨੀ ਵਧੀ ਜਾਂਦੀਆਂ ਹਨ। ਪੰਜਾਬ ਸਰਕਾਰ ਇਸ ਦੀ ਜ਼ਿੰਮੇਵਾਰੀ ਅਕਾਲੀ-ਭਾਜਪਾ ਹਾਕਮਾਂ ਦੇ ਸਿਰ ਪਾਉਂਦੀ ਹੈ, ਅਕਾਲੀ-ਭਾਜਪਾ ਆਗੂ ਵਿਹਲੇ ਹੋਣ ਪਿੱਛੋਂ ਮੌਜੂਦਾ ਸਰਕਾਰ ਦੀ ਘੇਰਾਬੰਦੀ ਕਰਨ ਲਈ ਕਿਸਾਨਾਂ ਨੂੰ ਉਕਸਾਉਣ ਦੇ ਰਾਹ ਪੈ ਗਏ ਹਨ। ਕਿਸਾਨ ਦੋਵਾਂ ਧਿਰਾਂ ਦੇ ਮੂੰਹ ਵੱਲ ਝਾਕ ਰਹੇ ਹਨ।

ਅਸੀਂ ਇੱਕ ਲੰਮਾ ਦੌਰ ਪਿਛਲੀ ਸਰਕਾਰ ਦਾ ਵੇਖਿਆ ਤੇ ਦੂਸਰਾ ਦੌਰ ਮੌਜੂਦਾ ਸਰਕਾਰ ਦਾ ਵੇਖ ਰਹੇ ਹਾਂ। ਜਿਹੜੇ ਆਗੂ ਰਾਜ ਭੋਗਣ ਪਿੱਛੋਂ ਮੁੜ ਸੱਤਾ ਹਾਸਲ ਕਰਨ ਵਾਸਤੇ ਰੈਲੀਆਂ ਕਰਦੇ ਫਿਰਦੇ ਹਨ, ਉਹ ਆਪਣੇ ਰਾਜ ਦੌਰਾਨ ਮਾਲਵੇ ਦੇ ਕਿਸਾਨਾਂ ਦੀ ਫਸਲ 'ਤੇ ਚਿੱਟੇ ਮੱਛਰ ਦੇ ਹਮਲੇ ਵੇਲੇ ਕੀਤੇ ਪਾਪਾਂ ਦਾ ਲੇਖਾ ਨਹੀਂ ਦੇਣਗੇ। ਚਿੱਟੇ ਮੱਛਰ ਤੋਂ ਜਿਹੜੀ ਕੁਝ ਫਸਲ ਬਚੀ ਰਹੀ ਸੀ, ਉਸ ਦੇ ਇਲਾਜ ਦੇ ਨਾਂ ਉਤੇ ਨਕਲੀ ਕੀੜੇਮਾਰ ਦਵਾਈ ਉਨ੍ਹਾਂ ਦੇ ਰਾਜ 'ਚ ਵਿਕਦੀ ਰਹੀ ਤੇ ਬਾਕੀ ਬਚੀ ਫਸਲ ਨੂੰ ਵੀ ਸਾੜਦੀ ਰਹੀ ਸੀ। ਨਕਲੀ ਦਵਾਈ ਵੇਚ ਕੇ ਕਮਾਈ ਕਰਨ ਵਾਲੀ ਕੰਪਨੀ ਦਾ ਪਿਛੋਂ ਨਾ ਦਫਤਰ ਲੱਭਾ, ਨਾ ਉਸ ਦੀ ਫੈਕਟਰੀ ਤੇ ਨਾ ਕੰਪਨੀ ਮਾਲਕ ਲੱਭੇ। ਮੰਗਲ ਸਿੰਘ ਨਾਂ ਦਾ ਇੱਕ ਅਫਸਰ ਫਸਾ ਕੇ ਰਾਜ ਸਰਕਾਰ ਨੇ ਅਖਬਾਰਾਂ ਵਿਚ ਛਪੀ ਇਹ ਪਾਪੀ ਖਬਰ ਵੀ ਢੱਕ ਲਈ ਕਿ ਨਕਲੀ ਕੀੜੇ-ਮਾਰ ਦਵਾਈ ਦੀ ਕਾਲੀ ਕਮਾਈ ਵਾਲੇ ਨੋਟਾਂ ਦੇ ਬੈਗ ਲੈ ਕੇ ਜਾਂਦੀ ਇੱਕ ਕਾਰ ਮੋਗੇ ਨੇੜੇ ਫੜੀ ਗਈ ਸੀ।

ਹੁਣ ਵਾਲੀ ਸਰਕਾਰ ਜਿਨ੍ਹਾਂ ਦੇ ਹੱਥ ਵਿਚ ਹੈ, ਉਨ੍ਹਾਂ ਨੇ ਚੋਣਾਂ ਵਿਚ ਕਿਸਾਨੀ ਕਰਜ਼ੇ ਮੁਆਫ ਕਰਨ ਦਾ ਵਾਅਦਾ ਕਰ ਲਿਆ, ਪਰ ਰਾਜ ਸਰਕਾਰ ਦੇ ਖਜ਼ਾਨੇ ਦੀ ਹਾਲਤ ਨੂੰ ਅੱਖੋਂ ਪਰੋਖੇ ਕਰ ਦਿੱਤਾ। ਉਦੋਂ ਬੱਸ ਇਸ ਲਾਰੇ ਨਾਲ ਵੋਟਾਂ ਖਿੱਚਣ ਵੱਲ ਖਿਆਲ ਸੀ। ਸਰਕਾਰ ਬਣੀ ਤਾਂ ਖਜ਼ਾਨੇ ਦੀ ਹਾਲਤ ਨੰਗਾਂ ਦੇ ਘਰ ਆਟੇ ਦੀ ਖਾਲੀ ਭੜੋਲੀ ਵਾਲੀ ਨਿਕਲੀ। ਕਿਸਾਨਾਂ ਨਾਲ ਕਿਉਂਕਿ ਵਾਅਦਾ ਕੀਤਾ ਗਿਆ ਸੀ, ਉਹ ਹੱਥਾਂ ਉਤੇ ਸਰ੍ਹੋਂ ਜਮਾਈ ਉਡੀਕਦੇ ਹਨ ਤੇ ਮੁੱਖ ਮੰਤਰੀ ਸਾਹਿਬ ਦਿੱਲੀ ਦਰਬਾਰ ਦੇ ਗੇੜੇ ਲਾ ਕੇ ਉਥੋਂ ਮਦਦ ਭਾਲਦੇ ਹਨ। ਜੋ ਵੀ ਕਰਨਾ ਹੈ, ਪੰਜਾਬ ਵਿਚ ਕਰਨਾ ਪੈਣਾ ਹੈ। ਇਸ ਮਕਸਦ ਲਈ ਉਨ੍ਹਾਂ ਨੂੰ ਦਿੱਲੀ ਦੀ ਝਾਕ ਛੱਡਣੀ ਪਵੇਗੀ ਤੇ ਰਾਜ ਸਰਕਾਰ ਦੇ ਖਰਚਿਆਂ ਵਿਚ ਕੁਝ ਜਮ੍ਹਾਂ-ਜੋੜ ਕਰਨੇ ਪੈਣਗੇ।

ਫਿਰ ਵੀ ਜਿਹੜੀ ਗੱਲ ਸੋਚਣੀ ਬਣਦੀ ਹੈ ਤੇ ਉਹ ਸੋਚਣ ਦਾ ਕਿਸੇ ਕੋਲ ਵਿਹਲ ਨਹੀਂ ਜਾਪਦਾ, ਉਹ ਇਹ ਹੈ ਕਿ ਮਿੱਟੀ ਨਾਲ ਮਿੱਟੀ ਹੋਣ ਵਾਲੇ ਕਿਸਾਨਾਂ ਦੀ ਹਾਲਤ ਏਨੀ ਨਿੱਘਰਦੀ ਕਿਉਂ ਗਈ ਹੈ? ਕੁਝ ਲੋਕਾਂ ਦੀ ਪੱਕੀ ਧਾਰਨਾ ਇਹ ਹੈ ਕਿ ਹਰਾ ਇਨਕਲਾਬ ਆਉਣ ਨਾਲ ਜਦੋਂ ਕਿਸਾਨਾਂ ਦੀ ਆਮਦਨ ਵਧੀ, ਉਸ ਵਕਤ ਉਨ੍ਹਾਂ ਨੂੰ ਜ਼ਿੰਦਗੀ ਵਿਚ ਸੰਜਮ ਨਾਲ ਚੱਲਣ ਦੀ ਸਲਾਹ ਦੇਣ ਵਾਲਾ ਕੋਈ ਨਹੀਂ ਸੀ। ਬਾਪ-ਦਾਦੇ ਤੋਂ ਚਲੀ ਆਈ ਵਿਆਹ ਤੇ ਹੋਰ ਰਸਮਾਂ ਵੇਲੇ ਸਾਰੇ ਪਿੰਡ ਵੱਲੋਂ ਮਿਲ ਕੇ ਮੌਕਾ ਸਾਰਨ ਦੀ ਪਿਰਤ ਛੱਡ ਕੇ ਗਰੀਬ ਤੋਂ ਗਰੀਬ ਕਿਸਾਨ ਵੀ ਮੈਰਿਜ ਪੈਲਸਾਂ ਦੇ ਜਲੌਅ ਵੱਲ ਖਿੱਚਿਆ ਗਿਆ। ਪਰਵਾਸੀ ਮਜ਼ਦੂਰਾਂ ਦੀ ਆਮਦ ਨੇ ਅਗਲੀ ਪੀੜ੍ਹੀ ਦਾ ਕੰਮ ਤੋਂ ਮੋਹ ਭੰਗ ਕਰ ਦਿੱਤਾ। ਜਦੋਂ ਤੱਕ ਕਿਸਾਨਾਂ ਨੂੰ ਇਸ ਵਰਤਾਰੇ ਦੇ ਨੁਕਸਾਨ ਦੀ ਸਮਝ ਆਉਣ ਲੱਗੀ, ਉਦੋਂ ਤੱਕ ਉਹ ਏਨਾ ਝੁੱਗਾ ਚੌੜ ਕਰਵਾ ਚੁਕੇ ਸਨ ਕਿ ਫਿਰ ਜ਼ਿੰਦਗੀ ਦੀ ਗੱਡੀ ਲੀਹ ਉਤੇ ਕਦੇ ਵੀ ਨਹੀਂ ਆਈ ਤੇ ਮਾਨਸਿਕ ਹਾਰ ਦੇ ਸ਼ਿਕਾਰ ਹੋ ਕੇ ਕਿਸਾਨ ਸਿਵਿਆਂ ਦੇ ਰਾਹ ਪੈ ਗਏ।

ਤੀਜੀ ਗੱਲ ਕਿਸਾਨਾਂ ਦਾ ਖੇਤੀ ਮਸ਼ੀਨੀਕਰਨ ਨਾਲ ਮੋਹ ਸੀ, ਜਿਸ 'ਚ ਯੋਜਨਾਬੰਦੀ ਦਾ ਖਿਆਲ ਰੱਖਣ ਦੀ ਕਿਸੇ ਨੇ ਲੋੜ ਨਹੀਂ ਸੀ ਸੋਚੀ। ਫੈਕਟਰੀਆਂ ਵਾਲਿਆਂ ਨੇ ਟਰੈਕਟਰ ਬਣਾ ਕੇ ਵੱਧ ਤੋਂ ਵੱਧ ਵੇਚਣੇ ਸਨ, ਬੈਂਕ ਅਫਸਰਾਂ ਦੀ ਚੂਹਾ ਦੌੜ ਖੇਤੀ ਵਾਲੀ ਮਸ਼ੀਨਰੀ ਦੇ ਕਰਜ਼ੇ ਦੇਣ ਦੇ ਟਾਰਗੈਟ ਪੂਰੇ ਕਰਨ ਵੱਲ ਸੇਧਤ ਸੀ।

ਨਤੀਜਾ ਇਹ ਨਿਕਲਿਆ ਕਿ ਪੰਜਾਬ ਦੀ ਜਮੀਨ ਉਤੇ ਲੋੜ ਤੋਂ ਵੱਧ ਮਸ਼ੀਨਰੀ ਆ ਗਈ। ਖੇਤੀ ਮਾਹਰਾਂ ਦੀ ਰਾਏ ਹੈ ਕਿ ਪੰਜਾਬ ਵਿਚ ਜਿੰਨਾ ਰਕਬਾ ਵਾਹੀ ਯੋਗ ਬਣਦਾ ਹੈ, ਉਸ ਲਈ ਅੱਸੀ ਹਜ਼ਾਰ ਟਰੈਕਟਰ ਚਾਹੀਦੇ ਹਨ, ਪਰ ਇਸ ਨਾਲੋਂ ਸਾਢੇ ਪੰਜ ਗੁਣਾਂ ਟਰੈਕਟਰ ਸਾਡੇ ਕਿਸਾਨ ਖਰੀਦ ਚੁਕੇ ਹਨ। ਮੇਰੇ ਕੋਲ ਭਾਰਤ ਸਰਕਾਰ ਦੇ ਸਾਲ 2005-08 ਦੇ ਅੰਕੜੇ ਪਏ ਹਨ, ਜਿਨ੍ਹਾਂ ਮੁਤਾਬਕ ਪੰਜਾਬ ਦੇ ਖੇਤਾਂ ਵਿਚ ਸਵਾ ਤਿੰਨ ਲੱਖ ਟਰੈਕਟਰ ਉਦੋਂ ਘੁੰਮਦੇ ਸਨ। ਸਾਲ 2010-11 ਦੇ ਪੰਜਾਬ ਸਰਕਾਰ ਦੇ ਅੰਕੜਾ-ਸਾਰ ਮੁਤਾਬਕ ਸਾਡੇ ਖੇਤਾਂ ਵਿਚ ਉਦੋਂ ਤੱਕ ਪੰਜ ਲੱਖ ਤੋਂ ਵੱਧ ਟਰੈਕਟਰ ਆ ਚੁਕੇ ਸਨ। ਸਾਲ 2005-08 ਦੀ ਕੇਂਦਰ ਦੀ ਜਿਸ ਰਿਪੋਰਟ ਦਾ ਅਸੀਂ ਜ਼ਿਕਰ ਕੀਤਾ ਹੈ, ਉਸ ਮੁਤਾਬਕ ਉਤਰ ਪ੍ਰਦੇਸ਼ ਵਿਚ ਇੱਕ ਹਜ਼ਾਰ ਏਕੜ ਵਾਹੀ ਯੋਗ ਜਮੀਨ ਪਿੱਛੇ 47 ਟਰੈਕਟਰ ਸਨ, ਹਰਿਆਣੇ ਵਿਚ 56 ਸਨ ਤੇ ਪੰਜਾਬ ਵਿਚ ਇੱਕ ਹਜ਼ਾਰ ਏਕੜ ਪਿੱਛੇ 79 ਟਰੈਕਟਰ ਦੌੜੇ ਫਿਰਦੇ ਸਨ। ਪੰਜਾਬ ਸਰਕਾਰ ਦੇ ਸਾਲ 2010-11 ਦੇ ਅੰਕੜਾ-ਸਾਰ ਵਾਲੀ ਗਿਣਤੀ ਵੇਖੀ ਜਾਵੇ ਤਾਂ ਇੱਕ ਹਜ਼ਾਰ ਏਕੜ ਪਿੱਛੇ ਪੰਜਾਬ ਵਿਚ 121 ਤੋਂ ਵੱਧ ਟਰੈਕਟਰ ਧੂੰਆਂ ਉਡਾ ਰਹੇ ਸਨ। ਘੱਟ ਖੇਤੀ ਉਤੇ ਵੱਧ ਟਰੈਕਟਰ ਆ ਜਾਣ ਦੇ ਨਾਲ ਕਿਸਾਨਾਂ ਦਾ ਨਹੀਂ, ਉਨ੍ਹਾਂ ਦੀ ਥਾਂ ਬੈਂਕਾਂ ਅਤੇ ਟਰੈਕਟਰ ਕੰਪਨੀਆਂ ਤੇ ਦਲਾਲਾਂ ਦਾ ਭਲਾ ਹੋਇਆ ਸੀ। ਕਿਸਾਨਾਂ ਦੀ ਅਗਵਾਈ ਦਾ ਦਾਅਵਾ ਕਰਦੀ ਕਿਸੇ ਵੀ ਜਥੇਬੰਦੀ ਨੇ ਕਿਸਾਨਾਂ ਨੂੰ ਇਸ ਤੋਂ ਕਦੀ ਸੁਚੇਤ ਨਹੀਂ ਸੀ ਕੀਤਾ।

ਚੌਥਾ ਨੁਕਤਾ ਕਿਸਾਨ ਦੀ ਫਸਲ ਦੇ ਭਾਅ ਮਿੱਥਣ ਦਾ ਹੈ। ਇਥੇ ਵੀ ਅਜੀਬ ਫਾਰਮੂਲੇ ਹਨ। ਕਣਕ ਦੀ ਫਸਲ ਲਈ ਇਸ ਵਿਚ ਬੀਜ ਤੋਂ ਲੈ ਕੇ ਵਹਾਈ, ਖਾਦਾਂ ਤੇ ਕੀੜੇ-ਮਾਰ ਦਵਾਈਆਂ ਅਤੇ ਕੱਟਣ-ਵੱਢਣ ਤੱਕ ਦੇ ਸਾਰੇ ਖਰਚੇ ਗਿਣੇ ਜਾਂਦੇ ਹਨ ਤੇ ਫਿਰ ਸਾਰੇ ਰਾਜਾਂ ਵਿਚੋਂ ਆਏ ਅੰਕੜਿਆਂ ਨੂੰ ਇੱਕੋ ਚਾਟੀ ਵਿਚ ਸੁੱਟ ਕੇ ਰਿੜਕਿਆ ਜਾਂਦਾ ਹੈ ਅਤੇ ਖਰਚ ਦੀ ਔਸਤ ਕੱਢ ਕੇ ਸਾਰੇ ਭਾਰਤ ਲਈ ਉਸ ਫਸਲ ਦਾ ਇੱਕੋ ਭਾਅ ਮਿੱਥ ਦਿੱਤਾ ਜਾਂਦਾ ਹੈ। ਇਹ ਫਾਰਮੂਲਾ ਗਲਤ ਹੈ। ਕਿਸੇ ਰਾਜ ਦੀ ਜ਼ਮੀਨ ਮੁਤਾਬਕ ਕਮਾਦ ਬੀਜਣ ਵੇਲੇ ਕਿਸਾਨਾਂ ਨੂੰ ਗੰਨੇ ਦੀਆਂ ਗਨੇਰੀਆਂ ਸਿਆੜਾਂ ਵਿਚ ਵੱਧ ਲਾਉਣ ਲਈ ਵੱਧ ਵਕਤ ਲਾਉਣਾ ਪੈਂਦਾ ਹੈ ਤੇ ਕਿਸੇ ਹੋਰ ਰਾਜ ਵਿਚ ਇਸ ਤੋਂ ਅੱਧੀਆਂ ਗਨੇਰੀਆਂ ਨਾਲ ਬੁੱਤਾ ਸਰ ਜਾਂਦਾ ਹੈ। ਦੋਵਾਂ ਦੇ ਖਰਚੇ ਤੇ ਖੇਚਲ ਦੀ ਔਸਤ ਕੱਢਣ ਨਾਲ ਵੱਧ ਖਪਣ ਵਾਲੇ ਨੂੰ ਘਾਟਾ ਪੈਂਦਾ ਹੈ।

ਕੇਂਦਰ ਸਰਕਾਰ ਕਿਸੇ ਰਾਜ ਵਿਚ ਵੱਧ ਤੇ ਕਿਸੇ ਰਾਜ ਵਿਚ ਘੱਟ ਭਾਅ ਨਹੀਂ ਮਿੱਥ ਸਕਦੀ। ਇਸ ਦੀ ਥਾਂ ਕਰਨ ਵਾਲਾ ਅਸਲੀ ਕੰਮ ਇਹ ਬਣਦਾ ਹੈ ਕਿ ਹਰ ਰਾਜ ਦੀ ਸਰਕਾਰ ਕਿਸਾਨਾਂ ਨੂੰ ਫਸਲ ਦਾ ਪੂਰਾ ਹੱਕ ਦੇਣ ਲਈ ਖੇਤੀ ਅਥਾਰਟੀ ਬਣਾਵੇ। ਉਹ ਖੇਤੀ ਅਥਾਰਟੀ ਕਿਸਾਨ ਦੀ ਹਰ ਫਸਲ ਉਤੇ ਆਪਣੇ ਰਾਜ ਵਿਚਲੀ ਲਾਗਤ ਨੂੰ ਵੇਖੇ ਅਤੇ ਦੇਸ਼ ਪੱਧਰ ਉਤੇ ਖੇਤੀ ਕੀਮਤ ਕਮਿਸ਼ਨ ਦੇ ਸਿਫਾਰਸ਼ ਕੀਤੇ ਹੋਏ ਉਸ ਸਾਲ ਦੇ ਭਾਅ ਨੂੰ ਮਿਲਾ ਕੇ ਆਪਣੇ ਰਾਜ ਦੇ ਕਿਸਾਨਾਂ ਨੂੰ ਪੈਣ ਵਾਲੇ ਘਾਟੇ ਲਈ ਰਾਜ ਸਰਕਾਰ ਨੂੰ ਓਨਾ ਬੋਨਸ ਦੇਣ ਦੀ ਬਾਕਾਇਦਾ ਸਿਫਾਰਸ਼ ਕਰੇ। ਏਥੇ ਛੱਤੀ ਕਿਸਮਾਂ ਦੇ ਹੋਰ ਕਮਿਸ਼ਨ ਅਤੇ ਅਥਾਰਟੀਆਂ ਬਣ ਗਈਆਂ, ਪਰ ਪੰਜਾਬ ਵਿਚ ਕਿਸਾਨਾਂ ਲਈ ਏਦਾਂ ਦਾ ਕਮਿਸ਼ਨ ਨਹੀਂ ਬਣਿਆ। ਯੂਰਪ ਦੇ ਕੁਝ ਦੇਸ਼ਾਂ 'ਚ ਅਜਿਹੇ ਪ੍ਰਬੰਧ ਹਨ ਕਿ ਸਬੰਧਤ ਰਾਜ ਵਿਚ ਕਿਸਾਨਾਂ ਨੂੰ ਕਿਸੇ ਫਸਲ 'ਚ ਘਾਟਾ ਪੈਂਦਾ ਵੇਖ ਕੇ ਇੱਕ ਖਾਸ 'ਕਰਾਪ ਸੁਪੋਰਟ' ਦੀ ਸਿਫਾਰਸ਼ ਕੀਤੀ ਜਾਂਦੀ ਹੈ। ਅਜਿਹਾ ਪ੍ਰਬੰਧ ਸਾਡੇ ਦੇਸ਼, ਖਾਸ ਕਰ ਪੰਜਾਬ 'ਚ ਵੀ ਕੀਤਾ ਜਾਣਾ ਚਾਹੀਦਾ ਹੈ।

ਹੁਣ ਪੰਜਾਬ ਵਿਚ ਇੱਕ ਹੋਰ ਭੈੜਾ ਕੰਮ ਹੁੰਦਾ ਪਿਆ ਹੈ, ਜਿਸ ਬਾਰੇ ਪਿਛਲੇ ਇੱਕੋ ਹਫਤੇ ਵਿਚ ਸਾਨੂੰ ਤਿੰਨ ਵਾਰ ਖਬਰ ਪੜ੍ਹਨ ਨੂੰ ਮਿਲੀ ਹੈ। ਪਤਾ ਲੱਗਾ ਹੈ ਕਿ ਹੁਣ ਜਦੋਂ ਆੜ੍ਹਤੀਆਂ ਦਾ ਕਰਜ਼ਾ ਵੱਧ ਹੋ ਚੁਕਾ ਹੈ, ਉਦੋਂ ਕਿਸਾਨਾਂ ਨੂੰ ਘਰਾਂ ਦੀਆਂ ਸਮਾਜੀ ਲੋੜਾਂ ਵਾਸਤੇ ਪੈਸੇ ਦੀ ਲੋੜ ਪਵੇ ਤਾਂ ਉਹ ਦਲਾਲਾਂ ਕੋਲ ਜਾਂਦੇ ਹਨ ਜਾਂ ਦਲਾਲ ਖੁਦ ਉਨ੍ਹਾਂ ਕੋਲ ਪੁੱਜ ਜਾਂਦੇ ਹਨ ਤੇ ਇਸ ਲੋੜ ਦਾ ਪ੍ਰਬੰਧ ਕਰਨ ਦੇ ਨਾਂ ਉਤੇ ਹੋਰ ਫਸਾ ਦਿੰਦੇ ਹਨ। ਕਿਸਾਨਾਂ ਨੂੰ ਕਿਹਾ ਜਾਂਦਾ ਹੈ ਕਿ ਹੋਰ ਕਰਜ਼ਾ ਮਿਲ ਨਹੀਂ ਸਕਦਾ, ਖੇਤੀ ਮਸ਼ੀਨਰੀ ਲਈ ਮਿਲ ਜਾਵੇਗਾ, ਅਸੀਂ ਤੈਨੂੰ ਕਰਜ਼ੇ ਉਤੇ ਬੈਂਕ ਤੋਂ ਟਰੈਕਟਰ ਦਿਵਾ ਦੇਵਾਂਗੇ ਤੇ ਅਗਲੇ ਹਫਤੇ ਤੇਰਾ ਉਹ ਟਰੈਕਟਰ ਵਿਕਵਾ ਵੀ ਦੇਵਾਂਗੇ, ਪਰ ਇਸ ਸੌਦੇ ਵਿਚੋਂ ਪੰਜਾਹ ਹਜ਼ਾਰ ਘੱਟ ਮਿਲਣਗੇ। ਪਹਿਲਾਂ ਕਰਜ਼ਾ ਦਿਵਾਉਣ ਦਾ ਕਮਿਸ਼ਨ ਚੱਲਦਾ ਹੈ, ਫਿਰ ਅੱਜ ਲਿਆ ਗਿਆ ਟਰੈਕਟਰ ਇੱਕ ਹਫਤੇ ਬਾਅਦ ਘਾਟਾ ਪਾ ਕੇ ਵੇਚਿਆ ਜਾਂਦਾ ਹੈ, ਕਿਸਾਨ ਕਰਜ਼ੇ ਦੀ ਪੰਡ ਹੇਠ ਹੋਰ ਦੱਬ ਜਾਂਦਾ ਹੈ, ਜਿਸ ਵਿਚੋਂ ਫਿਰ ਉਸ ਕਦੇ ਨਿਕਲ ਨਹੀਂ ਸਕਣਾ। ਕੋਈ ਕਿਸਾਨ ਜਥੇਬੰਦੀ ਇਸ ਵਰਤਾਰੇ ਬਾਰੇ ਨਹੀਂ ਬੋਲਦੀ। ਮਾਝੇ, ਦੋਆਬੇ, ਮਾਲਵੇ ਵਿਚ ਹਰ ਪਾਸੇ ਅੱਜ-ਕੱਲ੍ਹ ਜਿੱਥੇ ਕੋਈ ਟਰੈਕਟਰਾਂ ਦੀ ਹਫਤਾਵਾਰੀ ਮੰਡੀ ਲੱਗਦੀ ਹੈ, ਉਥੇ ਚਮਕਾਂ ਮਾਰਦੇ ਨਵੇਂ ਟਰੈਕਟਰਾਂ ਦੀ ਲਾਈਨ ਲੱਗੀ ਦਿਸਦੀ ਹੈ ਤੇ ਉਹ ਲਾਈਨ ਘਰਾਂ ਦੀਆਂ ਲੋੜਾਂ ਲਈ ਅਸਿੱਧੇ ਕਰਜ਼ੇ ਦਾ ਅੱਕ ਚੱਬਣ ਵਾਲੇ ਕਿਸਾਨਾਂ ਨੇ ਲਾਈ ਹੁੰਦੀ ਹੈ।

ਕਿਸਾਨੀ ਦੇ ਦੁੱਖਾਂ ਦਾ ਮਾਮਲਾ ਅਸਲ ਵਿਚ ਅਜਿਹਾ ਸਿੱਧਾ ਨਹੀਂ ਕਿ ਇਸ ਵਿਚ ਹਰ ਕੋਈ ਲੱਤ ਗੱਡਣ ਲੱਗ ਜਾਵੇ। ਅਸੀਂ ਸ਼ੁਰੂ ਵਿਚ ਕਿਹਾ ਸੀ ਕਿ ਜ਼ਿੰਦਗੀ ਦੇ ਕੁਝ ਸਾਲ ਕਿਸਾਨਾਂ ਦੇ ਨਾਲ ਰਹਿਣ ਦੇ ਬਾਵਜੂਦ ਸਾਨੂੰ ਇਸ ਦੀ ਹਾਲੇ ਤੱਕ ਮੁਕੰਮਲ ਸਮਝ ਨਹੀਂ, ਪਰ ਜਿਹੜੇ ਏਅਰ ਕੰਡੀਸ਼ੰਡ ਦਫਤਰਾਂ, ਕਾਰਾਂ ਤੇ ਕੋਠੀਆਂ ਵਿਚ ਰਹਿਣ ਅਤੇ ਸੈਮੀਨਾਰਾਂ ਵਿਚ ਬੋਲਣ ਨੂੰ ਐਕਸਪਰਟ ਹੋਣ ਦਾ ਸਬੂਤ ਮੰਨਦੇ ਹਨ, ਉਨ੍ਹਾਂ ਦੇ ਵੱਸ ਦਾ ਇਹ ਮੁੱਦਾ ਹੋ ਹੀ ਨਹੀਂ ਸਕਦਾ। ਇਸ ਸਮਝ ਲਈ ਕਿਸਾਨੀ ਜ਼ਿੰਦਗੀ ਦੇ ਕਈ ਪੱਖ ਫੋਲਣ ਦੀ ਲੋੜ ਪੈ ਜਾਂਦੀ ਹੈ। ਸਰਕਾਰਾਂ ਚਲਾਉਣ ਦੇ ਕੰਮ ਵਿਚ ਰੁੱਝੇ, ਅਸਲ 'ਚ ਰਾਜ ਦਾ ਸੁੱਖ ਮਾਣਨ ਰੁੱਝੇ, ਆਗੂਆਂ ਕੋਲ ਏਨੀ ਵਿਹਲ ਨਹੀਂ। ਉਤਲੀ-ਪੇਤਲੀ ਬਿਆਨਬਾਜ਼ੀ ਨਾਲ ਬਹੁਤ ਵੱਡੇ ਮੁੱਦੇ ਨੂੰ, ਜਿਹੜਾ ਅੰਨ ਪੈਦਾ ਕਰਨ ਵਾਲੇ ਵਰਗ ਲਈ ਜ਼ਿੰਦਗੀ-ਮੌਤ ਦਾ ਮੁੱਦਾ ਹੈ, ਸਿਆਸੀ ਲੋੜ ਲਈ ਸਮੇਟਿਆ ਤੇ ਵਰਤਿਆ ਜਾਂਦਾ ਹੈ, ਇਸ ਦਾ ਹੱਲ ਨਹੀਂ ਕੱਢਿਆ ਜਾਂਦਾ। ਇਸੇ ਲਈ ਹੁਣ ਤੱਕ ਕੋਈ ਹੱਲ ਨਹੀਂ ਨਿਕਲਿਆ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available



ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ
ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ। ਰਿਹਾਇਸ਼ ਅਤੇ ਖਾਣ-ਪੀਣ ਫਰੀ, ਚੰਗੀ ਤਨਖਾਹ। ਛੇ ਦਿਨ ਕੰਮ, ਇਕ ਦਿਨ ਛੁੱਟੀ
ਸੰਪਰਕ ਕਰੋ
ਫੋਨ: 501-309-4140
32-33



## ਰੇਤ ਖੱਡਾਂ ਬਾਰੇ ਰਿਪੋਰਟ ਕੈਪਟਨ ਹਵਾਲੇ

**ਚੰਡੀਗੜ੍ਹ:** ਪੰਜਾਬ ਵਿਚ ਰੇਤ ਦੀਆਂ ਖੱਡਾਂ ਦੀ ਨਿਲਾਮੀ 'ਚ ਬੇਨੇਮੀਆਂ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਜਸਟਿਸ ਜੇ.ਐਸ. ਨਾਰੰਗ ਕਮਿਸ਼ਨ ਨੇ ਆਪਣੀ ਰਿਪੋਰਟ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪ ਦਿੱਤੀ ਹੈ।

ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਇਹ ਰਿਪੋਰਟ ਮੁੱਖ ਸਕੱਤਰ ਨੂੰ ਭੇਜਦਿਆਂ ਦੋ ਹਫਤਿਆਂ 'ਚ ਆਪਣੀ ਟਿੱਪਣੀ ਦੇ ਕੇ ਵਾਪਸ ਭੇਜਣ ਲਈ ਆਖਿਆ ਹੈ। ਮੁੱਖ ਮੰਤਰੀ ਨੇ ਇਸ ਵਰ੍ਹੇ ਦੇ ਮਈ ਮਹੀਨੇ ਵਿਚ ਖਣਨ ਵਿਭਾਗ ਵੱਲੋਂ ਰੇਤ ਖੱਡਾਂ ਦੀ ਕਰਵਾਈ ਨਿਲਾਮੀ ਵਿਚ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਦੀ ਸ਼ਮੂਲੀਅਤ ਦੇ ਦੋਸ਼ਾਂ ਦੇ ਮੱਦੇਨਜ਼ਰ ਇਕ ਮੈਂਬਰੀ ਕਮਿਸ਼ਨ ਕਾਇਮ ਕਰਨ ਦੇ ਹੁਕਮ ਦਿੱਤੇ ਸਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਜੇ.ਐਸ. ਨਾਰੰਗ ਦੇ ਕਮਿਸ਼ਨ ਨੂੰ ਬਹੁ-ਕਰੋੜੀ ਰੇਤ ਖਣਨ ਨਿਲਾਮੀ ਵਿਚ ਸਿੰਜਾਈ ਤੇ ਬਿਜਲੀ ਮੰਤਰੀ ਖਿਲਾਫ ਬੇਨਿਯਮੀਆਂ ਦੇ ਲੱਗੇ ਦੋਸ਼ਾਂ ਨਾਲ ਜੁੜੇ ਸਾਰੇ ਪਹਿਲੂਆਂ ਦੀ ਜਾਂਚ ਲਈ ਆਖਿਆ ਗਿਆ ਸੀ।

INDIAN BAZAAR
334 S. Emerson Ave., GREENWOOD, IN 46143
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ
■ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
■ਕੈਟਰਿੰਗ ਵੀ ਕਰਦੇ ਹਾਂ
■ਵੱਡੇ ਆਰਡਰ ਲਈ ਸਪੈਸ਼ਲ ਰੇਟ
■ਤਾਜ਼ਾ ਸਬਜ਼ੀਆਂ ਹਰ ਵੀਰਵਾਰ
ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਉਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।
ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ



ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ
Ph: 317-534-5151, 916-524-0045

ਪੰਜਾਬ ਟਾਈਮਜ਼

*ਸਨਿਚਰਵਾਰ, 19 ਅਗਸਤ 2017*

## ਸੱਤਰ ਸਾਲਾਂ ਦਾ ਸਫਰ

ਭਾਰਤ ਵਿਚੋਂ ਅੰਗਰੇਜ਼ਾਂ ਦਾ ਸ਼ਾਸਨ ਖਤਮ ਹੋਏ ਨੂੰ ਸੱਤਰ ਸਾਲ ਲੰਘ ਗਏ ਹਨ। ਉਸ ਦਿਨ ਤੋਂ ਬਾਅਦ ਮੁਲਕ ਦੀ ਕਮਾਨ 'ਆਪਣੇ ਲੋਕਾਂ' ਦੇ ਹੱਥ ਆਈ ਸੀ ਅਤੇ ਆਪਣੀ ਸਰਕਾਰ ਨੂੰ ਆਪਣੇ ਢੰਗ ਨਾਲ ਮੁਲਕ ਨੂੰ ਅੱਗੇ ਲਿਜਾਣ ਦਾ ਮੌਕਾ ਮਿਲਿਆ ਸੀ। ਇਸ ਸਮੇਂ ਦੌਰਾਨ ਮੁਲਕ ਵਿਚ ਹਰ ਪੱਧਰ ਉਤੇ ਬੜੀਆਂ ਤਬਦੀਲੀਆਂ ਦੇਖਣ ਨੂੰ ਮਿਲੀਆਂ ਹਨ। ਕਈ ਖੇਤਰਾਂ ਵਿਚ ਤਾਂ ਭਾਰਤ ਸੰਸਾਰ ਦੇ ਸਿਰ ਕੱਢਵੇਂ ਮੁਲਕਾਂ ਦੇ ਬਰਾਬਰ ਤੁਲਦਾ ਰਿਹਾ ਹੈ, ਪਰ ਸਦੀਆਂ ਤੋਂ ਚਲਿਆ ਆ ਰਿਹਾ ਆਰਥਿਕ ਪਾੜਾ ਅੱਜ ਵੀ ਮੂੰਹ ਅੱਡੀ ਖੜ੍ਹਾ ਹੈ। ਸਦੀਆਂ ਪਹਿਲਾਂ ਰਾਜਿਆਂ-ਮਹਾਰਾਜਿਆਂ ਦੇ ਜ਼ਮਾਨੇ ਵਿਚ ਵੀ ਬਥੇਰੇ ਲੋਕ ਗੁਰਬਤ ਦਾ ਭਾਰ ਢੋਅ ਰਹੇ ਸਨ, ਅੱਜ ਵੀ ਢੋਅ ਰਹੇ ਹਨ। ਕਿੰਨੇ ਰਾਜ ਬਦਲ ਗਏ, ਪਰ ਇਨ੍ਹਾਂ ਲੋਕਾਂ ਦੇ ਹਾਲਾਤ ਵਿਚ ਕੋਈ ਸਿਫਤੀ ਤਬਦੀਲੀ ਨਹੀਂ ਆਈ ਹੈ। ਸਮਾਜ ਉਤੇ ਪਿਆ ਇਹ ਭਾਰ ਜਿਉਂ ਦਾ ਤਿਉਂ ਚੱਲ ਰਿਹਾ ਹੈ। ਸਮਾਜ ਵਿਚ ਜਾਤ-ਪਾਤ ਦਾ ਪਹਿਲਾਂ ਹੀ ਕੋਹੜ ਮੌਜੂਦ ਸੀ, ਪਰ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਫਿਰਕਾਪ੍ਰਸਤੀ ਦੀ ਇਕ ਹੋਰ ਅਲਾਮਤ ਸਮਾਜ ਨੂੰ ਚਿੰਬੜ ਗਈ। ਅਸਲ ਵਿਚ, ਇਹ ਸ਼ਾਸਕਾਂ ਦੀ ਰਾਜਨੀਤੀ ਅਤੇ ਰਣਨੀਤੀ ਦਾ ਹੀ ਇਕ ਹਿੱਸਾ ਸੀ ਤਾਂ ਕਿ ਇਸ ਮੁਲਕ ਉਤੇ ਲੰਮੇ ਸਮੇਂ ਤੱਕ ਰਾਜ ਕੀਤਾ ਜਾ ਸਕੇ। ਆਖਰਕਾਰ, ਅੰਗਰੇਜ਼ਾਂ ਦਾ ਰਾਜ ਸਮਾਪਤ ਹੋ ਗਿਆ, ਪਰ ਤਰੱਕੀਆਂ ਦੇ ਬਾਵਜੂਦ ਅਮੀਰ-ਗਰੀਬ ਦਾ ਪਾੜਾ ਘਟਣ ਦਾ ਨਾਂ ਨਹੀਂ ਲੈ ਰਿਹਾ। ਅੰਕੜੇ ਤਾਂ ਇਹ ਵੀ ਦੱਸਦੇ ਹਨ ਕਿ 1990ਵਿਆਂ ਵਿਚ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਵਿਚ ਸ਼ੁਰੂ ਹੋਏ ਨਵੇਂ ਆਰਥਿਕ ਸੁਧਾਰਾਂ ਨੇ ਇਹ ਪਾੜਾ ਹੋਰ ਵਧਾਇਆ ਹੈ। ਮੁਲਕ ਦੀ ਮਾਇਆ ਕੁਝ ਕੁ ਪਰਿਵਾਰਾਂ ਕੋਲ ਇਕੱਠੀ ਹੋ ਰਹੀ ਹੈ ਅਤੇ ਇਸ ਕਾਰਜ ਵਿਚ ਸਿਆਸੀ ਢਾਂਚਾ ਸਰਗਰਮ ਭੂਮਿਕਾ ਹੀ ਨਹੀਂ ਨਿਭਾ ਰਿਹਾ ਹੈ, ਸਗੋਂ ਬਰਾਬਰ ਦਾ ਭਾਈਵਾਲ ਬਣਿਆ ਹੋਇਆ ਹੈ। ਇਸ ਦਾ ਸਿੱਧਾ ਜਿਹਾ ਮਤਲਬ ਇਹ ਨਿਕਲਦਾ ਹੈ ਕਿ ਗੁਰਬਤ ਮਾਰਿਆਂ ਨੂੰ ਰਲ-ਮਿਲ ਲੁਟਿਆ ਜਾ ਰਿਹਾ ਹੈ। ਇਕ ਪਾਸੇ ਸੰਸਾਰ ਵਿਚ ਇਕ ਵੱਡੀ ਤਾਕਤ ਬਣਨ ਦੇ ਦਾਅਵੇ ਕੀਤੇ ਜਾ ਰਹੇ ਹਨ, ਦੂਜੇ ਪਾਸੇ ਲੋਕ ਸਿਹਤ, ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਵੀ ਤੜਫ ਰਹੇ ਹਨ। ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਰੁਕ ਨਹੀਂ ਰਹੀਆਂ। ਭ੍ਰਿਸ਼ਟਾਚਾਰ ਨੇ ਆਵਾਮ ਦਾ ਜੀਣਾ ਔਖਾ ਕੀਤਾ ਹੋਇਆ ਹੈ ਅਤੇ ਫਿਲਹਾਲ ਇਸ ਅਲਾਮਤ ਤੋਂ ਛੁਟਕਾਰੇ ਦਾ ਕੋਈ ਬੰਨ੍ਹ-ਸੁਬ ਬਣਦਾ ਨਜ਼ਰ ਨਹੀਂ ਆ ਰਿਹਾ। ਦਰਅਸਲ, ਇਥੇ ਮਸਲਾ ਇੱਛਾ ਸ਼ਕਤੀ ਅਤੇ ਤਰਜੀਹਾਂ ਦਾ ਹੈ। ਮੁਲਕ ਵਿਚ ਤਾਂ ਕਿਸੇ ਕਿਸਮ ਦੀ ਕੋਈ ਤੋਟ ਨਹੀਂ ਹੈ। ਹੁਕਮਰਾਨ ਜਮਾਤਾਂ ਦੀਆਂ ਤਰਜੀਹਾਂ ਕੁਝ ਹੋਰ ਹੀ ਹਨ।

ਮੁਲਕ ਦੇ ਹੁਣ ਵਾਲੇ ਹਾਕਮਾਂ ਦੀਆਂ ਤਰਜੀਹਾਂ ਤਾਂ ਹਨ ਹੀ ਹੋਰ। ਫਿਰਕਾਪ੍ਰਸਤੀ ਦਾ ਤਾਣਾ-ਬਾਣਾ ਜੀਵਨ ਦੇ ਹਰ ਪੱਖ ਉਤੇ ਬਹੁਤ ਬੁਰੀ ਤਰ੍ਹਾਂ ਅਸਰ-ਅੰਦਾਜ਼ ਹੋ ਰਿਹਾ ਹੈ। ਅਸਲ ਵਿਚ ਤਿੰਨ ਸਾਲ ਪਹਿਲਾਂ ਜਦੋਂ ਤੋਂ ਮੁਲਕ ਵਿਚ ਮੋਦੀ ਸਰਕਾਰ ਦੀ ਕਾਇਮੀ ਹੋਈ ਹੈ, ਮੁਲਕ ਦਾ ਮੁਹਾਣ ਹੀ ਬਦਲ ਗਿਆ ਹੈ। ਮਈ 2014 ਵਿਚ ਜਦੋਂ ਆਰ.ਐਸ.ਐਸ. ਪ੍ਰਚਾਰਕ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਸੀ ਤਾਂ ਦੋ ਹਫਤੇ ਬਾਅਦ ਹੀ ਹਿੰਦੂ ਕੱਟੜਪੰਥੀਆਂ ਨੇ ਪੁਣੇ (ਮਹਾਂਰਾਸ਼ਟਰ) ਵਿਚ 24 ਵਰ੍ਹਿਆਂ ਦੇ ਮੁਸਲਮਾਨ ਨੌਜਵਾਨ ਮੋਹਸਿਨ ਸਾਦਿਕ ਸ਼ੇਖ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਹਰ ਮਸਲੇ 'ਤੇ ਤੁਰੰਤ ਟਵੀਟ ਕਰਨ ਵਾਲੇ ਪ੍ਰਧਾਨ ਮੰਤਰੀ ਉਦੋਂ ਖਾਮੋਸ਼ ਰਹੇ ਅਤੇ ਇਹ ਖਾਮੋਸ਼ੀ ਅੱਜ ਤੱਕ ਬਰਕਰਾਰ ਹੈ। ਹਾਂ, ਕੁਝ ਵਧੇਰੇ ਹੀ ਜ਼ੋਰ ਪੈਣ ਪਿਛੋਂ ਉਹ ਕੁਝ ਮਾਮਲਿਆਂ ਬਾਰੇ ਬੋਲਦੇ ਤਾਂ ਹਨ, ਪਰ ਅਜਿਹੇ ਬਿਆਨਾਂ ਵਿਚ ਵੀ ਉਨ੍ਹਾਂ ਦਾ ਸੁਨੇਹਾ ਖਾਸ ਹੀ ਹੁੰਦਾ ਹੈ। ਜਦੋਂ ਤੋਂ ਮੁਲਕ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦਾ ਰਾਜ ਆਇਆ ਹੈ ਅਤੇ ਉਥੇ ਆਰ.ਐਸ.ਐਸ. ਦੇ ਥਾਪੜੇ ਨਾਲ ਕੱਟੜ ਹਿੰਦੂਵਾਦੀ ਆਗੂ ਯੋਗੀ ਅਦਿਤਿਆਨਾਥ ਨੇ ਕਮਾਨ ਸੰਭਾਲੀ ਹੈ, ਹਵਾ ਦੇ ਰੁਖ ਨੇ ਸਭ ਕੁਝ ਸਪਸ਼ਟ ਕਰ ਦਿੱਤਾ ਹੈ। 70ਵੇਂ ਆਜ਼ਾਦੀ ਦਿਵਸ ਮੌਕੇ ਤਾਂ ਇਹ ਆਗੂ ਚਾਰ ਕਦਮ ਅਗਾਂਹ ਨਿਕਲ ਗਿਆ ਅਤੇ ਸੂਬੇ ਵਿਚ ਚੱਲਦੇ ਮਦਰੱਸਿਆਂ ਵਿਚ ਆਜ਼ਾਦੀ ਦਿਵਸ ਸਮਾਗਮਾਂ ਦੀ ਵੀਡੀਓਗ੍ਰਾਫੀ/ਫੋਟੋਗ੍ਰਾਫੀ ਦੇ ਹੁਕਮ ਲਾ ਦਿੱਤੇ। ਦੁਨੀਆਂ ਜਾਣਦੀ ਹੈ ਕਿ ਇਨ੍ਹਾਂ ਮਦਰੱਸਿਆਂ ਵਿਚ ਹਰ ਸਾਲ ਇਹ ਸਮਾਗਮ ਮਨਾਇਆ ਜਾਂਦਾ ਹੈ, ਪਰ ਨਵੇਂ ਹੁਕਮ ਉਸ ਮੁਹਿੰਮ ਦਾ ਹਿੱਸਾ ਹੈ ਜਿਸ ਤਹਿਤ ਘੱਟ-ਗਿਣਤੀਆਂ ਤੋਂ ਦੇਸ਼ ਭਗਤ ਹੋਣ ਦੇ ਸਬੂਤ ਮੰਗੇ ਜਾ ਰਹੇ ਹਨ। ਮੁਲਕ ਦੀਆਂ ਅਹਿਮ ਸੰਸਥਾਵਾਂ ਜਿਨ੍ਹਾਂ ਉਤੇ ਅੱਜ ਕੱਟੜਪੰਥੀ ਕਾਬਜ਼ ਹੋ ਗਏ ਹਨ, ਇਸ ਪਾਸੇ ਗਿਣ-ਮਿਥ ਕੇ ਮੁਹਿੰਮਾਂ ਚਲਾ ਰਹੀਆਂ ਹਨ। ਜ਼ਾਹਰ ਹੈ ਕਿ ਆਜ਼ਾਦੀ ਦੀ ਲੜਾਈ ਲਈ ਆਪਣੀਆਂ ਜਾਨਾਂ ਤੱਕ ਕੁਰਬਾਨ ਕਰਨ ਵਾਲਿਆਂ ਨੇ ਅਜਿਹੀ ਆਜ਼ਾਦੀ ਬਾਰੇ ਕਦੀ ਅਜਿਹਾ ਤਸੱਵਰ ਨਹੀਂ ਕੀਤਾ ਹੋਣਾ। ਭਗਤ ਸਿੰਘ ਵਰਗੇ ਲੜਾਕਿਆਂ ਨੇ ਸਾਫ ਕਿਹਾ ਸੀ ਕਿ ਆਜ਼ਾਦੀ ਦਾ ਮਤਲਬ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਕੱਢਣ ਤੱਕ ਸੀਮਤ ਨਹੀਂ ਹੈ, ਇਸ ਦਾ ਮਤਲਬ ਹਰ ਤਰ੍ਹਾਂ ਦੀ ਗੁਲਾਮੀ ਤੋਂ ਮੁਕਤੀ ਹੈ। ਇਕ ਨੁਕਤਾ ਹੋਰ ਵੀ ਵਿਚਾਰਨ ਅਤੇ ਪ੍ਰਚਾਰਨ ਵਾਲਾ ਹੈ ਕਿ ਕੱਟੜਪੰਥੀਆਂ ਦੀ ਚੜ੍ਹਤ ਦਾ ਇਕ ਕਾਰਨ ਇਹ ਵੀ ਹੈ ਕਿ ਪਹਿਲੀਆਂ ਸ਼ਾਸਕ ਧਿਰਾਂ ਵੀ ਬਹੁਤ ਸਾਰੇ ਮਾਮਲਿਆਂ 'ਤੇ ਚੰਮ ਦੀਆਂ ਚਲਾਉਂਦੀਆਂ ਰਹੀਆਂ ਹਨ। ਅਜਿਹੀਆਂ ਧਿਰਾਂ ਨੂੰ ਨੱਥ ਪਾਉਣ ਵਾਲੀਆਂ ਸੰਜੀਦਾ ਧਿਰਾਂ ਦੀ ਵੁਕਅਤ ਅੱਜ ਕੱਲ੍ਹ ਬਹੁਤ ਘਟ ਗਈ ਹੋਈ ਹੈ। ਇਸ ਨਿਘਾਰ ਕਾਰਨ ਹੀ ਅੰਤਾਂ ਦੇ ਨਿਘਰੇ ਹੋਏ ਕੱਟੜਪੰਥੀਆਂ ਦਾ ਦਾਅ ਲੱਗਿਆ ਹੋਇਆ ਹੈ ਅਤੇ ਹੁਣ ਇਹ ਆਏ ਦਿਨ ਮਨਮਰਜ਼ੀਆਂ ਕਰ ਰਹੇ ਹਨ। ਮੁਲਕ ਦੇ ਆਵਾਮ ਨੂੰ ਗਾਹੇ-ਬਗਾਹੇ ਅਜਿਹੇ ਹਾਲਾਤ ਨਾਲ ਪਹਿਲਾਂ ਵੀ ਜੂਝਣਾ ਪਿਆ ਹੈ ਅਤੇ ਚੰਗੀ ਗੱਲ ਇਹੀ ਰਹੀ ਹੈ ਕਿ ਲੋਕ ਹਰ ਕਿਸਮ ਦੀ ਜ਼ਿਆਦਤੀ ਨਾਲ ਆਪਣੇ ਢੰਗ ਨਾਲ ਨਜਿੱਠਦੇ ਰਹੇ ਹਨ। ਹੁਣ ਇਹ ਦੇਖਣਾ ਬਾਕੀ ਹੈ ਕਿ ਮੁਲਕ ਦਾ ਆਵਾਮ ਕੱਟੜਪੰਥੀਆਂ ਦੀ ਗੁਲਾਮੀ ਤੋਂ ਨਿਜਾਤ ਹਾਸਲ ਕਰਨ ਲਈ ਨਵੀਂ ਆਜ਼ਾਦੀ ਦਾ ਅੰਦੋਲਨ ਕਿਸ ਰੂਪ ਵਿਚ ਚਲਾਉਂਦਾ ਹੈ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਾਕਿਆਂ ਦੀ ਕਰਤੂਤ*

ਮਾਰੀ ਸੱਟ ਵਿਦਰੋਹ ਦੀ ਭਾਵਨਾ 'ਤੇ, ਵਧਦੀ ਹੋਈ ਮਹਿੰਗਾਈ ਤੇ ਫਾਕਿਆਂ ਨੇ।
ਲੋਕ ਰਾਜ ਤੋਂ ਤੋੜ ਵਿਸ਼ਵਾਸ ਦੇਣਾ, ਸਿਆਸਤਦਾਨਾਂ ਦੀ ਲੁੱਟ ਤੇ ਡਾਕਿਆਂ ਨੇ।
ਸਹਿਮ ਪਾਇਆ ਐ ਲੋਕਾਂ ਦੇ ਵਿਚ ਯਾਰੋ, ਛੋਕਰ-ਖੇਲ੍ਹ ਦੇ ਖੁੱਲ੍ਹਦੇ ਝਾਕਿਆਂ ਨੇ।
ਵਿਗੜੇ ਪੁੱਤ ਸਿਆਸਤੀ ਆਗੂਆਂ ਦੇ, ਕਦੇ ਫੜ੍ਹੇ ਨਾ ਪੁਲਿਸ ਦੇ ਨਾਕਿਆਂ ਨੇ।
ਮੁੰਡਾ 'ਆਪਣਾ' ਹੋਵੇ ਤਾਂ ਚੁੱਪ ਰਹਿਣਾ, ਸੱਤਾ ਪੱਖ ਵਾਲੇ ਮੂੰਹਾਂ ਠਾਕਿਆਂ ਨੇ।
ਸਿਆਸੀ ਦਲਾਂ ਦੇ ਪਿਓ ਪ੍ਰਧਾਨ ਹੁੰਦੇ, ਪਾਇਆ ਗੰਦ ਸਮਾਜ ਵਿਚ ਕਾਕਿਆਂ ਨੇ!

# ਪੰਜਾਬ ਦੇ ਪਾਣੀਆਂ ਦਾ ਮੁੱਦਾ

***ਸੁਪਰੀਮ ਕੋਰਟ ਦਾ ਇਹ ਫ਼ੈਸਲਾ ਕਿ ਐਸ.ਵਾਈ.ਐਲ. ਦਾ ਨਿਰਮਾਣ ਹੋਵੇ, ਪਾਣੀ ਦੀ ਵੰਡ ਦਾ ਫ਼ੈਸਲਾ ਬਾਅਦ ਵਿਚ ਕੀਤਾ ਜਾਵੇਗਾ, ਮਦਦਗਾਰ ਨਹੀਂ ਹੋਵੇਗਾ। ਇਹ ਘੋੜੇ ਦੇ ਅਗਾੜੀ ਗੱਡਾ ਜੋੜਨ ਵਾਲੀ ਗੱਲ ਹੈ। ਮਾਣਯੋਗ ਜੱਜਾਂ ਦਾ ਨਜ਼ਰੀਆ, ਪੰਜਾਬ ਦਾ ਕੇਸ ਪੂਰੀ ਸੱਚਾਈ ਨਾਲ ਪੇਸ਼ ਕਰ ਕੇ ਇਹ ਦਰਸਾਉਣ ਦੀ ਲੋੜ ਹੈ ਕਿ ਰਾਜ ਕੋਲ ਪਾਣੀ ਦੀ ਇਕ ਵੀ ਫਾਲਤੂ ਬੂੰਦ ਨਹੀਂ ਹੈ। ਪਾਣੀ ਦੀ ਵਰਤੋਂ ਸਬੰਧੀ ਸਾਰੇ ਨੀਤੀ ਤੇ ਨਿਆਂਇਕ ਫ਼ੈਸਲੇ, ਸੱਚਾਈ ਸਾਹਮਣੇ ਲਿਆਉਣ ਲਈ ਵਰਤੇ ਜਾਣੇ ਚਾਹੀਦੇ ਹਨ।***

**ਪ੍ਰੋ. ਪ੍ਰੀਤਮ ਸਿੰਘ**
**ਆਰ.ਐਸ. ਮਾਨ**

ਪੰਜਾਬ ਵਿਚ ਇਸ ਵੇਲੇ ਕਿੰਨਾ ਪਾਣੀ ਉਪਲਬਧ ਹੈ ਅਤੇ ਰਾਜ ਅੰਦਰ ਸਿਰਫ਼ ਇਕ ਫ਼ਸਲ (ਝੋਨਾ) ਪਾਲਣ ਲਈ ਕਿੰਨੇ ਪਾਣੀ ਦੀ ਲੋੜ ਹੈ, ਇਸ ਬਾਰੇ ਤਾਜ਼ਾ ਜਾਣਕਾਰੀ ਸਪਸ਼ਟ ਦਰਸਾਉਂਦੀ ਹੈ ਕਿ ਗੁਆਂਢੀ ਰਾਜ ਹਰਿਆਣਾ ਨੂੰ ਦੇਣ ਵਾਸਤੇ ਪੰਜਾਬ ਕੋਲ ਹੋਰ ਇਕ ਬੂੰਦ ਵੀ ਨਹੀਂ ਹੈ। ਇਸ ਜਲ ਸੰਕਟ ਨੂੰ ਸਿਰਫ਼ ਇਕ ਤੱਥ ਨਾਲ ਉਭਾਰਿਆ ਜਾ ਸਕਦਾ ਹੈ ਕਿ ਇਕ ਫ਼ਸਲ (ਝੋਨਾ ਤੇ ਬਾਸਮਤੀ) ਪਾਲਣ ਲਈ ਪੰਜਾਬ ਨੂੰ ਜਿੰਨੇ ਪਾਣੀ ਦੀ ਲੋੜ ਹੈ, ਉਹ ਰਾਜ ਅੰਦਰ ਸਾਰੇ ਸਰੋਤਾਂ ਤੋਂ ਪ੍ਰਾਪਤ ਪਾਣੀ ਨਾਲੋਂ ਵੱਧ ਬਣਦੀ ਹੈ।

ਖੇਤੀਬਾੜੀ ਲਾਗਤ ਤੇ ਕੀਮਤ ਕਮਿਸ਼ਨ (ਸੀ.ਸੀ.ਪੀ.ਸੀ.) ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਅੰਦਾਜ਼ਾ ਹੈ ਕਿ ਸਾਲ 2011-12 ਦੇ ਅੰਤ ਤਕ ਬਣਦੇ ਤਿੰਨ ਸਾਲਾਂ ਵਿਚ ਇਕ ਕਿਲੋਗ੍ਰਾਮ ਚੌਲ ਪੈਦਾ ਕਰਨ ਲਈ 5389 ਲਿਟਰ ਅਤੇ 2013-14 ਦੇ ਅੰਤ ਤਕ ਬਣਦੇ ਤਿੰਨ ਸਾਲਾਂ ਵਿਚ ਇਕ ਕਿਲੋਗ੍ਰਾਮ ਚੌਲ ਪੈਦਾ ਕਰਨ ਲਈ 5337 ਲਿਟਰ ਪਾਣੀ ਦੀ ਲੋੜ ਪਈ ਸੀ। ਪਾਣੀ ਦੀ ਇਸ ਲੋੜ ਦੀ ਪੂਰਤੀ ਵਾਸਤੇ ਪੰਜਾਬ ਵਿਚ ਤਿੰਨ ਜਲ ਸਰੋਤ ਹਨ: ਬਾਰਸ਼ਾਂ ਰਾਹੀਂ, ਦਰਿਆਈ ਪਾਣੀ ਦੀਆਂ ਨਹਿਰਾਂ ਰਾਹੀਂ ਸਿੰਜਾਈ ਅਤੇ ਟਿਊਬਵੈੱਲਾਂ ਰਾਹੀਂ ਜ਼ਮੀਨੀ ਪਾਣੀ ਦੀਆਂ ਵਰਤੋਂ। ਇਨ੍ਹਾਂ ਤਿੰਨਾਂ ਜਲ ਸਰੋਤਾਂ ਉਪਰ ਹੋਰ ਪੜਚੋਲ ਕਰਨ ਦੀ ਲੋੜ ਹੈ।

ਅਸੀਂ ਭਾਵੇਂ ਜਾਣਦੇ ਹਾਂ ਕਿ ਚੌਲ ਉਤਪਾਦਨ ਲਈ ਬਾਰਸ਼ਾਂ ਦਾ ਪਾਣੀ ਕਿੰਨੀ ਮਾਤਰਾ ਵਿਚ ਵਰਤਿਆ ਗਿਆ, ਇਹ ਮਾਪਣਾ ਮੁਸ਼ਕਲ ਹੈ, ਫਿਰ ਵੀ ਅਸੀਂ ਅੰਦਾਜ਼ਾ ਤਾਂ ਲਾ ਹੀ ਸਕਦੇ ਹਾਂ। ਪੰਜਾਬ ਵਿਚ 2010-2014 ਦੌਰਾਨ, ਮਈ-ਸਤੰਬਰ ਮਹੀਨਿਆਂ ਵਿਚ ਅੰਦਾਜ਼ਨ 82 ਫ਼ੀਸਦੀ ਬਾਰਸ਼ ਹੋਈ ਜਿਹੜੀ ਸਾਲਾਨਾ ਬਾਰਸ਼ 501.4 ਐਮ.ਐਮ. ਦਾ 411.8 ਐਮ.ਐਮ. ਬਣਦੀ ਹੈ। ਇਨ੍ਹਾਂ ਪੰਜ ਮਹੀਨਿਆਂ ਨੂੰ ਝੋਨਾ-ਬਾਸਮਤੀ ਫ਼ਸਲੀ ਸੀਜ਼ਨ ਦਾ ਸਮਾਂ ਮੰਨਿਆ ਜਾਂਦਾ ਹੈ। ਇਹ ਮੰਨਦਿਆਂ ਕਿ ਰਾਜ ਦੇ ਸਮੁੱਚੇ ਚੌਲ ਉਤਪਾਦਨ ਖੇਤਰ ਵਿਚ ਉਪਰੋਕਤ ਮਹੀਨਿਆਂ ਦੌਰਾਨ ਬਾਰਸ਼ ਇਕਸਾਰ ਹੋਈ ਸੀ, ਆਲਮੀ ਏਜੰਸੀ-ਖੁਰਾਕ ਤੇ ਖੇਤੀਬਾੜੀ ਸੰਗਠਨ (ਐਫ.ਏ.ਓ.) ਵੱਲੋਂ ਅਪਣਾਈਆਂ ਜਾਂਦੀਆਂ ਪ੍ਰਣਾਲੀਆਂ ਅਨੁਸਾਰ ਬਾਰਸ਼ਾਂ ਰਾਹੀਂ 9.35 ਐਮ.ਏ.ਐਫ. (2009-10), 9.45 ਐਮ.ਏ.ਐਫ. (2010-11), 9.40 ਐਮ.ਏ.ਐਫ. (2011-12), 9.49 ਐਮ.ਏ.ਐਫ. (2012-13) ਅਤੇ 9.51 ਐਮ.ਏ.ਐਫ. (2013-14) ਜਲ ਪ੍ਰਾਪਤ ਹੋਣ ਦਾ ਅਨੁਮਾਨ ਹੈ; ਭਾਵੇਂ ਬਾਰਸ਼ਾਂ ਇਕਸਾਰ ਨਾ ਹੋਣ ਕਾਰਨ ਇਹ ਕੁਝ ਸਹੀ ਅਨੁਮਾਨ ਨਹੀਂ ਹੋ ਸਕਦਾ। ਚੌਲ ਉਤਪਾਦਨ ਲਈ ਜਿੰਨੇ ਪਾਣੀ ਦੀ ਲੋੜ ਹੈ, ਉਸ ਵਿਚੋਂ ਉਪਰੋਕਤ ਅੰਕੜੇ ਘਟਾਉਣ ਬਾਅਦ ਵੀ ਪੰਜ ਸਾਲਾਂ (2009-14) ਲਈ ਹੋਰ ਕ੍ਰਮਵਾਰ 39.73, 37.89, 36.20, 39.71 ਅਤੇ 39.23 ਐਮ.ਏ.ਐਫ. ਪਾਣੀ ਦੀ ਲੋੜ ਸੀ। ਇਹ ਪਾਣੀ ਦੂਜੇ ਬਚਦੇ ਦੋ ਜਲ ਸਰੋਤਾਂ-ਦਰਿਆਈ ਤੇ ਜ਼ਮੀਨੀ ਤੋਂ ਪ੍ਰਾਪਤ ਹੋਇਆ ਮੰਨਿਆ ਜਾ ਸਕਦਾ ਹੈ।

ਜੇ ਦਰਿਆਈ ਪਾਣੀ ਸਰੋਤ ਉਪਰ ਝਾਤ ਮਾਰੀਏ ਤਾਂ ਇਹ ਪਤਾ ਲੱਗਦਾ ਹੈ ਕਿ ਕੁੱਲ ਉਪਲਬਧ ਔਸਤਨ 34.34 ਐਮ.ਏ.ਐਫ. ਪਾਣੀ ਵਿਚੋਂ ਪੰਜਾਬ ਨੂੰ 14.54 ਐਮ.ਏ.ਐਫ. ਪਾਣੀ ਅਲਾਟ ਹੋਇਆ ਸੀ। ਅਸੀਂ ਆਪਣੇ ਅੰਦਾਜ਼ੇ ਦਾ ਪ੍ਰਗਟਾਵਾ ਕਰਨ ਲਈ ਇਹ ਮੰਨ ਲੈਂਦੇ ਹਾਂ ਕਿ ਪੰਜਾਬ ਨੂੰ ਅਲਾਟ ਸਾਰਾ ਦਰਿਆਈ ਪਾਣੀ (14.54 ਐਮ.ਏ.ਐਫ.) ਚੌਲ ਉਤਪਾਦਨ ਲਈ ਵਰਤਿਆ ਗਿਆ ਸੀ। ਇਸ ਦਾ ਭਾਵ ਹੈ ਕਿ ਸਾਨੂੰ ਚੌਲ ਉਤਪਾਦਨ ਲਈ ਹੋਰ 25.19 ਐਮ.ਏ.ਐਫ. (2009-10), 23.35 ਐਮ.ਏ.ਐਫ. (2010-11), 21.66 ਐਮ.ਏ.ਐਫ. (2011-12), 25.17 ਐਮ.ਏ.ਐਫ. (2012-13) ਅਤੇ 24.69 ਐਮ.ਏ.ਐਫ. (2013-14) ਪਾਣੀ ਦੀ ਲੋੜ ਪਈ ਸੀ।

ਇਹ ਪੂਰੀ ਤਰ੍ਹਾਂ ਸਪਸ਼ਟ ਹੋ ਗਿਆ ਹੈ ਕਿ ਜੇ ਸਾਰਾ ਦਰਿਆਈ ਪਾਣੀ ਚੌਲ ਉਤਪਾਦਨ ਲਈ ਵਰਤਿਆ ਗਿਆ ਸੀ ਤਾਂ ਵੀ ਹਰ ਸਾਲ ਔਸਤਨ ਹੋਰ 14 ਐਮ.ਏ.ਐਫ. ਪਾਣੀ ਦੀ ਲੋੜ ਸੀ ਜਿਹੜੀ ਬਚਦੇ ਤੀਜੇ ਜਲ ਸਰੋਤ ਭਾਵ ਜ਼ਮੀਨੀ ਪਾਣੀ ਤੋਂ ਪੂਰੀ ਕੀਤੀ ਗਈ ਸੀ। ਇਸ ਤਰ੍ਹਾਂ ਪੰਜਾਬ ਵਿਚ ਅੰਦਾਜ਼ਨ ਹਰ ਸਾਲ 50 ਫ਼ੀਸਦੀ (ਕੁੱਲ 48 ਐਮ.ਏ.ਐਫ. ਵਿਚੋਂ 24 ਐਮ.ਏ.ਐਫ.) ਪਾਣੀ ਚੌਲ ਉਤਪਾਦਨ ਦੀ ਲੋੜ ਪੂਰੀ ਕਰਨ ਵਾਸਤੇ ਜ਼ਮੀਨ ਵਿਚੋਂ ਟਿਊਬਵੈੱਲਾਂ ਰਾਹੀਂ ਕੱਢਿਆ ਗਿਆ ਹੋਵੇਗਾ। ਪੰਜਾਬ ਹਰ ਸਾਲ ਕੇਵਲ ਚੌਲ ਉਤਪਾਦਨ ਲਈ ਅੰਦਾਜ਼ਨ 29603544000000 ਲਿਟਰ ਜ਼ਮੀਨੀ ਪਾਣੀ ਦੀ ਵਰਤੋਂ ਕਰਦਾ ਹੈ। ਜੇ ਇਨ੍ਹਾਂ ਵਿਚ ਹੋਰ ਫ਼ਸਲਾਂ ਜਿਵੇਂ ਕਣਕ, ਗੰਨਾ, ਮੱਕੀ, ਫ਼ਲ ਤੇ ਸਬਜ਼ੀਆਂ ਸ਼ਾਮਲ ਕਰ ਲਈਏ ਤਾਂ ਪੰਜਾਬ ਲਈ ਪਾਣੀ ਦੀ ਲੋੜ ਅਤੇ ਰਾਜ ਦੇ ਜ਼ਮੀਨੀ ਪਾਣੀ ਉਪਰ ਦਬਾਅ ਹੋਰ ਵੱਧ ਪੈਂਦਾ ਹੈ।

ਕੇਂਦਰੀ ਜ਼ਮੀਨੀ ਜਲ ਬੋਰਡ ਦੇ ਅੰਕੜਿਆਂ ਅਨੁਸਾਰ ਪੰਜਾਬ ਦੇ ਜ਼ਮੀਨੀ ਪਾਣੀ ਉਪਰ ਇਸ ਦਬਾਅ ਨੇ, ਰਾਜ ਦੇ ਜ਼ਮੀਨੀ ਪਾਣੀ ਦੀ ਵਰਤੋਂ ਦਾ ਅੰਕੜਾ 172 ਫ਼ੀਸਦੀ ਤਕ ਪਹੁੰਚਾ ਦਿੱਤਾ ਹੈ ਜੋ ਦੇਸ਼ ਦੇ ਸਾਰੇ ਰਾਜਾਂ ਨਾਲੋਂ ਵੱਧ ਹੈ। ਇਹ ਹੈ ਪੰਜਾਬ ਦੇ ਜ਼ਮੀਨੀ ਪਾਣੀ ਦੀ ਡਰਾਉਣ ਵਾਲੀ ਸਥਿਤੀ। ਜ਼ਮੀਨੀ ਪਾਣੀ ਦੀ 100 ਫ਼ੀਸਦੀ ਵਰਤੋਂ ਸਥਿਤੀ ਇਹ ਪ੍ਰਗਟਾਉਂਦੀ ਹੈ ਕਿ ਜਿੰਨੇ ਜ਼ਮੀਨੀ ਪਾਣੀ ਦੀ ਵਰਤੋਂ ਕੀਤੀ ਗਈ, ਉਨਾ ਹੀ ਪਾਣੀ ਜ਼ਮੀਨ ਵਿਚ ਮੁੜ ਜਜ਼ਬ ਹੋ ਗਿਆ, ਜ਼ਮੀਨੀ ਪਾਣੀ ਦੀ 100 ਫ਼ੀਸਦੀ ਤੋਂ ਵੱਧ ਵਰਤੋਂ ਦੀ ਸਥਿਤੀ ਸਪਸ਼ਟ ਕਰਦੀ ਹੈ ਕਿ ਜਿੰਨਾ ਜ਼ਮੀਨੀ ਪਾਣੀ ਵਰਤਿਆ ਗਿਆ, ਉਹ ਸਾਲਾਨਾ ਜ਼ਮੀਨੀ ਪਾਣੀ ਜਜ਼ਬ ਹੋਣ ਦੀ ਮਾਤਰਾ ਨਾਲੋਂ ਵੱਧ ਹੈ। ਜ਼ਮੀਨੀ ਪਾਣੀ ਦੀ 172 ਫ਼ੀਸਦੀ ਬਹੁਤ ਉਚੀ ਵਰਤੋਂ ਦਰ ਪ੍ਰਗਟਾਉਂਦੀ ਹੈ ਕਿ ਜ਼ਮੀਨ ਵਿਚ ਸਾਲਾਨਾ ਪਾਣੀ ਜਜ਼ਬ ਹੋਣ ਦੀ ਦਰ ਨਾਲੋਂ, ਇਸ ਦੀ ਵਰਤੋਂ ਬਹੁਤ ਜ਼ਿਆਦਾ ਹੋ ਰਹੀ ਹੈ।

***ਕੇਂਦਰੀ ਜ਼ਮੀਨੀ ਜਲ ਬੋਰਡ ਦੇ ਅੰਕੜਿਆਂ ਅਨੁਸਾਰ ਪੰਜਾਬ ਦੇ ਜ਼ਮੀਨੀ ਪਾਣੀ ਉਪਰ ਇਸ ਦਬਾਅ ਨੇ, ਰਾਜ ਦੇ ਜ਼ਮੀਨੀ ਪਾਣੀ ਦੀ ਵਰਤੋਂ ਦਾ ਅੰਕੜਾ 172 ਫ਼ੀਸਦੀ ਤਕ ਪਹੁੰਚਾ ਦਿੱਤਾ ਹੈ ਜੋ ਦੇਸ਼ ਦੇ ਸਾਰੇ ਰਾਜਾਂ ਨਾਲੋਂ ਵੱਧ ਹੈ। ਇਹ ਹੈ ਪੰਜਾਬ ਦੇ ਜ਼ਮੀਨੀ ਪਾਣੀ ਦੀ ਡਰਾਉਣ ਵਾਲੀ ਸਥਿਤੀ। ਜ਼ਮੀਨੀ ਪਾਣੀ ਦੀ 100 ਫ਼ੀਸਦੀ ਵਰਤੋਂ ਸਥਿਤੀ ਇਹ ਪ੍ਰਗਟਾਉਂਦੀ ਹੈ ਕਿ ਜਿੰਨੇ ਜ਼ਮੀਨੀ ਪਾਣੀ ਦੀ ਵਰਤੋਂ ਕੀਤੀ ਗਈ, ਉਨਾ ਹੀ ਪਾਣੀ ਜ਼ਮੀਨ ਵਿਚ ਮੁੜ ਜਜ਼ਬ ਹੋ ਗਿਆ, ਜ਼ਮੀਨੀ ਪਾਣੀ ਦੀ 100 ਫ਼ੀਸਦੀ ਤੋਂ ਵੱਧ ਵਰਤੋਂ ਦੀ ਸਥਿਤੀ ਸਪਸ਼ਟ ਕਰਦੀ ਹੈ ਕਿ ਜਿੰਨਾ ਜ਼ਮੀਨੀ ਪਾਣੀ ਵਰਤਿਆ ਗਿਆ, ਉਹ ਸਾਲਾਨਾ ਜ਼ਮੀਨੀ ਪਾਣੀ ਜਜ਼ਬ ਹੋਣ ਦੀ ਮਾਤਰਾ ਨਾਲੋਂ ਵੱਧ ਹੈ।***

ਗੁਆਂਢੀ ਰਾਜ ਰਾਜਸਥਾਨ ਤੇ ਹਰਿਆਣਾ ਇਸ ਪੱਖੋਂ ਸੁਖਾਵੀਂ ਸਥਿਤੀ ਵਿਚ ਹਨ। ਇਨ੍ਹਾਂ ਰਾਜਾਂ ਵਿਚ ਜ਼ਮੀਨੀ ਪਾਣੀ ਦੀ ਵਰਤੋਂ ਕ੍ਰਮਵਾਰ 137 ਫ਼ੀਸਦੀ ਅਤੇ 133 ਫ਼ੀਸਦੀ ਹੈ। ਪੰਜਾਬ ਵਿਚ ਆਉਣ ਵਾਲੇ ਸਮੇਂ ਦੌਰਾਨ ਸਿੰਜਾਈ ਲਈ ਜ਼ਮੀਨੀ ਪਾਣੀ ਦੀ ਪ੍ਰਾਪਤੀ ਸਾਰੇ ਰਾਜਾਂ ਨਾਲੋਂ ਕੇਵਲ ਘੱਟ ਹੀ ਨਹੀਂ ਹੋਵੇਗੀ, ਇਹ ਘਾਟ ਮਨਫੀ 14.83 ਬਿਲੀਅਨ ਕਿਊਬਿਕ ਮੀਟਰ (ਬੀ.ਸੀ.ਐਮ.) ਜਾਂ ਮਨਫੀ 12.02 ਐਮ.ਏ.ਐਫ. ਹੋਵੇਗੀ। ਇਸ ਦੇ ਮੁਕਾਬਲੇ ਗ਼ੈਰ-ਰਿਪੇਰੀਅਨ ਰਾਜ ਰਾਜਸਥਾਨ ਦੀ ਸਥਿਤੀ ਸੁਖਾਵੀਂ ਹੈ। ਉਹ ਪੰਜਾਬ ਕੋਲੋਂ ਜਿਥੇ ਮੁਫ਼ਤ 8 ਐਮ.ਏ.ਐਫ. ਪਾਣੀ ਹਾਸਲ ਕਰ ਰਿਹਾ ਹੈ, ਉਥੇ ਭਵਿਖ ਵਿਚ ਜ਼ਮੀਨੀ ਪਾਣੀ ਦੀ ਸਿੰਜਾਈ ਲਈ ਪ੍ਰਾਪਤੀ 0.91 ਬੀ.ਸੀ.ਐਮ. (0.73 ਐਮ.ਏ.ਐਫ.) ਬਣਦੀ ਹੈ। ਇਸੇ ਤਰ੍ਹਾਂ, ਭਾਵੇਂ ਹਰਿਆਣਾ ਵਿਚ ਜ਼ਮੀਨੀ ਪਾਣੀ ਦੀ ਸਥਿਤੀ ਮਨਫੀ (-3.31 ਬੀ.ਸੀ.ਐਮ. ਜਾਂ-2.68 ਐਮ.ਏ.ਐਫ.) ਹੈ, ਪਰ ਇਹ ਸੰਕਟ ਪੱਧਰ ਤੋਂ ਅਜੇ ਬਹੁਤ ਪਿਛਾਂਹ ਹੈ ਅਤੇ ਇਹ ਪੰਜਾਬ ਦੇ ਮੁਕਾਬਲੇ (-14.83 ਬੀ.ਸੀ.ਐਫ. ਜਾਂ -12.02 ਐਮ.ਏ.ਐਫ.) ਬਹੁਤ ਘੱਟ ਸੰਕਟ ਵਾਲੀ ਹੈ। ਦੇਸ਼ ਵਿਚ ਕੇਵਲ ਪੰਜਾਬ ਅਜਿਹਾ ਰਾਜ ਹੈ ਜਿਹੜਾ ਘੋਰ ਜਲ ਸੰਕਟ ਦੇ ਕਿਨਾਰੇ ਪਹੁੰਚ ਚੁੱਕਾ ਹੈ। ਭਾਰਤ ਸਰਕਾਰ, ਭਾਵ ਸੱਤਾ ਵਿਚ ਸਿਆਸੀ ਪਾਰਟੀ ਨੇ ਕਦੇ ਵੀ ਪੰਜਾਬ ਦੇ ਇਸ ਸੰਕਟ ਦੀ ਗੰਭੀਰਤਾ ਨੂੰ ਪਛਾਣਿਆ ਨਹੀਂ, ਜਿਸ ਕਾਰਨ ਇਸ ਸੰਕਟ ਨੂੰ ਹੱਲ ਕਰਨ ਲਈ ਕੋਈ ਯਤਨ ਨਹੀਂ ਕੀਤੇ ਗਏ।

ਪੰਜਾਬ ਦੇ, ਭਾਰਤ ਦੇ ਕੇਂਦਰੀ ਸੱਤਾ ਢਾਂਚੇ ਵਿਚ ਕਮਜ਼ੋਰ ਦਰਜੇ ਕਾਰਨ ਸਾਰੇ ਸੰਕੇਤ ਇਹ ਉਭਰਦੇ ਹਨ ਕਿ ਜਦੋਂ ਤਕ ਭਾਰਤ ਦੇ ਸੰਘੀ ਢਾਂਚੇ ਵਿਚ ਪੰਜਾਬ ਦੀ ਸਿਆਸੀ ਕਮਜ਼ੋਰੀ ਦੀ ਅੰਸ਼ਕ ਪੂਰਤੀ ਲਈ, ਪੰਜਾਬ ਦੀਆਂ ਸਾਰੀਆਂ ਧਿਰਾਂ ਵੱਲੋਂ ਮਿਲ ਕੇ ਆਪਣਾ ਹੱਕ ਲੈਣ ਲਈ ਇਕ ਸ਼ਕਤੀ ਦੇ ਰੂਪ ਵਿਚ ਯਤਨ ਨਹੀਂ ਹੁੰਦੇ, ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਜਲ ਸੰਕਟ ਦੀ ਚਿੰਤਾ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ। ਪੰਜਾਬ ਦੇ ਸਾਰੇ ਹਿੱਸੇਦਾਰ, ਭਾਵੇਂ ਉਹ ਸੱਤਾ ਧਿਰ ਵਿਚ ਹਨ ਜਾਂ ਵਿਰੋਧੀ ਪਾਰਟੀਆਂ ਜਾਂ ਸਮਾਜਿਕ ਸੰਸਥਾਵਾਂ, ਸਾਰਿਆਂ ਨੂੰ ਹਰ ਹਾਲਤ ਇਕ ਸਹਿਮਤੀ ਉਪਰ ਇਕੱਠੇ ਹੋਣਾ ਪਏਗਾ ਕਿ ਪੰਜਾਬ ਕੋਲ ਪਾਣੀ ਦੀ ਇਕ ਵੀ ਬੂੰਦ ਫਾਲਤੂ ਨਹੀਂ ਹੈ। ਇਹ ਇਤਿਹਾਸਕ ਪਲ ਹੋਣਗੇ ਜਦੋਂ ਵਿਅਕਤੀਗਤ ਤੇ ਸਿਆਸੀ ਦੁਸ਼ਵਾਰੀਆਂ ਨੂੰ ਨਜ਼ਰਅੰਦਾਜ਼ ਜਾਂ ਭੁਲਾ ਕੇ ਇਸ ਸਾਂਝੇ ਨੁਕਤੇ ਉਪਰ ਇਕਮੁੱਠਤਾ ਹੋਏਗੀ। ਪੰਜਾਬ ਦਾ ਭਵਿਖ ਦਾਅ ਉਪਰ ਹੈ।

ਪੰਜਾਬ ਦੇ ਜਲ ਸੰਕਟ ਨੂੰ ਤਰਕ ਤੇ ਸਬਰ ਰਾਹੀਂ ਹੱਲ ਕਰਨ ਦੀ ਲੋੜ ਹੈ। ਕੇਵਲ ਧਿਰ ਲਈ ਇਹ ਸੱਚ ਮਹੱਤਵਪੂਰਨ ਨਹੀਂ, ਸਗੋਂ ਇਸ ਸੱਚਾਈ ਲਈ ਦੂਜਿਆਂ ਨੂੰ ਵੀ ਕਾਇਲ ਕਰਨਾ ਉਨਾ ਹੀ ਮਹੱਤਵਪੂਰਨ ਹੈ। ਇਕ ਗੱਲ ਮਹੱਤਵ ਵਾਲੀ ਹੈ ਕਿ ਜਦੋਂ ਪੰਜਾਬ ਦਾ ਸੱਚਾਈ ਆਧਾਰਿਤ ਕੇਸ ਪ੍ਰਚਾਰਿਆ ਜਾਵੇ, ਗੁਆਂਢੀ ਰਾਜਾਂ ਦੇ ਕਿਸਾਨ ਭਾਈਚਾਰਿਆਂ ਪ੍ਰਤੀ ਗ਼ੈਰ-ਮਿੱਤਰਤਾ ਦਾ ਪ੍ਰਗਟਾਵਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਸਾਨ ਭਾਈਚਾਰਿਆਂ ਨੂੰ ਭਾਰਤ ਦੇ ਕੇਂਦਰ ਆਧਾਰਿਤ ਸ਼ਾਸਨ ਢਾਂਚੇ ਕਾਰਨ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੇਤੀ ਖੇਤਰ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਪੰਜਾਬ ਦਾ ਕੇਸ ਪੇਸ਼ ਕਰਨ ਸਮੇਂ ਪੀੜਤ ਭਾਈਚਾਰਿਆਂ ਨਾਲ ਇਕਮੁੱਠਤਾ ਵਿਖਾਉਣੀ ਮਹੱਤਵਪੂਰਨ ਹੈ।

ਸੁਪਰੀਮ ਕੋਰਟ ਦਾ ਇਹ ਫ਼ੈਸਲਾ ਕਿ ਐਸ.ਵਾਈ.ਐਲ. ਦਾ ਨਿਰਮਾਣ ਹੋਵੇ, ਪਾਣੀ ਦੀ ਵੰਡ ਦਾ ਫ਼ੈਸਲਾ ਬਾਅਦ ਵਿਚ ਕੀਤਾ ਜਾਵੇਗਾ, ਮਦਦਗਾਰ ਨਹੀਂ ਹੋਵੇਗਾ। ਇਹ ਘੋੜੇ ਦੇ ਅਗਾੜੀ ਗੱਡਾ ਜੋੜਨ ਵਾਲੀ ਗੱਲ ਹੈ। ਮਾਣਯੋਗ ਜੱਜਾਂ ਦਾ ਨਜ਼ਰੀਆ, ਪੰਜਾਬ ਦਾ ਕੇਸ ਪੂਰੀ ਸੱਚਾਈ ਨਾਲ ਪੇਸ਼ ਕਰ ਕੇ ਇਹ ਦਰਸਾਉਣ ਦੀ ਲੋੜ ਹੈ ਕਿ ਰਾਜ ਕੋਲ ਪਾਣੀ ਦੀ ਇਕ ਵੀ ਫਾਲਤੂ ਬੂੰਦ ਨਹੀਂ ਹੈ। ਪਾਣੀ ਦੀ ਵਰਤੋਂ ਸਬੰਧੀ ਸਾਰੇ ਨੀਤੀ ਤੇ ਨਿਆਂਇਕ ਫ਼ੈਸਲੇ, ਸੱਚਾਈ ਸਾਹਮਣੇ ਲਿਆਉਣ ਲਈ ਵਰਤੇ ਜਾਣੇ ਚਾਹੀਦੇ ਹਨ। ਸੱਚਾਈ ਜੋ ਤੱਥਾਂ ਨਾਲ ਸਾਹਮਣੇ ਲਿਆਂਦੀ ਗਈ ਹੈ, ਨੂੰ ਨਜ਼ਰਅੰਦਾਜ਼ ਕਰਨਾ ਕੇਵਲ ਅਨਿਆਂ ਨਹੀਂ ਹੋਵੇਗਾ, ਸਗੋਂ ਇਸ ਦੇ ਜ਼ਮੀਨ ਤੇ ਸਿਆਸੀ ਪੱਧਰ ਉਪਰ ਖ਼ਤਰਨਾਕ ਨਤੀਜੇ ਨਿਕਲਣਗੇ।

# ਰਾਸ਼ਟਰਵਾਦੀਆਂ ਦੇ ਰਾਜ ਵਿਚ ਦਮ ਤੋੜ ਰਹੇ ਮਾਸੂਮ

ਯੂ.ਪੀ. ਦੇ ਬਾਬਾ ਰਾਘਵ ਦਾਸ ਮੈਡੀਕਲ ਕਾਲਜ ਵਿਚ ਜ਼ੇਰੇ-ਇਲਾਜ ਪੰਜ ਦਰਜਨ ਤੋਂ ਵੱਧ ਬੱਚਿਆਂ ਦੀ ਮੌਤ ਮਾਮੂਲੀ ਘਟਨਾ ਨਹੀਂ, ਇਹ ਮੁਲਕ ਵਿਚ ਸਿਹਤ ਸੇਵਾਵਾਂ ਦੀ ਦਰਦਨਾਕ ਹਾਲਤ ਦੀ ਜ਼ਮੀਨੀ ਤਸਵੀਰ ਹੈ। ਇਹ ਮੈਡੀਕਲ ਕਾਲਜ ਮੁੱਖ ਮੰਤਰੀ ਅਦਿਤਿਆਨਾਥ ਯੋਗੀ ਦੇ ਸ਼ਹਿਰ ਗੋਰਖਪੁਰ ਵਿਚ ਸਥਿਤ ਹੈ ਜਿਥੋਂ ਉਹ ਲਗਾਤਾਰ ਪੰਜ ਵਾਰ ਸੰਸਦ ਮੈਂਬਰ ਚੁਣਿਆ ਗਿਆ ਹੈ। ਜੇ ਉਸ ਦੇ ਆਪਣੇ ਸੰਸਦੀ ਹਲਕੇ ਦੇ ਮੁੱਖ ਸ਼ਹਿਰ (ਉਸ ਦੇ ਆਪਣੇ ਹਲਕਾ ਦੇ ਸਦਰ ਮੁਕਾਮ) ਦੇ ਮੈਡੀਕਲ ਕਾਲਜ ਦਾ ਆਲਮ ਇਹ ਹੈ ਤਾਂ ਦੂਰ-ਦਰਾਜ ਪਿੰਡਾਂ ਅੰਦਰ ਨਾਂਹ ਦੇ ਬਰਾਬਰ ਸਿਹਤ ਸੇਵਾਵਾਂ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ। ਐਸੀਆਂ ਘਟਨਾਵਾਂ ਅਕਸਰ ਹੀ ਸਾਹਮਣੇ

**ਬੂਟਾ ਸਿੰਘ**
ਫੋਨ: +91-94634-74342

ਆਉਂਦੀਆਂ ਹਨ ਜਦੋਂ ਗ਼ਰੀਬ ਪਰਿਵਾਰ ਆਪਣੇ ਕਿਸੇ ਜੀਅ ਦਾ ਇਲਾਜ ਕਰਾਉਣ ਲਈ ਮਰੀਜ਼ ਨੂੰ ਮੋਢਿਆਂ ਉਪਰ ਚੁੱਕ ਕੇ ਕਈ ਕਈ ਮੀਲ ਪੈਦਲ ਸਫ਼ਰ ਕਰਕੇ ਸ਼ਹਿਰ ਆਉਂਦੇ ਹਨ। ਕਈ ਮਰੀਜ਼ ਰਸਤੇ ਵਿਚ ਹੀ ਦਮ ਤੋੜ ਦਿੰਦੇ ਹਨ।

ਆਪਣੀ ਨਲਾਇਕੀ ਲੁਕੋਣ ਲਈ ਅਦਿਤਿਆਨਾਥ ਵਲੋਂ ਮਰਨ ਵਾਲੇ ਮਾਸੂਮਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹੀ ਮੌਤ ਲਈ ਜ਼ਿੰਮੇਵਾਰ ਕਰਾਰ ਦੇਣਾ, ਉਸ ਦੇ ਮੰਤਰੀਆਂ ਵਲੋਂ ਵਾਰ-ਵਾਰ ਬਿਆਨ ਬਦਲ ਕੇ ਬੱਚਿਆਂ ਦੇ ਜਨਮ ਸਮੇਂ ਦੀਆਂ ਸਮੱਸਿਆਵਾਂ ਨੂੰ ਹੀ ਮੌਤ ਦਾ ਕਾਰਨ ਦੱਸਣਾ ਅਤੇ ਸੂਬੇ ਦੇ ਸਿਹਤ ਮੰਤਰੀ ਸਿਧਾਰਥ ਨਾਥ ਸਿੰਘ ਦਾ ਇਹ ਕਹਿਣਾ ਕਿ 'ਬੱਚਿਆਂ ਦੀਆਂ ਮੌਤਾਂ ਉਨ੍ਹਾਂ ਦੀ ਬਿਮਾਰੀ ਕਾਰਨ ਹੋਈਆਂ, ਆਕਸੀਜਨ ਨਾ ਹੋਣ ਕਾਰਨ ਨਹੀਂ' ਨਵੀਂ ਗੱਲ ਨਹੀਂ। ਇਹ ਹਿੰਦੁਸਤਾਨੀ ਹੁਕਮਰਾਨ ਜਮਾਤ ਦਾ ਦਸਤੂਰ ਹੈ ਅਤੇ ਸੰਘ ਬ੍ਰਿਗੇਡ ਦੀ ਝੂਠ ਬੋਲਣ ਵਿਚ ਖ਼ਾਸ ਮੁਹਾਰਤ ਹੈ।

ਜ਼ਿਲ੍ਹਾ ਮੈਜਿਸਟਰੇਟ ਰਾਜੀਵ ਰੌਤੇਲਾ ਅਨੁਸਾਰ ਵੀ "ਇਕ ਮੈਡੀਕਲ ਕਾਲਜ ਵਿਚ ਇਕ ਦਿਨ ਵਿਚ ਔਸਤ 20 ਬੱਚਿਆਂ ਦੀ ਮੌਤ 'ਆਮ ਗੱਲ' ਹੈ।" ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਦਾ ਕਹਿਣਾ ਹੈ ਕਿ ਐਡੇ ਵੱਡੇ ਮੁਲਕ ਵਿਚ ਐਸੀਆਂ ਘਟਨਾਵਾਂ ਆਮ ਹੁੰਦੀਆਂ ਰਹਿੰਦੀਆਂ ਹਨ। ਸਰਕਾਰ ਅਤੇ ਪ੍ਰਸ਼ਾਸਨ ਦੇ ਹੋਰ ਅੰਗਾਂ ਦਾ ਇਉਂ ਸੋਚਣਾ ਸੁਭਾਵਿਕ ਹੈ, ਕਿਉਂਕਿ ਠੀਕ 12 ਸਾਲ ਪਹਿਲਾਂ ਇਸੇ ਕਾਲਜ ਵਿਚ ਇਨਸਿਫਲਾਈਟਸ (ਦਿਮਾਗੀ ਬੁਖ਼ਾਰ) ਨਾਲ 1500 ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ ਸਨ ਜਿਨ੍ਹਾਂ ਵਿੱਚੋਂ 90 ਫ਼ੀਸਦੀ ਬੱਚੇ ਸਨ। ਉਦੋਂ ਉਥੇ ਯੂ.ਪੀ.ਏ. ਦੀ ਸਰਕਾਰ ਸੀ। ਮੌਤਾਂ ਨੂੰ ਲੈ ਕੇ ਹੰਗਾਮਾ ਹੋਇਆ। ਬੱਚਿਆਂ ਨੂੰ ਇਸ ਦੀ ਰੋਕਥਾਮ ਦੇ ਟੀਕੇ ਲਗਾਏ ਜਾਣ ਨਾਲ ਅਗਲੇ ਸਾਲਾਂ ਵਿਚ ਮੌਤਾਂ ਦੀ ਤਾਦਾਦ ਘਟ ਗਈ, ਪਰ ਮੂਲ ਸਮੱਸਿਆ ਜਿਉਂ ਦੀ ਤਿਉਂ ਬਣੀ ਰਹੀ। ਹਰ ਸਾਲ ਇਥੇ ਇਨਸਿਫਲਾਈਟਸ ਦੇ 2500 ਤੋਂ ਲੈ ਕੇ 3000 ਮਰੀਜ਼ ਦਾਖ਼ਲ ਹੁੰਦੇ ਹਨ, ਪਰ ਇਸ ਜਾਨਲੇਵਾ ਬਿਮਾਰੀ ਦੇ ਮਹਿੰਗੇ ਇਲਾਜ ਲਈ ਕਾਲਜ ਨੂੰ ਲੋੜੀਂਦੇ ਫੰਡ ਮੁਹੱਈਆ ਨਹੀਂ ਕਰਵਾਏ ਜਾ ਰਹੇ। ਇਸ ਸਾਲ ਮਈ ਵਿਚ ਕੈਗ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਬੁਨਿਆਦੀ ਢਾਂਚੇ ਦੀ ਘਾਟ ਕਾਰਨ ਬੀ.ਆਰ.ਡੀ. ਮੈਡੀਕਲ ਕਾਲਜ ਅਤੇ ਯੂ.ਪੀ. ਦੇ ਹੋਰ ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਦਾ ਸਹੀ ਇਲਾਜ ਨਹੀਂ ਹੋ ਰਿਹਾ। ਵਿਧਾਨ ਸਭਾ ਚੋਣਾਂ ਦੌਰਾਨ ਇਸੇ ਮੈਡੀਕਲ ਕਾਲਜ ਤੋਂ ਮਹਿਜ਼ ਅੱਧਾ ਕਿਲੋਮੀਟਰ ਦੂਰ ਚੋਣ ਰੈਲੀ ਵਿਚ ਨਰੇਂਦਰ ਮੋਦੀ ਨੇ ਬੱਚਿਆਂ ਦੀਆਂ ਮੌਤਾਂ ਨੂੰ ਮੁੱਦਾ ਬਣਾ ਕੇ ਹਿੱਕ ਠੋਕ ਕੇ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਸਭ ਕੁਝ ਠੀਕ ਹੋ ਜਾਵੇਗਾ। ਫ਼ਰਕ ਇਹ ਪਿਆ ਕਿ ਬੱਚਿਆਂ ਦੀ ਮੌਤਾਂ ਦੀ ਗਿਣਤੀ ਉਸ ਦੀ ਛਾਤੀ ਦੇ ਮਾਪ ਤੋਂ ਵੀ ਵਧ ਗਈ ਹੈ!

ਯੋਗੀ ਵਜ਼ਾਰਤ ਦੇ ਝੂਠ ਦਾ ਭਾਂਡਾ ਉਨ੍ਹਾਂ ਦੇ ਆਪਣੇ ਹੀ ਭਗਵੇਂ ਸਾਥੀ ਸਾਕਸ਼ੀ ਮਹਾਰਾਜ ਨੇ ਭੰਨ ਦਿੱਤਾ ਜਿਸ ਨੇ ਸ਼ਰੇਆਮ ਕਿਹਾ ਹੈ ਕਿ "ਇਕ-ਦੋ ਮੌਤਾਂ ਆਮ ਗੱਲ ਹੁੰਦੀ ਹੈ, ਏਨੀਆਂ ਨਹੀਂ; ਇਹ ਕਤਲੇਆਮ ਹੈ। ਬੱਚਿਆਂ ਦੀ ਮੌਤ ਆਕਸੀਜਨ ਸਪਲਾਈ ਨਾ ਹੋਣ ਕਾਰਨ ਹੋਈ। ਭੁਗਤਾਨ ਨਾ ਹੋਣ ਦੇ ਕਾਰਨ ਆਕਸੀਜਨ ਸਿਲੰਡਰਾਂ ਦੀ ਸਪਲਾਈ ਬੰਦ ਕੀਤੀ ਗਈ। ਇਸੇ ਕਾਰਨ ਇਹ ਭਿਆਨਕ ਹਾਲਤ ਹੋਈ।" ਨੋਬਲ ਇਨਾਮ ਜੇਤੂ ਲੇਖਕ ਕੈਲਾਸ਼ ਸਤਿਆਰਥੀ ਨੇ ਵੀ ਟਵੀਟ ਕਰ ਕੇ ਕਿਹਾ ਹੈ, "ਇਹ ਹਾਦਸਾ ਨਹੀਂ, ਹੱਤਿਆ ਹੈ।"



ਡਾ. ਕਫ਼ੀਲ ਖਾਨ ਜਿਸ ਨੂੰ ਯੋਗੀ ਸਰਕਾਰ ਵਲੋਂ ਬਲੀ ਦਾ ਬੱਕਰਾ ਬਣਾ ਕੇ ਮੁਅੱਤਲ ਕਰ ਦਿੱਤਾ ਗਿਆ।

ਇਕ ਪਾਸੇ ਮੁੱਖ ਮੰਤਰੀ ਕਾਲਜ ਦੇ ਪ੍ਰਿੰਸੀਪਲ ਨੂੰ ਮੁਅੱਤਲ ਕਰ ਕੇ ਮੌਤਾਂ ਦੀ ਮੈਜਿਸਟਰੇਟੀ ਜਾਂਚ ਦੇ ਆਦੇਸ਼ ਦੇ ਰਿਹਾ ਹੈ; ਦੂਜੇ ਪਾਸੇ ਕਹਿ ਰਿਹਾ ਹੈ ਕਿ ਬੱਚਿਆਂ ਦੀਆਂ ਮੌਤਾਂ ਸਫ਼ਾਈ ਨਾ ਰੱਖਣ ਕਾਰਨ ਹੋਈਆਂ। ਗਊ ਰੱਖਿਆ, ਲਵ ਜਹਾਦ, ਰਾਮ ਮੰਦਰ ਦੀ ਉਸਾਰੀ ਵਰਗੇ ਵੱਡੇ-ਵੱਡੇ ਰਾਸ਼ਟਰਵਾਦੀ ਮਸਲਿਆਂ ਵਿਚ ਮਸਰੂਫ਼ ਉਸ ਦੀ ਸਰਕਾਰ ਕੋਲ ਐਨੀ ਵਿਹਲ ਕਿਥੇ ਹੈ ਕਿ ਉਹ ਇਨਸਾਨਾਂ ਦੇ ਇਲਾਜ ਵਰਗੀਆਂ ਮਾਮੂਲੀ ਚੀਜ਼ਾਂ ਦੀ ਖ਼ਬਰਸਾਰ ਰੱਖੇ! ਨਿੱਕੀ-ਨਿੱਕੀ ਘਟਨਾ ਨੂੰ ਬਹਾਨਾ ਬਣਾ ਕੇ ਘੱਟ-ਗਿਣਤੀ ਮੁਸਲਮਾਨਾਂ ਅਤੇ ਦਲਿਤਾਂ ਉਪਰ ਹਮਲੇ ਕਰਨ ਵਾਲਿਆਂ ਨੂੰ ਐਸੇ ਮਸਲੇ ਨਜ਼ਰ ਆ ਵੀ ਕਿਵੇਂ ਸਕਦੇ ਹਨ! ਹਾਲ ਹੀ ਵਿਚ ਭਗਵੀਂ ਸਰਕਾਰ ਨੇ 15 ਅਗਸਤ ਨੂੰ ਮਦਰੱਸਿਆਂ ਦੀ ਵੀਡੀਓ ਰਿਕਾਰਡਿੰਗ ਦੇ ਆਦੇਸ਼ ਦਿੱਤੇ ਹਨ; ਇਹ ਪਤਾ ਲਾਉਣ ਲਈ ਕਿ ਮੁਸਲਮਾਨ ਦੇਸ਼ ਭਗਤ ਹਨ ਜਾਂ ਨਹੀਂ। ਮਸ਼ਹੂਰ ਐਕਟਰ ਨਾਨਾ ਪਾਟੇਕਰ ਨੇ ਠੀਕ ਹੀ ਕਿਹਾ ਹੈ ਕਿ ਮਦਰੱਸਿਆਂ ਅੰਦਰ ਮੁਸਲਮਾਨਾਂ ਦੀ ਦੇਸ਼ ਭਗਤੀ ਦੀ ਜਾਂਚ ਕਰਨ ਵਾਲੇ ਜੇ ਹਸਪਤਾਲ ਵਿਚ ਆਕਸੀਜਨ ਦੀ ਜਾਂਚ ਕਰ ਲੈਂਦੇ ਤਾਂ ਕੁਝ ਜਾਨਾਂ ਜ਼ਿੰਦਗੀ ਦੀ ਜੰਗ ਜਿੱਤ ਸਕਦੀਆਂ ਸਨ।

ਅਦਿਤਿਆਨਾਥ ਅਤੇ ਉਸ ਦੇ ਮੰਤਰੀ ਲੱਖ ਦਾਅਵੇ ਕਰਨ, ਉਨ੍ਹਾਂ ਦੀ ਸਰਕਾਰ ਆਪਣੇ ਤੋਂ ਪਹਿਲੀ ਸਰਕਾਰ ਵਾਂਗ ਹੀ ਲੋਕ ਦੁਸ਼ਮਣ, ਭ੍ਰਿਸ਼ਟ ਅਤੇ ਬੇਰਹਿਮ ਕੁ-ਸ਼ਾਸਕ ਹੈ। ਕਿੰਨੇ ਬੱਚਿਆਂ ਦੀ ਮੌਤ ਆਕਸੀਜਨ ਮੁੱਕ ਜਾਣ ਨਾਲ ਹੋਈ ਅਤੇ ਕਿੰਨਿਆਂ ਦੀ ਹੋਰ ਕਾਰਨ, ਇਸ ਦੇ ਬਾਵਜੂਦ ਇਹ ਤੱਥ ਜੱਗ ਜ਼ਾਹਰ ਹੋ ਚੁੱਕਾ ਹੈ ਕਿ ਮੈਡੀਕਲ ਕਾਲਜ ਵਿਚ ਆਕਸੀਜਨ ਸਪਲਾਈ ਦਾ ਸੰਕਟ ਬਣਿਆ ਹੋਇਆ ਸੀ। ਅਗਾਊਂ ਪਤਾ ਹੋਣ ਦੇ ਬਾਵਜੂਦ ਸਪਲਾਈ ਯਕੀਨੀ ਨਾ ਬਣਾਉਣਾ ਕਾਲਜ ਪ੍ਰਬੰਧ ਦੀ ਮੁਜਰਮਾਨਾ ਕੋਤਾਹੀ ਹੈ। ਮੈਡੀਕਲ ਕਾਲਜ ਵਿਚ ਆਕਸੀਜਨ ਦੀ ਸਪਲਾਈ ਲਈ ਪਲਾਂਟ ਲਗਾਇਆ ਗਿਆ ਹੈ ਜਿਥੋਂ ਪਾਈਪਲਾਈਨ ਰਾਹੀਂ 300 ਮਰੀਜ਼ਾਂ ਨੂੰ ਤਰਲ ਆਕਸੀਜਨ ਦਿੱਤੀ ਜਾਂਦੀ ਹੈ। ਸਪਲਾਇਰ ਕੰਪਨੀ ਪੁਸ਼ਪਾ ਸੇਲਜ਼ ਦਾ 69 ਲੱਖ ਰੁਪਏ ਬਕਾਇਆ ਖੜ੍ਹਾ ਸੀ। ਕੰਪਨੀ ਨੇ ਬਕਾਇਆ ਨਾ ਦਿੱਤੇ ਜਾਣ ਦੀ ਸੂਰਤ ਵਿਚ ਸਪਲਾਈ ਰੋਕ ਦੇਣ ਦੀ ਚੇਤਾਵਨੀ ਤੋਂ ਬਾਅਦ 10 ਅਗਸਤ ਨੂੰ ਸਪਲਾਈ ਬੰਦ ਕਰ ਦਿੱਤੀ, ਕਿਉਂਕਿ ਉਸ ਦੇ ਕਾਰੋਬਾਰ ਦੇ ਮੁਨਾਫ਼ੇ ਦਾ ਸਵਾਲ ਸੀ। ਇਕ ਸਾਲ ਪਹਿਲਾਂ ਵੀ ਬਕਾਇਆ ਨਾ ਦੇਣ ਕਾਰਨ ਕੰਪਨੀ ਨੇ ਸਪਲਾਈ ਰੋਕ ਦਿੱਤੀ ਸੀ। ਸਰਕਾਰ ਦਾਅਵਾ ਕਰ ਰਹੀ ਹੈ ਕਿ ਉਸ ਨੇ ਤਾਂ ਅਦਾਇਗੀ ਕਰ ਦਿੱਤੀ ਸੀ, ਪ੍ਰਿੰਸੀਪਲ ਡਾ. ਰਾਜੀਵ ਮਿਸ਼ਰਾ ਨੇ ਅੱਗੇ ਨਹੀਂ ਕੀਤੀ। ਇਹ ਇਲਜ਼ਾਮ ਵੀ ਲੱਗਿਆ ਹੈ ਕਿ ਮੈਡੀਕਲ ਕਾਲਜ ਦਾ ਪ੍ਰਿੰਸੀਪਲ ਸਪਲਾਇਰ ਤੋਂ 25 ਫੀਸਦੀ ਕਮਿਸ਼ਨ ਮੰਗ ਰਿਹਾ ਸੀ ਜੋ ਉਸ ਨੇ ਨਹੀਂ ਦਿੱਤਾ। ਪ੍ਰਿੰਸੀਪਲ ਨੇ ਇਸ ਨੂੰ ਸਪਸ਼ਟ ਰੱਦ ਕਰਦਿਆਂ ਕਿਹਾ ਕਿ ਨੌਕਰਸ਼ਾਹੀ ਰੁਕਾਵਟਾਂ ਕਾਰਨ ਸਰਕਾਰੀ ਗਰਾਂਟ ਦੇਰ ਨਾਲ ਮਿਲੀ, ਇਸ ਕਰ ਕੇ ਕੰਪਨੀ ਦੀ ਅਦਾਇਗੀ ਰੁਕੀ ਹੋਈ ਸੀ। ਇਸ ਮਾਮਲੇ ਵਿਚ ਮੁੱਖ ਮੰਤਰੀ ਨੇ ਪ੍ਰਿੰਸੀਪਲ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਮੁਅੱਤਲੀ ਦੀ ਵਿਆਖਿਆ ਇਹ ਦਿੱਤੀ ਜਾ ਰਹੀ ਹੈ ਕਿ ਇਹ ਕਾਰਵਾਈ ਕੰਪਨੀ ਦਾ ਬਕਾਇਆ ਰੋਕਣ 'ਤੇ ਕੀਤੀ ਗਈ ਹੈ। ਸਵਾਲ ਇਹ ਹੈ ਕਿ ਮੁਅੱਤਲੀ ਦਾ ਸਬੰਧ ਹਾਲੀਆ ਆਕਸੀਜਨ ਘੁਟਾਲੇ ਨਾਲ ਨਹੀਂ, ਤਾਂ ਜਦੋਂ ਮੌਤਾਂ ਦਾ ਤਾਜ਼ਾ ਕਾਂਡ ਵਾਪਰਿਆ, ਉਦੋਂ ਹੀ ਬਕਾਏ ਨੂੰ ਲੈ ਕੇ ਉਸ ਦੀ ਮੁਅੱਤਲੀ ਕਿਉਂ? ਇਸ ਦੇ ਉਲਟ ਡਾ. ਮਿਸ਼ਰਾ ਦਾ ਕਹਿਣਾ ਹੈ ਕਿ ਉਸ ਨੇ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਆਪਣਾ ਅਸਤੀਫ਼ਾ ਦਿੱਤਾ ਹੈ।

ਪ੍ਰਿੰਸੀਪਲ ਦਾ ਭ੍ਰਿਸ਼ਟਾਚਾਰੀ ਹੋਣਾ ਮੈਡੀਕਲ ਕਾਲਜ ਦੀ ਬਦਇੰਤਜ਼ਾਮੀ ਦਾ ਸਿਰਫ਼ ਇਕ ਕਾਰਨ ਹੋ ਸਕਦਾ ਹੈ, ਪਰ ਇਹ ਸੰਕਟ ਦਾ ਮੂਲ ਕਾਰਨ ਨਹੀਂ ਹੈ। ਅਸਲ ਮਸਲਾ ਹੁਕਮਰਾਨ ਜਮਾਤ ਦੀ ਨਾਗਰਿਕਾਂ ਨੂੰ ਜ਼ਿੰਦਗੀ ਦੀਆਂ ਮੁੱਢਲੀਆਂ ਜ਼ਰੂਰਤਾਂ ਦੇਣ ਦੀ ਜ਼ਿੰਮੇਵਾਰੀ ਨੂੰ ਤਿਲਾਂਜਲੀ ਦੇਣ ਦੀ ਨੀਤੀ ਹੈ ਜਿਸ ਤਹਿਤ ਸਰਕਾਰੀ ਸੇਵਾਵਾਂ ਅਤੇ ਯੋਜਨਾਵਾਂ ਦੇ ਬਜਟ ਵਿਚ ਵਧੇਰੇ ਤੋਂ ਵਧੇਰੇ ਕਟੌਤੀ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਖੇਤਰਾਂ ਦਾ ਵਪਾਰੀਕਰਨ ਕਰ ਕੇ ਅਵਾਮ ਨੂੰ ਮੁਨਾਫ਼ਾਖ਼ੋਰ ਕਾਰੋਬਾਰੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਜ਼ਿਆਦਾਤਰ ਡਾਕਟਰਾਂ ਅਤੇ ਮੈਡੀਕਲ ਅਮਲੇ ਦਾ ਵਤੀਰਾ ਭਾਵੇਂ ਮਹਿਜ਼ ਡੰਗ ਟਪਾਈ ਕਰਨ ਵਾਲਾ ਹੁੰਦਾ ਹੈ, ਫਿਰ ਵੀ ਸਰਕਾਰੀ ਹਸਪਤਾਲਾਂ ਵਿਚ ਕੁਝ ਐਸੇ ਡਾਕਟਰ ਅਤੇ ਅਮਲਾ ਹੈ ਜਿਨ੍ਹਾਂ ਦਾ ਆਮ ਮਰੀਜ਼ਾਂ ਪ੍ਰਤੀ ਵਤੀਰਾ ਹਮਦਰਦੀ ਵਾਲਾ ਹੁੰਦਾ ਹੈ ਜੋ ਮਰੀਜ਼ਾਂ ਦੀ ਦੇਖਭਾਲ ਨੂੰ ਆਪਣੇ ਫਰਜ਼ ਵਜੋਂ ਲੈ ਕੇ ਨਿਗੂਣੇ ਵਸੀਲਿਆਂ ਨਾਲ ਇਲਾਜ ਕਰਨ ਲਈ ਤਤਪਰ ਰਹਿੰਦੇ ਹਨ।

ਇਸ ਦਰਦਨਾਕ ਕਾਂਡ ਦਾ ਗ਼ੌਰਤਲਬ ਪਹਿਲੂ ਸੰਕਟ ਦੀ ਇਸ ਘੜੀ ਵਿਚ ਬੱਚਿਆਂ ਦੀ ਜਾਨ ਬਚਾਉਣ ਲਈ ਇਨਸਿਫਲਾਈਟਸ ਦੇ ਮਾਹਰ ਡਾ. ਕਫ਼ੀਲ ਖ਼ਾਨ ਵਲੋਂ ਕੀਤੇ ਪੁਰਜ਼ੋਰ ਯਤਨ ਹਨ। 10-11 ਅਗਸਤ ਦੀ ਰਾਤ ਨੂੰ ਕਾਲਜ ਵਿਚ ਇਸ ਰੋਗ ਤੋਂ ਪੀੜਤ 400 ਬੱਚੇ ਦਾਖ਼ਲ ਸਨ। ਜਦੋਂ ਰਾਤ ਦੋ ਵਜੇ ਡਾ. ਕਫ਼ੀਲ ਨੂੰ ਪਤਾ ਲੱਗਿਆ ਕਿ ਹਸਪਤਾਲ ਵਿਚ ਆਕਸੀਜਨ ਖ਼ਤਮ ਹੋਣ ਵਾਲੀ ਹੈ ਤਾਂ ਉਸ ਵਲੋਂ ਸਪਲਾਇਰ ਨੂੰ ਆਕਸੀਜਨ ਸਪਲਾਈ ਕਰਨ ਲਈ ਵਾਰ-ਵਾਰ ਫ਼ੋਨ ਕੀਤੇ ਗਏ ਜਿਸ ਨੇ ਬਿਨਾ ਅਦਾਇਗੀ ਸਪਲਾਈ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ। ਡਾਕਟਰ ਨੇ ਤੁਰੰਤ ਆਪਣੇ ਡਰਾਈਵਰ ਨੂੰ ਜਗਾਇਆ ਅਤੇ ਆਪਣੇ ਮਿੱਤਰ ਡਾਕਟਰਾਂ ਦੇ ਕਲੀਨਿਕ ਤੋਂ ਆਕਸੀਜਨ ਦੇ ਤਿੰਨ ਜੰਬੋ ਸਿਲੰਡਰ ਲੈ ਕੇ ਹਸਪਤਾਲ ਪਹੁੰਚਿਆ। ਤਿੰਨ ਸਿਲੰਡਰ 400 ਬੱਚਿਆਂ ਨੂੰ ਕਿੰਨਾ ਕੁ ਵਕਤ ਜਿਉਂਦਾ ਰੱਖ ਸਕਦੇ ਸਨ। ਡਾ. ਕਫ਼ੀਲ ਅਤੇ ਉਸ ਦੇ ਸਹਾਇਕ ਡਾਕਟਰਾਂ ਦੇ ਤਰੱਦਦ ਦੇ ਬਾਵਜੂਦ ਬੱਚੇ ਇਕ ਇਕ ਕਰ ਕੇ ਦਮ ਤੋੜਦੇ ਗਏ। ਇਨਸਾਨੀਅਤ ਦਾ ਦਰਦਮੰਦ ਇਹ ਡਾਕਟਰ ਅਤੇ ਉਸ ਦੇ ਸਹਿਕਰਮੀ ਬੱਚਿਆਂ ਦੀ ਜਾਨ ਬਚਾਉਣ ਤੋਂ ਬੇਵੱਸ ਸਨ। ਉਸ ਨੂੰ ਦੁੱਖ ਸੀ ਕਿ ਬੱਚੇ ਉਸ ਦੀਆਂ ਅੱਖਾਂ ਅੱਗੇ ਮਰ ਰਹੇ ਸਨ ਅਤੇ ਉਹ ਕੁਝ ਕਰ ਸਕਣ ਤੋਂ ਅਸਮਰੱਥ ਸਨ। ਕਿਹਾ ਜਾਂਦਾ ਹੈ ਕਿ ਉਸ ਨੇ ਇਕ ਹੋਰ ਸਪਲਾਇਰ ਨੂੰ ਕੁਝ ਐਮਰਜੈਂਸੀ ਸਿਲੰਡਰ ਮੁਹੱਈਆ ਕਰਾਉਣ ਲਈ ਦਸ ਹਜ਼ਾਰ ਰੁਪਏ ਆਪਣੀ ਜੇਬ ਵਿਚੋਂ ਦਿੱਤੇ, ਪਰ ਸਰਕਾਰ ਵਲੋਂ ਉਸ ਨੂੰ ਬਲੀ ਦਾ ਬੱਕਰਾ ਬਣਾ ਕੇ ਮੁਅੱਤਲ ਕਰ ਦਿੱਤਾ ਗਿਆ।

ਡਾ. ਕਫ਼ੀਲ ਖਾਨ ਉਸ ਘੱਟ-ਗਿਣਤੀ ਫਿਰਕੇ ਤੋਂ ਹੈ ਜਿਸ ਦੇ ਖ਼ਿਲਾਫ਼ ਸੰਘ ਬ੍ਰਿਗੇਡ ਨੇ ਫਾਸ਼ੀਵਾਦੀ ਜਹਾਦ ਸ਼ੁਰੂ ਕੀਤਾ ਹੋਇਆ ਹੈ। ਮੁਸਲਮਾਨਾਂ ਨੂੰ ਦੇਸ਼ ਧ੍ਰੋਹੀ ਕਰਾਰ ਦੇ ਕੇ ਨਿੱਤ ਜ਼ਲੀਲ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਦੇਸ਼ ਭਗਤੀ ਦਾ ਇਮਤਿਹਾਨ ਲੈਣ ਲਈ ਇਸ ਸਾਲ 'ਆਜ਼ਾਦੀ' ਦਿਹਾੜੇ ਮੌਕੇ ਸਾਰੇ ਮਦਰੱਸਿਆਂ ਦੀ ਵੀਡੀਓ ਰਿਕਾਰਡਿੰਗ ਕਰਨ ਦੇ ਬਾਕਾਇਦਾ ਸਰਕਾਰੀ ਹੁਕਮ ਜਾਰੀ ਕੀਤੇ ਗਏ ਹਨ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਉਥੇ 15 ਅਗਸਤ ਨੂੰ ਰਾਸ਼ਟਰੀ ਝੰਡਾ ਲਹਿਰਾਇਆ ਗਿਆ ਅਤੇ ਰਾਸ਼ਟਰੀ ਗੀਤ ਗਾਇਆ ਗਿਆ ਜਾਂ ਨਹੀਂ। ਇਕ ਪਾਸੇ ਡਾ. ਕਫ਼ੀਲ ਦਾ ਇਨਸਾਨੀਅਤ ਪ੍ਰੇਮ ਹੈ; ਇਸ ਦੇ ਮੁਕਾਬਲੇ ਸੰਘ ਬ੍ਰਿਗੇਡ ਦਾ 'ਰਾਸ਼ਟਰ ਪ੍ਰੇਮ' ਦੇਖੋ ਜਿਸ ਵਿਚ ਗਊ ਰੱਖਿਆ, ਰਾਮ ਮੰਦਰ ਅਤੇ ਰਾਸ਼ਟਰਵਾਦੀ ਦਹਿਸ਼ਤਵਾਦ ਹੀ ਸਭ ਕੁਝ ਹੈ, ਇਨਸਾਨੀਅਤ ਮਨਫ਼ੀ ਹੈ।

ਬੱਚਿਆਂ ਦੀਆਂ ਮੌਤਾਂ ਬੁਰੀ ਤਰ੍ਹਾਂ ਬਿਮਾਰ ਸਿਹਤ ਸੇਵਾਵਾਂ ਦਾ ਨਤੀਜਾ ਹੈ ਅਤੇ ਇਸ ਖੇਤਰ ਦੇ ਵਪਾਰੀਕਰਨ ਨਾਲ ਗ਼ਰੀਬਾਂ ਨੂੰ ਮੌਤ ਦੇ ਮੂੰਹ ਧੱਕਣ ਦਾ ਰਾਹ ਹੋਰ ਮੋਕਲਾ ਕਰ ਦਿੱਤਾ ਗਿਆ ਹੈ। ਇਹ ਹੈ ਸੰਘ ਬ੍ਰਿਗੇਡ ਦਾ ਅਸਲ 'ਰਾਸ਼ਟਰ ਪ੍ਰੇਮ'...!

# ਭਾਰਤ ਦਾ ਪਹਿਲਾ ਤਿਰੰਗਾ ਅਤੇ ਸਰਦਾਰ ਅਜੀਤ ਸਿੰਘ

ਭਾਰਤ ਵਿਚ ਬ੍ਰਿਟਿਸ਼ ਹਕੂਮਤ ਨੂੰ ਜ਼ੋਰਦਾਰ ਝਟਕਾ ਦੇਣ ਵਾਲੇ ਮੁਖ ਦੇਸ਼ ਭਗਤਾਂ ਵਿਚ ਸਰਦਾਰ ਅਜੀਤ ਸਿੰਘ ਦਾ ਖਾਸ ਸਥਾਨ ਹੈ। ਉਨ੍ਹਾਂ ਆਪਣੀ ਜ਼ਿੰਦਗੀ ਦੇ 50 ਵਰ੍ਹੇ ਲੋਕ ਇਨਕਲਾਬ ਰਾਹੀਂ ਆਪਣੀ ਹੋਂਦ ਦੇ ਆਪ ਮਾਲਕ ਬਣਨ ਦੇ ਯੋਗ ਬਣਾਉਣ ਲਈ ਲਾਏ। ਉਨ੍ਹਾਂ ਦਾ ਜਨਮ ਖਟਕੜ ਕਲਾਂ (ਹੁਣ ਜ਼ਿਲ੍ਹਾ ਨਵਾਂ ਸ਼ਹਿਰ) ਵਿਚ 23 ਫ਼ਰਵਰੀ

**ਪ੍ਰੋ. ਕੁਲਵੀਰ ਸਿੰਘ ਢਿੱਲੋਂ**
**ਹਰਦੀਪ ਸਿੰਘ ਝੱਜ**

1881 ਨੂੰ ਪਿਤਾ ਅਰਜਨ ਸਿੰਘ ਤੇ ਮਾਤਾ ਜੈ ਕੌਰ ਦੇ ਘਰ ਹੋਇਆ। ਪਿਤਾ ਅਰਜਨ ਸਿੰਘ ਲੋਕ ਸੇਵਕ, ਵੱਡੇ ਭਰਾ ਕਿਸ਼ਨ ਸਿੰਘ ਸੁਤੰਤਰਤਾ ਸੰਗਰਾਮੀ ਅਤੇ ਭਤੀਜਾ ਭਗਤ ਸਿੰਘ ਮਹਾਨ ਇਨਕਲਾਬੀ ਸਨ। ਅਜੀਤ ਸਿੰਘ ਨੇ ਮੁੱਢਲੀ ਪੜ੍ਹਾਈ ਬੰਗਾ ਦੇ ਸਕੂਲ ਵਿਚ ਕਰਨ ਬਾਅਦ ਦਸਵੀਂ 1884 ਵਿਚ ਸਾਈਂ ਦਾਸ ਐਂਗਲੋ ਸੰਸਕ੍ਰਿਤ ਸਕੂਲ, ਜਲੰਧਰ ਤੋਂ ਕੀਤੀ। ਅਤੇ ਫਿਰ ਐਫ. ਏ. ਦੀ ਪ੍ਰੀਖਿਆ ਡੀ.ਏ.ਵੀ. ਕਾਲਜ ਲਾਹੌਰ ਤੋਂ 1896 ਵਿਚ ਦਿੱਤੀ।

ਅਜੀਤ ਸਿੰਘ ਨੇ ਆਪਣੇ ਵੱਡੇ ਭਰਾ ਕਿਸ਼ਨ ਸਿੰਘ ਨਾਲ ਮਿਲ ਕੇ 1898 ਵਿਚ ਬਰਾਰ (ਮੱਧ ਪ੍ਰਾਂਤ) ਅਤੇ 1900 ਅਹਿਮਦਾਬਾਦ ਵਿਚ ਅਕਾਲ ਪੀੜਤਾਂ ਦੀ ਸਹਾਇਤਾ ਕੀਤੀ। 1904 ਵਿਚ ਕਾਂਗੜੇ ਦੇ ਭੂਚਾਲ ਪੀੜਤਾਂ ਅਤੇ 1905 ਵਿਚ ਜਿਹਲਮ ਦੇ ਹੜ੍ਹ ਪੀੜਤਾਂ ਦੀ ਮਦਦ ਕੀਤੀ। ਉਹ ਜਾਣ ਚੁੱਕੇ ਸਨ ਕਿ ਅੰਗਰੇਜ਼, ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਾਲਾ ਪ੍ਰਸ਼ਾਸਨ ਨਹੀਂ ਦੇ ਸਕਦੇ।

ਇੰਡੀਅਨ ਨੈਸ਼ਨਲ ਕਾਂਗਰਸ ਨਾਲ ਅਜੀਤ ਸਿੰਘ ਦਾ ਸੰਪਰਕ ਦਸੰਬਰ 1906 ਵਿਚ ਉਸ ਸਮੇਂ ਬਣਿਆ ਜਦੋਂ ਕਲਕੱਤਾ (ਬਾਰੀਸਾਲ) ਵਿਖੇ ਦਾਦਾ ਭਾਈ ਨੌਰੋਜੀ ਦੀ ਪ੍ਰਧਾਨਗੀ ਹੇਠ ਕਾਂਗਰਸ ਦਾ 22ਵਾਂ ਅਜਲਾਸ ਹੋ ਰਿਹਾ ਸੀ। ਉਸ ਸਮੇਂ ਕਾਂਗਰਸ ਵਿਚ ਆਪਸੀ ਮਤਭੇਦ ਸਨ। ਗਰਮ ਦਲ ਦੇ ਆਗੂ ਦਾਦਾ ਭਾਈ ਨੌਰੋਜੀ ਨੇ ਪ੍ਰਧਾਨਗੀ ਭਾਸ਼ਨ ਦੌਰਾਨ ਆਖਿਆ, "ਅਸੀਂ ਕੋਈ ਦਾਨ ਨਹੀਂ ਮੰਗਦੇ, ਕੇਵਲ ਨਿਆਂ ਚਾਹੁੰਦੇ ਹਾਂ। ਸਾਡੀ ਮੰਗ ਹੈ- ਸਵਰਾਜ"। ਇਸ ਤੋਂ ਪ੍ਰਭਾਵਿਤ ਹੋ ਕੇ ਅਜੀਤ ਸਿੰਘ ਨੇ ਆਪਣਾ ਰਿਸ਼ਤਾ ਗਰਮ ਦਲੀਆਂ ਨਾਲ ਜੋੜ ਲਿਆ।

ਅਜੀਤ ਸਿੰਘ ਨੇ 1907 ਵਿਚ ਪੰਜਾਬ ਪਹੁੰਚ ਕੇ 'ਭਾਰਤ ਮਾਤਾ ਸੁਸਾਇਟੀ' ਲਾਹੌਰ ਵਿਚ ਬਣਾਈ। ਸੂਫ਼ੀ ਅੰਬਾ ਪ੍ਰਸਾਦ, ਲਾਲ ਚੰਦ ਫਲਕ, ਜ਼ਿਆ-ਉਲ-ਹੱਕ, ਕਿਸ਼ਨ ਸਿੰਘ ਅਤੇ ਸਵਰਨ ਸਿੰਘ ਇਸ ਸਭਾ ਦੇ ਮੈਂਬਰ ਬਣ ਗਏ। ਸਰਕਾਰੀ ਰਿਪੋਰਟ ਅਨੁਸਾਰ ਇਸ ਸਭਾ ਦੇ ਮੈਂਬਰਾਂ ਦੀ ਸੂਚੀ ਬਹੁਤ ਲੰਮੀ ਸੀ ਜਿਨ੍ਹਾਂ ਵਿਚ ਮਹਿਤਾ ਅਨੰਦ ਕਿਸ਼ੋਰ ਸਕੱਤਰ (ਅੰਜੁਮਨ-ਏ-ਮੋਹਿਬੱਨ-ਏ-ਵਤਨ), ਦੁਨੀ ਚੰਦ (ਲਾਹੌਰ), ਘਸੀਟਾ ਰਾਮ, ਲਾਲ ਪਿੰਡੀ ਦਾਸ ਆਦਿ ਸ਼ਾਮਲ ਸਨ। ਅਜੀਤ ਸਿੰਘ ਨੇ ਇਸ ਸਭਾ ਰਾਹੀਂ ਇਨਕਲਾਬੀ ਵਿਚਾਰਾਂ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

ਪੰਜਾਬ ਸਰਕਾਰ ਨੇ 1906 ਵਿਚ ਆਬਾਕਾਰੀ ਬਿੱਲ ਪੇਸ਼ ਕਰ ਕੇ ਚਨਾਬ ਕਲੋਨੀ ਦੇ ਕਿਸਾਨਾਂ ਦੀ ਨਾਰਾਜ਼ਗੀ ਵਧਾ ਦਿੱਤੀ। ਨਵੰਬਰ 1906 ਵਿਚ 'ਬਾਰੀ ਦੋਆਬ ਐਕਟ' ਪਾਸ ਕਰ ਕੇ ਆਬਿਆਨਾ ਕਰ ਵਧਾ ਦਿੱਤਾ ਜਿਸ ਕਾਰਨ ਅੰਮ੍ਰਿਤਸਰ, ਗੁਰਦਾਸਪੁਰ ਅਤੇ ਲਾਹੌਰ ਇਲਾਕਿਆਂ ਦੇ ਛੋਟੇ ਕਿਸਾਨ ਆਰਥਿਕ ਪੱਖੋਂ ਹੋਰ ਕਮਜ਼ੋਰ ਹੋ ਗਏ। ਅਜੀਤ ਸਿੰਘ ਨੇ ਪੰਜਾਬ ਵਿਚ 'ਜ਼ਿਮੀਂਦਾਰਾ ਲੀਗ' ਕਾਇਮ ਕਰ ਕੇ ਆਬਾਦਕਾਰੀ ਕਾਨੂੰਨ ਅਤੇ ਲਗਾਨ ਵਧਾਉਣ ਖਿਲਾਫ ਅੰਦੋਲਨ ਤੇਜ਼ ਕਰ ਦਿੱਤਾ। ਲਾਹੌਰ ਦੇ ਜਲਸਿਆਂ ਵਿਚ ਕਿਸ਼ਨ ਸਿੰਘ ਅਤੇ ਲਾਲਾ ਘਸੀਟਾ ਰਾਮ ਵੀ ਭਾਸ਼ਣ ਦਿੰਦੇ ਸਨ। ਅੰਤ ਅਜੀਤ ਸਿੰਘ ਨੇ ਪੂਰੇ ਢਾਈ ਘੰਟੇ ਭਾਸ਼ਣ ਦਿੱਤਾ। ਅਜੀਤ ਸਿੰਘ ਦੀ ਵੰਗਾਰ ਸੁਣ ਕੇ 180 ਆਦਮੀ ਚੌਕੜੀਆਂ ਮਾਰ ਕੇ ਬੈਠ ਗਏ। ਸਭਾ ਵਿਚ ਸ਼ਾਮਿਲ ਲੋਕਾਂ ਨੇ ਉਥੋਂ ਕਦਮ ਪੁੱਟਣ ਤੋਂ ਪਹਿਲਾਂ ਦੇਸ਼ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਦੀ ਰਜ਼ਾਮੰਦੀ ਜ਼ਾਹਿਰ ਕੀਤੀ।

ਅਜੀਤ ਸਿੰਘ ਦਾ ਉਦੇਸ਼ ਕਿਸਾਨ ਅੰਦੋਲਨ ਨੂੰ ਪੱਕੇ ਪੈਰੀਂ ਕਰਨਾ ਅਤੇ ਫ਼ੌਜ ਵਿਚ ਬਗ਼ਾਵਤ ਕਰਵਾਉਣਾ ਸੀ। 3 ਮਾਰਚ 1907 ਨੂੰ ਲਾਇਲਪੁਰ ਵਿਚ ਵਿਸ਼ਾਲ ਸਭਾ ਹੋਈ। 'ਝੰਗ ਸਿਆਲ' ਦੇ ਸੰਪਾਦਕ ਬਾਂਕੇ ਦਿਆਲ ਨੇ ਆਪਣੀ ਕਵਿਤਾ 'ਪੱਗੜੀ ਸੰਭਾਲ ਓ ਜੱਟਾ' ਨਾਲ ਲੋਕਾਂ ਦੇ ਦਿਲ ਜਿੱਤ ਲਏ। ਅਜੀਤ ਸਿੰਘ ਨੇ ਪੰਜਾਬ ਦਾ ਤੂਫ਼ਾਨੀ ਦੌਰਾ ਸ਼ੁਰੂ ਕਰ ਕੇ ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਫ਼ਿਰੋਜ਼ਪੁਰ, ਕਸੂਰ, ਗੁਜਰਾਂਵਾਲਾ, ਰਾਵਲਪਿੰਡੀ ਤੇ ਮੁਲਤਾਨ ਵਿਚ ਖ਼ੁਫ਼ੀਆ ਸਭਾਵਾਂ ਕੀਤੀਆਂ ਅਤੇ ਰਾਜ ਪ੍ਰਬੰਧ ਨੂੰ ਭੰਗ ਕਰਨ ਲਈ ਭਾਸ਼ਣ ਦਿੱਤਾ। ਲਾਰਡ ਕਿਚਨਰ (1850-1916) ਕਿਸਾਨਾਂ, ਸਿਪਾਹੀਆਂ ਅਤੇ ਫ਼ੌਜੀਆਂ ਦੀ ਬਗ਼ਾਵਤ ਕਾਰਨ ਬਹੁਤ ਪ੍ਰੇਸ਼ਾਨ ਸੀ। ਸਰਕਾਰ ਨੇ ਮਈ 1907 ਵਿਚ ਲਾਲਾ ਲਾਜਪਤ ਰਾਏ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਕਾਰਨ ਲਾਹੌਰ ਵਿਚ ਦੰਗੇ ਸ਼ੁਰੂ ਹੋ ਗਏ। ਅਜੀਤ ਸਿੰਘ ਨੇ 2 ਜੂਨ 1907 ਨੂੰ ਅੰਮ੍ਰਿਤਸਰ ਵਿਖੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਬਾਅਦ ਵਿਚ ਸਰਕਾਰ ਨੇ ਉਨ੍ਹਾਂ ਨੂੰ ਮਾਂਡਲੇ ਜੇਲ੍ਹ ਵਿਚੋਂ 11 ਨਵੰਬਰ 1907 ਨੂੰ ਰਿਹਾਅ ਕਰ ਦਿੱਤਾ।

1909 ਵਿਚ ਅਜੀਤ ਸਿੰਘ ਨੇ ਪੰਜਾਬ ਆ ਕੇ 'ਪੇਸ਼ਵਾ' ਰਸਾਲਾ ਸ਼ੁਰੂ ਕੀਤਾ। ਇਸ ਦਾ ਸੰਪਾਦਕ ਸਵਰਨ ਸਿੰਘ ਬਣਾਇਆ। ਬਾਅਦ ਵਿਚ ਸੂਫ਼ੀ ਅੰਬਾ ਪ੍ਰਸਾਦ ਨੇ ਇਸ ਦੇ ਸੰਪਾਦਕ ਵਜੋਂ ਕੰਮ ਕੀਤਾ। ਇਸ ਰਾਹੀਂ ਇਨਕਲਾਬੀ ਸਾਹਿਤ ਦੀ ਰਚਨਾ ਕੀਤੀ। 1932-38 ਦੌਰਾਨ ਅਜੀਤ ਸਿੰਘ ਨੇ ਫਰਾਂਸ, ਸਵਿਟਰਜ਼ਰਲੈਂਡ ਅਤੇ ਜਰਮਨੀ ਵਿਚ ਰਹਿੰਦਿਆਂ ਯੂਰਪ ਵਿਚ ਕੰਮ ਕਰ ਰਹੇ ਭਾਰਤੀ ਇਨਕਲਾਬੀਆਂ ਨਾਲ ਸੰਪਰਕ ਕੀਤਾ। ਦੂਜੇ ਵਿਸ਼ਵ ਯੁੱਧ (1939-45) ਦੌਰਾਨ ਅਜੀਤ ਸਿੰਘ ਨੇ ਇਟਲੀ ਵਿਚ ਰਿਹਾਇਸ਼ ਸਥਾਪਿਤ ਕਰ ਲਈ। ਇਥੇ ਉਨ੍ਹਾਂ 'ਇੰਡੀਅਨ ਫ਼ਰੀਡਮ ਸੁਸਾਇਟੀ' ਅਤੇ 'ਆਜ਼ਾਦ ਹਿੰਦ ਫ਼ੌਜ' ਦੀ ਸਥਾਪਨਾ ਕੀਤੀ। ਇਹ ਕੰਮ ਸੁਭਾਸ਼ ਚੰਦਰ ਬੋਸ ਤੋਂ ਪਹਿਲਾਂ ਕੀਤਾ ਗਿਆ ਸੀ। ਰੋਮ ਰੇਡੀਓ ਤੋਂ ਅਜੀਤ ਸਿੰਘ ਨੇ ਅੰਗਰੇਜ਼ੀ ਸਾਮਰਾਜ ਦੇ ਖਿਲਾਫ ਪ੍ਰਚਾਰ ਕੀਤਾ। ਮਈ 1945 ਵਿਚ ਅਜੀਤ ਸਿੰਘ ਨੂੰ ਬ੍ਰਿਟਿਸ਼ ਫ਼ੌਜ ਨੇ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਜਰਮਨੀ ਵਿਚ ਫ਼ੌਜੀ ਕੈਦੀਆਂ ਦੇ ਕੈਂਪ ਵਿਚ ਰੱਖਿਆ ਗਿਆ। ਜੇਲ੍ਹ ਦੀਆਂ ਸਖ਼ਤੀਆਂ ਕਾਰਨ ਅਜੀਤ ਸਿੰਘ ਦੀ ਸਿਹਤ ਵਿਗੜ ਗਈ। ਦਸੰਬਰ 1946 ਵਿਚ ਉਹ ਜਰਮਨੀ ਤੋਂ ਲੰਡਨ ਅਤੇ ਫਿਰ 7 ਮਾਰਚ 1947 ਨੂੰ 38 ਸਾਲ ਬਾਅਦ ਕਰਾਚੀ ਪਹੁੰਚੇ। ਉਥੇ ਹਫ਼ਤਾ ਠਹਿਰਨ ਪਿੱਛੋਂ ਸਿੱਧੇ ਦਿੱਲੀ ਆ ਗਏ।

ਉਹ ਖ਼ੂਨੀ ਆਜ਼ਾਦੀ ਦੇ ਚੜ੍ਹਦੇ ਸੂਰਜ ਨੂੰ ਦੇਖਣ ਤੋਂ ਪਹਿਲਾਂ ਡਲਹੌਜ਼ੀ ਵਿਖੇ, ਤਾਰਿਆਂ ਦੀ ਨਿੰਮੀ ਲੋਅ ਵਿਚ, ਤੜਕੇ ਸਾਢੇ ਤਿੰਨ ਵਜੇ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ। 15 ਅਗਸਤ 1947 ਦਾ ਪਹਿਲਾ ਤਿਰੰਗਾ ਅਜੀਤ ਸਿੰਘ ਦੀ ਅੰਤਿਮ ਯਾਤਰਾ ਸਮੇਂ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਚਾੜ੍ਹਿਆ ਗਿਆ।

# Punjabi American Organization

PAO
Punjabi American Organization

## ਮਿਡਵੈਸਟ ਦਾ 13ਵਾਂ ਰੰਗਾਰੰਗ ਪ੍ਰੋਗਰਾਮ

## ਤੀਆਂ ਦਾ ਮੇਲਾ-2017: ਤਸਵੀਰਾਂ ਦੀ ਜ਼ੁਬਾਨੀ


































Sponsored Page


Asian Media USA


Asian Media USA






Asian Media USA















Asian Media USA






Asian Media USA





# ਗੁਰਦੁਆਰਾ ਓਕ ਕਰੀਕ ਗੋਲੀ ਕਾਂਡ ਦੀ ਵਰ੍ਹੇਗੰਢ ਮੌਕੇ ਨਸਲੀ ਹਿੰਸਾ ਵਿਰੁਧ ਡਟਣ ਦਾ ਅਹਿਦ

**ਮਿਲਵਾਕੀ (ਬਿਊਰੋ):** ਸਥਾਨਕ ਗੁਰਦੁਆਰਾ ਓਕ ਕਰੀਕ ਵਿਖੇ ਪੰਜ ਸਾਲ ਪਹਿਲਾਂ ਵਾਪਰੇ ਗੋਲੀ ਕਾਂਡ ਦੀ 5ਵੀਂ ਵਰ੍ਹੇਗੰਢ ਗੁਰਦੁਆਰਾ ਸਾਹਿਬ ਵਿਖੇ ਮਨਾਈ ਗਈ ਜਿਸ ਦੌਰਾਨ ਜਿਥੇ ਸ਼ਬਦ ਕੀਰਤਨ ਦਾ ਪ੍ਰਵਾਹ ਚੱਲਿਆ, ਉਥੇ ਵੱਖ ਵੱਖ ਬੁਲਾਰਿਆਂ ਨੇ ਨਸਲਵਾਦ ਵਿਰੁਧ ਆਵਾਜ਼ ਬੁਲੰਦ ਕਰਦਿਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਜ਼ਿਕਰਯੋਗ ਹੈ ਕਿ 5 ਅਗਸਤ 2012 ਨੂੰ ਇਕ ਨਸਲਵਾਦੀ ਸਿਰਫਿਰੇ ਗੋਰੇ ਵੇਡ ਮਾਈਕਲ ਪੇਜ ਨੇ ਗੁਰੂ ਘਰ ਅੰਦਰ ਦਾਖਲ ਹੋ ਕੇ ਅੰਨੇਵਾਹ ਗੋਲੀਆਂ ਚਲਾ ਕੇ 6 ਸ਼ਰਧਾਲੂਆਂ-ਪਰਮਜੀਤ ਕੌਰ (41 ਸਾਲ), ਪ੍ਰਕਾਸ਼ ਸਿੰਘ (39 ਸਾਲ), ਸੀਤਾ ਸਿੰਘ (41 ਸਾਲ), ਰਣਜੀਤ ਸਿੰਘ (49 ਸਾਲ), ਸੁਬੇਗ ਸਿੰਘ ਖੱਟੜਾ (84 ਸਾਲ) ਅਤੇ ਉਸ ਸਮੇਂ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਕਾਲੇਕਾ ਨੂੰ ਗੋਲੀਆਂ ਮਾਰ ਕੇ ਹਲਾਕ ਕਰਨ ਪਿਛੋਂ ਖੁਦ ਨੂੰ ਗੋਲੀ ਮਾਰ ਕੇ ਖਤਮ ਕਰ ਲਿਆ ਸੀ। ਇਸ ਤੋਂ ਇਲਾਵਾ ਇਕ ਪੁਲਿਸ ਅਫਸਰ ਸਮੇਤ ਕਈ ਲੋਕਾਂ ਨੂੰ ਜ਼ਖਮੀ ਕਰ ਦਿੱਤਾ ਸੀ। ਪੇਜ ਗੋਰੇ ਲੋਕਾਂ ਦੀ ਨਸਲਵਾਦੀ ਜਥੇਬੰਦੀ 'ਹੈਮਰਸਕਿਨ ਨੇਸ਼ਨ' ਦਾ ਮੈਂਬਰ ਸੀ।

ਇਸ ਤੋਂ ਇਲਾਵਾ ਸਨਿਚਰਵਾਰ ਨੂੰ ਓਕ ਕਰੀਕ ਹਾਈ ਸਕੂਲ ਵਿਖੇ 6ਕੇ ਚੜ੍ਹਦੀ ਕਲਾ ਵਾਕ ਵੀ ਕੀਤੀ ਗਈ ਜਿਸ ਦੌਰਾਨ ਹਿੱਸਾ ਲੈਣ ਵਾਲਿਆਂ ਨੂੰ ਮੁਫਤ ਟੀ-ਸ਼ਰਟਾਂ ਵੰਡੀਆਂ ਗਈਆਂ, ਲੰਗਰ ਵਰਤਾਇਆ ਗਿਆ, ਖੇਡਾਂ ਹੋਈਆਂ ਅਤੇ ਇਕ ਖੂਨਦਾਨ ਕੈਂਪ ਲਾਇਆ ਗਿਆ। ਇਸ ਵਾਕ ਵਿਚ ਕਰੀਬ 2000 ਲੋਕਾਂ ਨੇ ਹਿੱਸਾ ਲਿਆ। ਚੜ੍ਹਦੀ ਕਲਾ ਵਾਕ ਪਰਦੀਪ ਕਾਲੇਕਾ ਜਿਸ ਦੇ ਪਿਤਾ ਸਤਵੰਤ ਸਿੰਘ ਕਾਲੇਕਾ ਇਸ ਹਮਲੇ ਵਿਚ ਮਾਰੇ ਗਏ ਸਨ, ਦੇ ਉਦਮ ਨਾਲ ਕੀਤੀ ਗਈ।

ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਰਾਗੀ ਜਥੇ ਅਤੇ ਬੱਚਿਆਂ ਦੇ ਜਥੇ ਨੇ ਸ਼ਬਦ ਕੀਰਤਨ ਰਾਹੀਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮਾਰੇ ਗਏ ਸ਼ਰਧਾਲੂਆਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਲੋਕ ਪ੍ਰਤੀਨਿਧ ਸਦਨ ਦੇ ਸਪੀਕਰ ਪੌਲ ਰਾਇਨ, ਵਿਸਕਾਨਸਿਨ ਦੇ ਚੌਥੇ ਕਾਂਗਰਸ ਡਿਸਟ੍ਰਿਕਟ ਤੋਂ ਕਾਂਗਰਸਮੈਨ ਗਵੇਨ ਮੂਰ, ਸੈਨੇਟਰ ਟੈਮੀ ਬਾਲਡਵਿਨ ਦੀ ਪ੍ਰਤੀਨਿਧ ਵਨੀਸਾ ਲੈਨਸ, ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਦੇ ਦਫਤਰ ਤੋਂ ਓ.ਪੀ. ਮੀਨਾ, ਓਕ ਕਰੀਕ ਦੇ ਸਾਬਕਾ ਮੇਅਰ ਸਟੀਵ ਸਕੈਫਿਡੀ, ਓਕ ਕਰੀਕ ਪੁਲਿਸ ਦੇ ਰਿਟਾਇਰਡ ਅਫਸਰ ਲੈਫਟੀਨੈਂਟ ਬਰਾਇਨ ਮਰਫੀ, ਮਿਲਵਾਕੀ ਦੇ ਕਾਊਂਟੀ ਡਿਸਟ੍ਰਿਕਟ ਅਟਾਰਨੀ ਜੌਹਨ ਚਿਸਹੋਮ, ਪੂਰਬੀ ਵਿਸਕਾਨਸਿਨ ਦੇ ਸਾਬਕਾ ਯੂ ਐਸ ਅਟਾਰਨੀ ਜੇਮਜ਼ ਸੈਨਟੈਲ ਅਤੇ ਕੀਨੋਟ ਸਪੀਕਰ ਸਿਵਿਲ ਰਾਈਟਸ ਅਸਿਸਟੈਂਟ ਅਟਾਰਨੀ ਜਨਰਲ ਅਤੇ ਸਿਵਿਲ ਤੇ ਮਾਨਵ ਅਧਿਕਾਰ ਲੀਡਰਸ਼ਿਪ ਕਾਨਫਰੰਸ ਦੀ ਪ੍ਰਧਾਨ ਵਨੀਤਾ ਗੁਪਤਾ ਨੇ ਨਸਲੀ ਨਫਰਤ ਵਿਰੁਧ ਜ਼ੋਰਦਾਰ ਆਵਾਜ਼ ਉਠਾਉਂਦਿਆਂ ਆਪਸੀ ਭਾਈਚਾਰਾ ਮਜਬੂਤ ਕਰਨ ਦਾ ਸੱਦਾ ਦਿੱਤਾ।

ਸਪੀਕਰ ਪੌਲ ਰਾਇਨ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਦੌਰਾਨ ਓਕ ਕਰੀਕ ਵਾਸੀਆਂ ਨੇ ਸਾਬਤ ਕੀਤਾ ਹੈ ਕਿ ਉਹ ਨਫਰਤ ਤੇ ਪਾੜੇ ਨਾਲੋਂ ਤਾਕਤਵਰ ਹਨ। ਉਨ੍ਹਾਂ ਕਿਹਾ ਕਿ ਪੰਜ ਸਾਲ ਪਹਿਲਾਂ ਗੁਰਦੁਆਰੇ 'ਤੇ ਘਿਨਾਉਣੇ ਹਮਲੇ ਨਾਲ ਓਕ ਕਰੀਕ ਕੰਬ ਗਿਆ ਸੀ ਅਤੇ ਅੱਜ ਅਸੀਂ ਉਸ ਹਿੰਸਕ ਘਟਨਾ 'ਚ ਜਾਨ ਗੁਆਉਣ ਵਾਲਿਆਂ ਦੀ ਪਵਿੱਤਰ ਯਾਦ ਵਿਚ ਇਕੱਠੇ ਹੋਏ ਹਾਂ।

ਸੈਨੇਟਰ ਟੈਮੀ ਬਾਲਡਵਿਨ ਦੀ ਪ੍ਰਤੀਨਿਧ ਵਨੀਸਾ ਲੈਨਸ ਨੇ ਕਿਹਾ ਕਿ ਅੱਜ ਅਸੀਂ ਗੁਰਦੁਆਰੇ 'ਤੇ ਨਿੰਦਣਯੋਗ ਹਮਲੇ ਦੀ ਬਰਸੀ ਮੌਕੇ ਇਕ ਭਾਈਚਾਰੇ ਵਜੋਂ ਜੁੜੇ ਹਾਂ। ਮੈਨੂੰ ਸਾਡੇ ਸਿੱਖ ਭਾਈਚਾਰੇ ਉਤੇ ਵੱਡਾ ਮਾਣ ਹੈ। ਉਨ੍ਹਾਂ ਦੀ ਦਿਆਲਤਾ ਅਤੇ ਸ਼ਾਂਤੀ ਦਾ ਪੈਗਾਮ ਪੂਰੇ ਮੁਲਕ ਵਿਚ ਗੂੰਜਿਆ ਹੈ।

ਸਿੱਖ ਕੋਲੀਸ਼ਨ ਦੀ ਐਗਜ਼ੈਕਟਿਵ ਡਾਇਰੈਕਟਰ ਸਪਰੀਤ ਕੌਰ ਨੇ ਕਿਹਾ ਕਿ ਇਸ ਗੋਲੀ ਕਾਂਡ ਵਿਚ ਜ਼ਖਮੀ ਹੋਏ ਬਾਬਾ ਪੰਜਾਬ ਸਿੰਘ, ਭਾਈ ਸੰਤੋਖ ਸਿੰਘ ਅਤੇ ਲੈਫਟੀਨੈਂਟ ਬਰਾਇਨ ਮਰਫੀ ਸਾਡੇ ਲਈ ਮਾਨਵੀ ਭਾਵਨਾ ਮਜਬੂਤ ਕਰਨ ਵਾਸਤੇ ਪ੍ਰੇਰਨਾ ਸ੍ਰੋਤ ਹਨ। ਸਾਨੂੰ ਓਕ ਕਰੀਕ ਦੀ ਸੰਗਤ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ, ਜਿਸ ਨੇ ਪੂਰੇ ਦੇਸ਼ ਸਾਹਮਣੇ ਭਾਈਚਾਰਕ ਏਕਤਾ ਦੀ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਚਾਹੀਦਾ ਹੈ ਕਿ ਉਹ ਸੁਰੱਖਿਆ ਨੂੰ ਬਣਦੀ ਅਹਿਮੀਅਤ ਦੇਣ। ਉਨ੍ਹਾਂ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਹੋਰ ਅਮਰੀਕਨਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਉਚੇਚੇ ਯਤਨ ਕਰਨ। ਸਾਨੂੰ ਕਲਾਸ ਰੂਮਾਂ ਤੋਂ ਭਾਈਚਾਰਕ ਸੇਵਾ ਅਤੇ ਅਦਾਲਤਾਂ ਤੋਂ ਕਾਂਗਰਸ ਸਦਨ ਤੱਕ ਸਿੱਖੀ ਦਾ ਸਰਬੱਤ ਦੇ ਭਲੇ ਦਾ ਸੁਨੇਹਾ ਪਹੁੰਚਾਉਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ।

ਸਿੱਖ ਜਥੇਬੰਦੀ ਸਿੱਖਸ ਪੈਕ ਦੇ ਆਗੂ ਗੁਰਿੰਦਰ ਸਿੰਘ ਖਾਲਸਾ ਨੇ ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸਿੱਖ ਧਰਮ ਦੇ ਸਭੈ ਸਾਂਝੀਵਾਲ ਸਦਾਇਨ ਅਤੇ ਸਰਬੱਤ ਦੇ ਭਲੇ ਦੇ ਅਕੀਦੇ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਸਿੱਖਾਂ ਨੂੰ ਆਪਣੀ ਪਛਾਣ ਪੱਕੀ ਕਰਨ ਲਈ ਇਥੋਂ ਦੀ ਮੁੱਖ ਧਾਰਾ ਵਿਚ ਸਰਗਰਮ ਹੋਣਾ ਪਵੇਗਾ ਅਤੇ ਮੈਮੋਰੀਅਲ ਡੇਅ, ਫੋਰਥ ਆਫ ਜੁਲਾਈ ਪਰੇਡ, ਥੈਂਕਸਗਿਵਿੰਗ ਪਰੇਡ ਆਦਿ ਪ੍ਰੋਗਰਾਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਫੌਜ ਅਤੇ ਸਿਵਲ ਪ੍ਰਸ਼ਾਸਨ ਵਿਚ ਆਪਣੀ ਨੁਮਾਇੰਦਗੀ ਵਧਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਸਕੂਲਾਂ ਦੇ ਸਿਲੇਬਸ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਸ਼ਾਮਲ ਕਰਵਾਉਣ ਲਈ ਹਿੰਮਤ ਮਾਰਨੀ ਪਵੇਗੀ।

ਇਸ ਦੌਰਾਨ ਪਿਛਲੇ ਪੰਜ ਸਾਲਾਂ ਵਿਚ ਗੁਰਦੁਆਰਾ ਓਕ ਕਰੀਕ ਦੀ ਸੰਗਤ ਨੇ ਸਕਾਲਰਸ਼ਿਪ ਦੇਣ, ਖੂਨਦਾਨ ਕੈਂਪ ਲਾਉਣ, 6ਕੇ ਵਾਕ ਅਤੇ ਸਥਾਨਕ ਸਕੂਲਾਂ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਪੇਸ਼ਕਾਰੀ ਦੇ ਰੂਪ ਵਿਚ ਉਚੇਚੇ ਉਪਰਾਲੇ ਕੀਤੇ ਹਨ। ਪਰਦੀਪ ਕਾਲੇਕਾ, ਜਿਸ ਦੇ ਪਿਤਾ ਸਤਵੰਤ ਸਿੰਘ ਕਾਲੇਕਾ ਇਸ ਗੋਲੀ ਕਾਂਡ ਦਾ ਸ਼ਿਕਾਰ ਹੋ ਗਏ ਸਨ, ਨੇ ਕਿਹਾ ਕਿ ਮੈਂ ਭਾਈਚਾਰੇ ਵਿਚ ਜਾ ਕੇ ਕੰਮ ਕਰਾਂਗਾ ਤਾਂ ਜੋ ਹਰ ਕਿਸੇ ਲਈ ਜੀਵਨ ਸੁਖਾਲਾ ਬਣੇ। ਨਵਦੀਪ ਗਿੱਲ, ਜੋ ਗੁਰਦੁਆਰਾ ਓਕ ਕਰੀਕ ਦੀ 'ਸਰਵ ਟੂ ਯੁਨਾਈਟ' (ਏਕੇ ਲਈ ਸੇਵਾ) ਪ੍ਰੋਗਰਾਮ ਦੇ ਪਰਦੀਪ ਕਾਲੇਕਾ ਨਾਲ ਸਹਿ ਬਾਨੀ ਹਨ, ਨੇ ਕਿਹਾ ਕਿ ਗੁਰਦੁਆਰਾ ਸਾਹਿਬ ਤੋਂ ਬਾਹਰ ਲੋਕਾਂ ਵਿਚ ਸਿੱਖ ਧਰਮ ਪ੍ਰਤੀ ਚੇਤਨਾ ਪੈਦਾ ਕਰਨ ਲਈ ਯਤਨ ਕਰਨੇ ਬਹੁਤ ਜਰੂਰੀ ਹਨ ਕਿਉਂਕਿ ਹੋਰਨਾਂ ਭਾਈਚਾਰਿਆਂ ਦੇ ਕਈ ਲੋਕ ਗੁਰਦੁਆਰਾ ਸਾਹਿਬ ਆ ਕੇ ਸਹਿਜ ਮਹਿਸੂਸ ਨਹੀਂ ਕਰਦੇ। ਨਵਦੀਪ ਗਿੱਲ ਨੇ ਕਿਹਾ ਕਿ ਭਾਵੇਂ ਤੁਹਾਡਾ ਧਰਮ ਜਾਂ ਭਾਈਚਾਰਾ ਕੋਈ ਵੀ ਹੋਵੇ, ਜਦੋਂ ਤੁਸੀਂ ਕਿਸੇ ਥਾਂ ਜਾਂਦੇ ਹੋ ਤਾਂ ਸਹਿਨਸ਼ੀਲਤਾ ਅਪਨਾਉਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਨਵਦੀਪ ਗਿੱਲ ਨੇ ਗੁਰਦੁਆਰਾ ਸਾਹਿਬ ਦੀ ਤਰਫੋਂ ਸਕੂਲਾਂ, ਚਰਚਾਂ ਅਤੇ ਹੋਰਨਾਂ ਸੰਸਥਾਵਾਂ ਵਿਚ ਜਾ ਕੇ ਸਿੱਖ ਧਰਮ ਪ੍ਰਤੀ ਜਾਣਕਾਰੀ ਦੇਣ ਦੀ ਜਿੰਮੇਵਾਰੀ ਆਪਣੇ ਸਿਰ ਲਈ ਹੋਈ ਹੈ।










## ਨਸਲਵਾਦ ਖਿਲਾਫ ਸੰਘਰਸ਼ ਦਾ ਸੱਦਾ

**ਮਿਲਵਾਕੀ (ਬਿਊਰੋ):** ਓਕ ਕਰੀਕ ਹਮਲੇ ਦੀ ਪੰਜਵੀਂ ਵਰ੍ਹੇਗੰਢ ਮੌਕੇ ਵੱਖ ਵੱਖ ਸਿਆਸਤਦਾਨਾਂ ਸਮੇਤ ਕਈ ਲੋਕਾਂ ਨੇ ਪਾਰਟੀ ਲਾਈਨ ਤੋਂ ਉਪਰ ਉਠ ਕੇ ਹਿੰਸਾ, ਅਸਹਿਣਸ਼ੀਲਤਾ ਤੇ ਨਸਲਵਾਦ ਖਿਲਾਫ ਸੰਘਰਸ਼ ਦਾ ਸੱਦਾ ਦਿੱਤਾ ਹੈ। ਸੈਨੇਟਰ ਰਾਇਨ ਜੌਹਨਸਨ ਨੇ ਕਿਹਾ ਕਿ ਓਕ ਕਰੀਕ ਹਮਲੇ ਦੀ 5ਵੀਂ ਬਰਸੀ ਮੌਕੇ ਸਿੱਖ ਭਾਈਚਾਰਾ ਸਾਡੀਆਂ ਦੁਆਵਾਂ ਵਿਚ ਸ਼ਾਮਲ ਹੈ।

ਨਿਊ ਯਾਰਕ ਤੋਂ ਡੈਮੋਕਰੈਟਿਕ ਕਾਨੂੰਨਸਾਜ਼ ਗ੍ਰੇਸ ਮੇਂਗ ਨੇ ਕਿਹਾ ਕਿ ਸਿੱਖ-ਅਮਰੀਕੀ ਭਾਈਚਾਰੇ ਦੀਆਂ ਕਈ ਪੀੜ੍ਹੀਆਂ ਨੇ ਸਾਡੇ ਮੁਲਕ ਵਿਚ ਵੱਡਾ ਯੋਗਦਾਨ ਪਾਇਆ ਹੈ ਅਤੇ ਉਨ੍ਹਾਂ ਨੂੰ ਸ਼ਿਕਾਰ ਬਣਾਇਆ ਜਾਣਾ ਬਰਦਾਸ਼ਤਯੋਗ ਨਹੀਂ ਹੈ। ਸਾਨੂੰ ਨਸਲਵਾਦ, ਅਸਹਿਣਸ਼ੀਲਤਾ ਤੇ ਹਿੰਸਾ ਖਿਲਾਫ ਲੜਨਾ ਚਾਹੀਦਾ ਹੈ। ਭਾਰਤੀ-ਅਮੈਰਿਕਨ ਕਾਂਗਰਸ ਮੈਂਬਰ ਪ੍ਰੈਮਿਲਾ ਜਯਾਪਾਲ ਨੇ ਕਿਹਾ ਕਿ ਪੰਜ ਸਾਲ ਪਹਿਲਾਂ ਇਕ ਅਜੋਕੇ ਨਾਜ਼ੀ ਨੇ ਗੁਰਦੁਆਰੇ ਵਿਚ ਛੇ ਜਾਨਾਂ ਲਈਆਂ ਸਨ। ਓਕ ਕਰੀਕ ਨੂੰ ਯਾਦ ਕਰਨ ਅਤੇ ਹਰ ਤਰ੍ਹਾਂ ਦੀ ਨਫਰਤ ਦੇ ਖਿਲਾਫ ਖੜ੍ਹਨ ਦੀ ਲੋੜ ਹੈ।

ਇਸੇ ਦੌਰਾਨ ਸਿੱਖ ਜਥੇਬੰਦੀ ਸਿੱਖ ਕੋਲੀਸ਼ਨ ਨੇ ਦੇਸ਼ ਦੇ 23 ਸ਼ਹਿਰਾਂ ਵਿਚ ਕੌਮੀ ਸੇਵਾ ਦਿਵਸ ਮਨਾਇਆ ਅਤੇ ਇਸ ਦੇ ਸੇਵਾਦਾਰਾਂ ਨੇ ਬੇਘਰੇ ਲੋਕਾਂ ਨੂੰ ਭੋਜਨ ਛਕਾਇਆ ਤੇ ਫੂਡ ਬੈਂਕ ਲਈ ਭੋਜਨ ਇਕੱਠਾ ਕੀਤਾ। ਕੈਲੀਫੋਰਨੀਆ ਦੇ ਮਾਡੈਸਟੋ ਸ਼ਹਿਰ ਵਿਚ ਸੇਵਾਦਾਰਾਂ ਨੇ ਹੋਰ ਸੇਵਾ ਸੰਸਥਾਵਾਂ ਨਾਲ ਰਲ ਕੇ ਮਾਨਵੀ ਏਕਤਾ ਲਈ ਕੰਮ ਕੀਤਾ ਤੇ ਘਰਾਂ ਨੂੰ ਰੰਗ ਰੋਗਨ ਕੀਤਾ। ਨਿਊ ਯਾਰਕ ਸ਼ਹਿਰ ਵਿਚ ਜਥੇਬੰਦੀ ਦੇ ਸੇਵਾਦਾਰਾਂ ਨੇ ਹਾਰਲਮ ਵਿਚ ਮੌਰਨਿੰਗਸਾਈਡ ਪਾਰਕ ਦੀ ਸਾਫ ਸਫਾਈ ਕੀਤੀ ਅਤੇ ਇਰਵਿਨ ਵਿਚ ਉਨ੍ਹਾਂ ਸ਼ੇਡਟਰੀ ਨਰਸਰੀ ਵਿਚ ਬੂਟੇ ਲਾਏ ਤੇ ਰੁੱਖਾਂ ਦੀ ਕਾਂਟ-ਛਾਂਟ ਕੀਤੀ।

ਡੈਮੋਕਰੈਟਿਕ ਨੈਸ਼ਨਲ ਕਮੇਟੀ ਦੀ ਡਿਪਟੀ ਕਮਿਊਨੀਕੇਸ਼ਨਜ਼ ਡਾਇਰੈਕਟਰ ਸਬਰੀਨਾ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਵਿਤਕਰੇ ਤੇ ਨਫਰਤੀ ਹਿੰਸਾ ਦਾ ਸ਼ਿਕਾਰ ਹੋਣਾ ਪਿਆ ਹੈ ਅਤੇ ਓਕ ਕਰੀਕ ਦੀ ਘਟਨਾ ਸਿੱਖਾਂ ਵਿਰੁਧ ਅਸਹਿਨਸ਼ੀਲਤਾ ਤੇ ਹਿੰਸਾ ਦੀ ਇਕ ਹੋਰ ਮਿਸਾਲ ਹੈ। ਸਭ ਨੂੰ ਆਪਣੇ ਧਰਮ ਦੀ ਪਾਲਣਾ ਤੇ ਆਜ਼ਾਦੀ ਅਮਰੀਕਾ ਨੂੰ ਮਜਬੂਤ ਬਣਾਉਣ ਦਾ ਵੱਡਾ ਸ੍ਰੋਤ ਹੈ। ਡੈਮੋਕਰੈਟਿਕ ਪਾਰਟੀ ਸਭ ਲਈ ਬਰਾਬਰੀ ਤੇ ਅਜਿਹੇ ਦੁਖਾਂਤ ਨੂੰ ਟਾਲਣ ਲਈ ਰਲ ਕੇ ਕੰਮ ਕਰਨ ਪ੍ਰਤੀ ਵਚਨਬੱਧ ਹੈ।

ਕੈਲੀਫੋਰਨੀਆ ਤੋਂ ਡੈਮੋਕਰੈਟਿਕ ਕਾਂਗਰਸਵੁਮਨ ਜੂਡੀ ਚੂ ਨੇ ਇਕ ਬਿਆਨ ਵਿਚ ਕਿਹਾ ਕਿ ਓਕ ਕਰੀਕ ਦਾ ਦੁਖਾਂਤ ਸਾਨੂੰ ਮੁੜ ਮੁੜ ਚੇਤੇ ਕਰਾਉਂਦਾ ਹੈ ਕਿ ਇਹ ਸਹਿਨਸ਼ੀਲਤਾ ਤੇ ਧਾਰਮਿਕ ਆਜ਼ਾਦੀ ਦੀਆਂ ਕੀਮਤਾਂ ਉਤੇ ਸ਼ਰਮਨਾਕ ਹਮਲਾ ਸੀ। ਸਾਨੂੰ ਨਫਰਤੀ ਅਤੇ ਵਿਤਕਰੇ ਦੀਆਂ ਭਾਵਨਾਵਾਂ ਵਿਰੁਧ ਇਕ ਜੁੱਟ ਹੋ ਕੇ ਡਟਣਾ ਚਾਹੀਦਾ ਹੈ।

ਸ਼ਿਕਾਗੋ ਤੋਂ ਡੈਮੋਕਰੈਟਿਕ ਪਾਰਟੀ ਦੇ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਥੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਹਰ ਸਾਲ ਜਦੋਂ ਪੰਜ ਅਗਸਤ ਆਉਂਦਾ ਹੈ ਤਾਂ ਮੇਰੇ ਦਿਲ ਵਿਚ ਇਸ ਗੋਲੀ ਕਾਂਡ ਵਿਚ ਮਾਰੇ ਗਏ ਲੋਕਾਂ ਪ੍ਰਤੀ ਦੁਖ ਦੀ ਚੀਸ ਉਠਦੀ ਹੈ। ਸਿੱਖ ਅਮਰੀਕਨਾਂ, ਭਾਰਤੀ ਅਮਰੀਕਨਾਂ ਤੇ ਹੋਰ ਭਾਈਚਾਰਿਆਂ ਦੇ ਲੋਕਾਂ ਉਪਰ ਵਧੇ ਹਮਲਿਆਂ ਕਾਰਨ ਇਸ ਸਾਲ ਓਕ ਕਰੀਕ ਦੀ ਇਹ ਘਟਨਾ ਸਾਨੂੰ ਹੋਰ ਵੀ ਦੁਖੀ ਕਰਦੀ ਹੈ। ਇਸ ਗੋਲੀ ਕਾਂਡ ਵਿਚ ਵਿਛੜੇ ਲੋਕਾਂ ਪ੍ਰਤੀ ਸ਼ਰਧਾਂਜਲੀ ਵਜੋਂ ਸਾਨੂੰ ਰਲ ਕੇ ਕਿਸੇ ਵੀ ਭਾਈਚਾਰੇ ਵਿਰੁਧ ਨਸਲੀ ਨਫਰਤ ਤੇ ਅਸਹਿਨਸ਼ੀਲਤਾ ਵਿਰੁਧ ਰਲ ਕੇ ਡਟਣਾ ਚਾਹੀਦਾ ਹੈ।

## ਮੁਲਾਜ਼ਮਾਂ ਵੱਲੋਂ ਸਰਕਾਰ ਖਿਲਾਫ ਬਗਾਵਤ ਦਾ ਝੰਡਾ

**ਚੰਡੀਗੜ੍ਹ:** ਪੰਜਾਬ ਦੇ ਵੱਖ-ਵੱਖ ਵਰਗਾਂ ਦੇ ਮੁਲਾਜ਼ਮਾਂ ਨੇ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋ ਕੇ ਸੰਘਰਸ਼ ਦੇ ਰਾਹ ਪੈਣ ਲਈ ਕਮਰ ਕੱਸ ਲਈ ਹੈ। ਪੰਜਾਬ ਸਟੇਟ ਸੁਵਿਧਾ ਕਰਮਚਾਰੀ ਯੂਨੀਅਨ, ਠੇਕਾ ਮੁਲਾਜ਼ਮ ਐਕਸ਼ਨ ਕਮੇਟੀ ਵੱਲੋਂ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਉਧਰ, ਪੰਜਾਬ ਦੇ ਆਈ.ਟੀ.ਆਈ. ਮੁਲਾਜ਼ਮਾਂ ਨੇ ਵੀ ਸੰਘਰਸ਼ ਦੇ ਰਾਹ ਪੈਣ ਦਾ ਫੈਸਲਾ ਕਰ ਲਿਆ ਹੈ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਮੁਲਾਜ਼ਮ ਜਥੇਬੰਦੀਆਂ ਨੂੰ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਨਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਦਾ ਭਰੋਸਾ ਦਿੱਤਾ ਸੀ ਪਰ ਫਿਲਹਾਲ ਤਨਖਾਹ ਕਮਿਸ਼ਨ ਆਪਣੀ ਮੁੱਢਲੀ ਪ੍ਰਕ੍ਰਿਆ ਤੱਕ ਸੀਮਤ ਹੈ। ਠੇਕਾ ਮੁਲਾਜ਼ਮ ਵੀ ਰੈਗੂਲਰ ਹੋਣ ਦੀ ਉਡੀਕ ਵਿਚ ਹਨ। ਮੁਲਾਜ਼ਮਾਂ ਦੀ ਡੀਏ ਦੀ ਕਿਸ਼ਤ ਰਿਲੀਜ਼ ਕਰਨ ਸਮੇਤ ਕਈ ਹੋਰ ਮੰਗਾਂ ਬਕਾਇਆ ਹਨ। ਇਸ ਦੌਰਾਨ ਪਿਛਲੀ ਬਾਦਲ ਸਰਕਾਰ ਵਾਂਗ ਬੇਰੁਜ਼ਗਾਰਾਂ ਨੇ ਵੀ ਟੈਂਕੀਆਂ ਉਪਰ ਚੜ੍ਹ ਕੇ 'ਕਰੋ ਜਾਂ ਮਰੋ' ਦੇ ਸੰਘਰਸ਼ ਵਿੱਢ ਦਿੱਤੇ ਹਨ।

ਉਨ੍ਹਾਂ ਦਾ ਦੋਸ਼ ਹੈ ਕਿ ਕੈਪਟਨ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿਚ ਫੇਲ੍ਹ ਰਹੀ ਹੈ। ਸਰਕਾਰਾਂ ਵੱਲੋਂ ਨੌਕਰੀਆਂ ਦੇਣ ਦੀ ਥਾਂ ਝੂਠੇ ਕੇਸ ਦਰਜ ਕਰ ਕੇ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ। ਇਸ ਦੇ ਰੋਸ ਵਜੋਂ ਉਹ ਪਟਿਆਲਾ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਅਣਮਿਥੇ ਸਮੇਂ ਦੀ ਭੁੱਖ ਹੜਤਾਲ ਸ਼ੁਰੂ ਕਰਨਗੇ। ਇਸ ਦੌਰਾਨ ਗੌਰਮਿੰਟ ਆਈ.ਟੀ. ਆਈ. ਐਸਸੀ ਐਂਪਲਾਈਜ਼ ਯੂਨੀਅਨ ਪੰਜਾਬ ਨੇ ਵੀ ਆਰ-ਪਾਰ ਦੇ ਸੰਘਰਸ਼ ਦਾ ਐਲਾਨ ਕਰ ਦਿੱਤਾ ਹੈ।

## ਨਿਤੀਸ਼ ਵੱਲੋਂ ਸ਼ਰਦ ਯਾਦਵ ਨੂੰ ਝਟਕਾ

**ਨਵੀਂ ਦਿੱਲੀ:** ਜਨਤਾ ਦਲ (ਯੂ) ਦੇ ਰਾਜ ਸਭਾ ਮੈਂਬਰਾਂ ਨੇ ਸ਼ਰਦ ਯਾਦਵ ਨੂੰ ਸਦਨ 'ਚ ਆਗੂ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਪਾਰਟੀ ਵੱਲੋਂ ਬਿਹਾਰ 'ਚ ਭਾਜਪਾ ਨਾਲ ਗੱਠਜੋੜ ਦੇ ਫੈਸਲੇ ਦੀ ਸ਼ਰਦ ਯਾਦਵ ਨੇ ਖਿਲਾਫ਼ਤ ਕੀਤੀ ਸੀ।

# ਡੀ.ਐਫ.ਡਬਲਯੂ. ਸਪੋਰਟਸ ਕਲੱਬ ਦਾ ਖੇਡ ਮੇਲਾ 21 ਅਕਤੂਬਰ ਨੂੰ

**ਗਾਰਲੈਂਡ, ਟੈਕਸਸ (ਬਿਊਰੋ):** ਸਥਾਨਕ ਖੇਡ ਸੰਸਥਾ ਡੀ.ਐਫ.ਡਬਲਯੂ. ਇੰਟਰਨੈਸ਼ਨਲ ਸਪੋਰਟਸ ਕਲੱਬ ਦਾ ਤੀਜਾ ਸਾਲਾਨਾ ਖੇਡ ਮੇਲਾ 21 ਅਕਤੂਬਰ, ਸਨਿਚਰਵਾਰ ਨੂੰ ਇਥੇ ਸਿੱਖ ਟੈਂਪਲ ਆਫ ਨਾਰਥ ਟੈਕਸਸ ਵਿਖੇ ਹੋਵੇਗਾ।



ਖੇਡ ਮੇਲੇ ਦੀਆਂ ਤਿਆਰੀ ਸਬੰਧੀ ਕਲੱਬ ਦੀ ਇਕ ਮੀਟਿੰਗ ਲੰਘੇ ਦਿਨੀਂ ਹੋਈ ਜਿਸ ਵਿਚ ਮੇਲੇ ਦੀ ਰੂਪ ਰੇਖਾ ਉਲੀਕੀ ਗਈ। ਪ੍ਰਬੰਧਕਾਂ ਅਨੁਸਾਰ ਮੇਲੇ ਵਿਚ ਕਬੱਡੀ ਅਤੇ ਵਾਲੀਬਾਲ ਦੀਆਂ ਚੋਟੀ ਦੀਆਂ ਟੀਮਾਂ ਹਿੱਸਾ ਲੈਣਗੀਆਂ। ਇਸ ਤੋਂ ਇਲਾਵਾ ਦੌੜਾਂ, ਗੋਲਾ ਸੁੱਟਣਾ, ਮਿਊਜ਼ੀਕਲ ਚੇਅਰ, ਰੱਸਾਕਸ਼ੀ ਆਦਿ ਖੇਡਾਂ ਵੀ ਹੋਣਗੀਆਂ। ਬੱਚਿਆਂ ਦੇ ਮਨੋਰੰਜਨ ਲਈ ਵਿਸ਼ੇਸ਼ ਪ੍ਰਬੰਧ ਹੋਣਗੇ। ਦਾਖਲਾ ਅਤੇ ਖਾਣਾ ਮੁਫਤ ਹੋਵੇਗਾ। ਮੇਲਾ ਸਵੇਰੇ 10 ਵਜੇ ਤੋਂ ਦੇਰ ਸ਼ਾਮ ਤੱਕ ਚੱਲੇਗਾ।

ਪ੍ਰਬੰਧਕਾਂ ਨੇ ਦਰਸ਼ਕਾਂ ਨੂੰ ਬੇਨਤੀ ਕੀਤੀ ਹੈ ਕਿ ਗੁਰਦੁਆਰੇ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਵੀ ਸ਼ਖਸ ਨਸ਼ਾ ਕਰਕੇ ਨਾ ਆਵੇ ਅਤੇ ਹਥਿਆਰ ਲੈ ਕੇ ਆਉਣ ਦੀ ਸਖਤ ਮਨਾਹੀ ਹੋਵੇਗੀ। ਸਿਕਿਉਰਿਟੀ ਦੇ ਪੁਖਤਾ ਪ੍ਰਬੰਧ ਹੋਣਗੇ। ਹੋਰ ਜਾਣਕਾਰੀ ਲਈ ਫੋਨ: 972-800-4040 ਜਾਂ 469-222-4040 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


## ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ
ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
28-35


# ਡਾ. ਜਸਪਾਲ ਸਿੰਘ ਸੰਧੂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੀ.ਸੀ. ਬਣੇ

**ਅੰਮ੍ਰਿਤਸਰ (ਬਿਊਰੋ):** ਪੰਜਾਬ ਦੇ ਗਵਰਨਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਵੀ.ਪੀ. ਸਿੰਘ ਬਦਨੌਰ ਨੇ ਉਘੇ ਵਿਦਵਾਨ ਡਾ. ਜਸਪਾਲ ਸਿੰਘ ਸੰਧੂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਵੇਂ ਵਾਈਸ



ਚਾਂਸਲਰ ਵਜੋਂ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਤਿੰਨ ਸਾਲਾਂ ਲਈ ਹੋਵੇਗੀ। ਉਹ ਇਸ ਵੇਲੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ ਦੇ ਸਕੱਤਰ ਹਨ।

ਡਾ. ਸੰਧੂ ਨੇ ਯੂਨੀਵਰਸਿਟੀ ਸਿਸਟਮ ਵਿਚ ਡਿਪਾਰਟਮੈਂਟ ਆਫ ਸਪੋਰਟਸ ਮੈਡੀਸਨ ਵਿਭਾਗ ਨੂੰ ਲਿਆਂਦਾ ਜੋ ਕਿ 2004 ਵਿਚ 'ਸੈਂਟਰ ਵਿਦ ਪੋਟੈਂਸ਼ੀਅਲ ਫਾਰ ਐਕਸੇਲੈਂਸ ਇਨ ਪਰਟੀਕੁਲਰ ਏਰੀਆ' ਅਧੀਨ ਆਇਆ।

## ਭਾਰਤੀ ਫੌਜ ਦੀ ਟੀਮ ਵਿਸ਼ਵ ਟੈਂਕ ਦੌੜ 'ਚੋਂ ਬਾਹਰ

**ਨਵੀਂ ਦਿੱਲੀ:** ਭਾਰਤ ਦੇ ਮੁੱਖ ਲੜਾਈ ਵਾਲੇ ਟੈਂਕ ਟੀ-90 ਵਿਚ ਤਕਨੀਕੀ ਨੁਕਸ ਪੈਣ ਕਾਰਨ ਭਾਰਤੀ ਫੌਜ ਦੀ ਟੀਮ ਰੂਸ ਵਿਚ ਹੋ ਰਹੀ ਅੰਤਰਰਾਸ਼ਟਰੀ 'ਟੈਂਕਾ ਬੈਥਲਾਨ' (ਟੈਂਕ ਦੌੜ ਮੁਕਾਬਲੇ) ਵਿਚੋਂ ਬਾਹਰ ਹੋ ਗਈ ਹੈ।

ਚੀਨ ਸਮੇਤ ਭਾਰਤ ਉਨ੍ਹਾਂ 19 ਦੇਸ਼ਾਂ ਵਿਚ ਸ਼ਾਮਲ ਸੀ ਜਿਨ੍ਹਾਂ ਨੇ ਇਸ ਉਚ ਪੱਧਰੀ ਪ੍ਰਤੀਯੋਗਤਾ ਵਿਚ ਹਿੱਸਾ ਲਿਆ।

# ਵਿਸ਼ਵ ਸਿਹਤ ਸੰਸਥਾ ਵੱਲੋਂ ਮਿਲਖਾ ਸਿੰਘ ਨੂੰ ਵੱਡਾ ਮਾਣ

**ਨਵੀਂ ਦਿੱਲੀ:** ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ ਉਲੰਪਿਕ ਤਗਮਾ ਜੇਤੂ ਦੌੜਾਕ ਮਿਲਖਾ ਸਿੰਘ ਨੂੰ ਦੱਖਣ-ਪੂਰਬ ਏਸ਼ੀਆ ਖਿੱਤੇ (ਐਸ. ਈ. ਏ. ਆਰ.) ਵਿਚ ਘਟਦੀਆਂ ਸਰੀਰਕ ਸਰਗਰਮੀਆਂ ਨੂੰ ਹੁਲਾਰਾ ਦੇਣ ਲਈ ਸਦਭਾਵਨਾ ਦੂਤ ਨਿਯੁਕਤ ਕੀਤਾ ਹੈ।



ਸੰਸਥਾ ਦੀ ਖੇਤਰੀ ਨਿਰਦੇਸ਼ਕ ਪੂਨਮ ਖੇਤਰਪਾਲ ਸਿੰਘ ਨੇ ਕਿਹਾ ਕਿ 'ਉਡਣੇ ਸਿੱਖ' ਵਜੋਂ ਮਕਬੂਲ ਮਿਲਖਾ ਸਿੰਘ ਸਦਭਾਵਨਾ ਦੂਤ ਵਜੋਂ ਸੰਸਥਾ ਦੇ ਲਾਗ ਨਾਲ ਨਾ ਹੋਣ ਵਾਲੇ ਰੋਗਾਂ (ਐਨ.ਸੀ.ਡੀ.) ਦੀ ਰੋਕਥਾਮ ਦੀ ਯੋਜਨਾ ਦਾ ਪ੍ਰਚਾਰ ਪ੍ਰਸਾਰ ਕਰਨਗੇ।

ਇਸ ਯੋਜਨਾ ਦਾ ਮੁੱਖ ਮੰਤਵ ਨਾਕਾਫੀ ਸਰੀਰਕ ਸਰਗਰਮੀਆਂ ਦੇ ਪੱਧਰ ਨੂੰ 10 ਫੀਸਦੀ ਜਦਕਿ ਐਨ.ਸੀ.ਡੀ. ਨੂੰ ਸਾਲ 2025 ਤੱਕ 25 ਫੀਸਦੀ ਘਟਾਉਣਾ ਹੈ।


## ਪਲੈਜ਼ੈਂਟ ਟਰੈਵਲ ਐਂਡ ਟੂਰਜ਼
**Pleasant Travel & Tours**

6257 N. Clark Street, Chicago, IL 60660

*Serving Community For Over 25 Years*

Fly to Any Destination with the Best Price

Chicago-Amritsar = $ 795.00
Chicago-Delhi = $695.00
Chicago-Mumbai = $ 695.00
Restriction do apply

Ph:773-508-1927
ਘੱਟ ਤੋਂ ਘੱਟ ਰੇਟ 'ਤੇ ਹਵਾਈ ਟਿਕਟਾਂ
Pleasanttravel@hotmail.com
www.pleasanttravelchicago.com

TURKISH AIRLINES ETIHAD QATAR Emirates



**Personalized Service-Committed To Quality**

**Purchase & Refinance Your Home Loans**

ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ



AMRIK P. SINGH
Mortgage Loan Originator
NMLS # 232904

Solutions Financial Mortgage Company
1701 E. Lake Avenue #280,
Glenview, IL 60025
Office: 847-834-0100
Fax: 847-834-0106

Cell 312-608-0006

Illinois Residential Mortgage Licensee.
Email: asingh@solutionsfn.com
Web: www.solutionsfn.com



## Michigan Truck Driving School
6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298



## ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

### ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.
Minneapolis , MN 55426


ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ (ਮਿਡਵੈਸਟ)
ਸ਼ਿਕਾਗੋ ਕਬੱਡੀ ਕੱਪ-2017
ਅਤੇ ਵਾਲੀਬਾਲ ਮੁਕਾਬਲੇ
Busse Wood Forest Preserve South, Elk Grove Village, IL
3 ਸਤੰਬਰ 2017 (ਦਿਨ ਐਤਵਾਰ)
ਪਰਿਵਾਰ ਸਮੇਤ ਆਓ ਅਤੇ ਖੇਡਾਂ, ਖਾਣੇ ਤੇ ਮਨੋਰੰਜਨ ਦਾ ਅਨੰਦ ਮਾਣੋ; ਦਾਖਲਾ ਤੇ ਪਾਰਕਿੰਗ ਲਈ ਕੋਈ ਚਾਰਜ ਨਹੀਂ
ਮੁੱਖ ਮਹਿਮਾਨ
ਵਿਸ਼ੇਸ਼ ਮਹਿਮਾਨ
------- ਗੈਸਟ ਆਫ ਆਨਰ -------
ਚੇਅਰਮੈਨ
ਪ੍ਰਧਾਨ
ਮੀਤ ਪ੍ਰਧਾਨ
ਪਹਿਲੇ ਇਨਾਮ ਦੇ ਸਪਾਂਸਰ
ਦੂਜੇ ਇਨਾਮ ਦੇ ਸਪਾਂਸਰ
ਕਬੱਡੀ ਟੀਮਾਂ ਦੇ ਸਪਾਂਸਰ
ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ, ਬਾਬਾ ਸੇਵਾ ਦਾਸ ਕਬੱਡੀ ਕਲੱਬ ਨਾਰਥ ਕੈਰੋਲਾਈਨਾ ਅਤੇ ਯੂਬਾ ਬ੍ਰਦਰਜ਼ ਸਪੋਰਟਸ ਕਲੱਬ ਕੈਲੀਫੋਰਨੀਆ ਦੀਆਂ ਕਬੱਡੀ ਟੀਮਾਂ ਭਾਗ ਲੈਣਗੀਆਂ
-------------------- ਪਲਾਟੀਨਮ ਸਪਾਂਸਰ --------------------
ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ
ਗਾਇਕ ਬਲਜੀਤ ਮਾਲਵਾ
ਕਬੱਡੀ ਕੁਮੈਂਟੇਟਰ
ਸਾਬਕਾ ਚੇਅਰਮੈਨ
ਸਾਬਕਾ ਪ੍ਰਧਾਨ
ਪ੍ਰਬੰਧਕੀ ਕਮੇਟੀ
ਬੋਰਡ ਮੈਂਬਰ
ਸਾਡੇ ਸਪਾਂਸਰ
ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ
STATE BANK of CHILTON
A trusted partner since 1891
Damin J. Hoerth
Vice President
Laura J. Hoerth
Executive Vice President
Ph: 920-849-9371
ਪੰਜਾਬ ਟਾਈਮਜ਼
DesiJunction
WWW.DESIJUNCTION.COM
DHOL RADIO
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਾਊਥਬੈਂਡ (ਇੰਡੀਆਨਾ) ਦੀ ਕਮੇਟੀ
For Further Info.:
Balwinder Chatha 630-523-3412
Amritpal Gill 920-460-1001
Jassi Gill 773-759-0433
Darshan Pamma 847-561-7101
Jaswinder Gill 847-404-8882
Jindhi Khangura 847-529-1464
Amardev Singh 708-612-7963
Jinder Benipal 773-895-2041
Parminder Walia 847-477-1613
Baljit Mangi 773-469-9384
Rashpal Khangura 847-361-4908

# ਹਾਈ ਕੋਰਟ ਵੱਲੋਂ ਕਤਲੇਆਮ ਪੀੜਤਾਂ ਨੂੰ ਮੁਆਵਜ਼ੇ ਬਾਰੇ ਯੋਗੀ ਸਰਕਾਰ ਤਲਬ



**ਲਖਨਊ:** ਇਲਾਹਾਬਾਦ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਸਬੰਧੀ ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਉਤਰ ਪ੍ਰਦੇਸ਼ ਸਰਕਾਰ ਤੋਂ ਜਵਾਬ ਮੰਗਿਆ ਹੈ। ਪਟੀਸ਼ਨ ਵਿਚ ਇਹ ਕਿਹਾ ਗਿਆ ਹੈ ਕਿ ਪੀੜਤ ਸਿੱਖ ਪਰਿਵਾਰਾਂ ਨੂੰ ਸਹੀ ਤਰੀਕੇ ਨਾਲ ਮੁਆਵਜ਼ਾ ਨਹੀਂ ਦਿੱਤਾ ਗਿਆ।

ਪਟੀਸ਼ਨਰਾਂ ਨੇ ਦੱਸਿਆ ਹੈ ਕਿ ਕੇਂਦਰ ਵੱਲੋਂ ਸਿੱਖ ਕਤਲੇਆਮ ਦੇ ਪੀੜਤਾਂ ਦੇ ਮੁੜ ਵਸੇਬੇ ਲਈ 716 ਕਰੋੜ ਦਾ ਰਾਹਤ ਪੈਕੇਜ ਉਨ੍ਹਾਂ ਦੇ ਜ਼ਖਮ ਭਰਨ ਲਈ ਕਾਫੀ ਨਹੀਂ। ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਜੋ ਵੀ ਮੁਆਵਜ਼ਾ ਦਿੱਤਾ ਗਿਆ ਹੈ, ਉਹ ਨਾਕਾਫੀ ਹੈ।

ਕਾਨਪੁਰ ਆਧਾਰਤ ਸੰਸਥਾ ਗੁਰੂ ਸਿੰਘ ਸਭਾ ਵੱਲੋਂ ਦਾਇਰ ਪਟੀਸ਼ਨ 'ਤੇ ਜੱਜਾਂ ਦੇ ਡਵੀਜ਼ਨਲ ਬੈਂਚ ਨੇ ਪ੍ਰਿੰਸੀਪਲ ਸਕੱਤਰ ਨੂੰ ਆਪਣਾ ਹਲਫਨਾਮਾ ਦਾਇਰ ਕਰਨ ਲਈ ਕਿਹਾ ਹੈ। ਪਟੀਸ਼ਨਕਰਤਾ ਨੇ ਆਪਣੀ ਅਰਜ਼ੀ ਵਿਚ ਇਹ ਦਾਅਵਾ ਕੀਤਾ ਕਿ 1984 ਦੇ ਸਿੱਖ ਕਤਲੇਆਮ ਵਿਚ ਕਾਨਪੁਰ ਦੇ ਕਿਦਵਈ ਨਗਰ ਵਾਸੀ ਸਿੱਖ ਪਰਿਵਾਰ ਦੇ 14 ਮੈਂਬਰਾਂ ਨੂੰ ਕਤਲ ਕਰ ਦਿੱਤਾ ਗਿਆ ਸੀ। ਇਸ ਵਿਚ ਇਹ ਵੀ ਦੱਸਿਆ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਾਰਨ ਤੋਂ ਬਾਅਦ ਹੋਏ ਸਿੱਖ ਵਿਰੋਧੀ ਦੰਗਿਆਂ ਵਿਚ ਭਾਈਚਾਰੇ ਨੂੰ ਜਾਨੀ ਤੇ ਮਾਲੀ ਤੌਰ 'ਤੇ ਬਹੁਤ ਨੁਕਸਾਨ ਹੋਇਆ ਸੀ।

## ਜਾਂਚ ਵਿਚ ਤੇਜ਼ੀ ਲਈ 'ਆਪ' ਮਾਰੇਗੀ ਹੰਭਲਾ

**ਨਵੀਂ ਦਿੱਲੀ:** ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ 1984 ਦੇ ਸਿੱਖ ਕਤਲੇਆਮ ਦੇ ਕੇਸਾਂ ਦੀ ਜਾਂਚ 'ਚ ਤੇਜ਼ੀ ਲਿਆਉਣ ਲਈ ਕੇਂਦਰ ਸਰਕਾਰ ਨੂੰ ਕਹੇਗੀ। ਦਿੱਲੀ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਆਖਰੀ ਦਿਨ ਇਸ ਮੁੱਦੇ ਨੂੰ ਲੈ ਕੇ 'ਆਪ' ਤੇ ਭਾਜਪਾ ਵਿਧਾਇਕਾਂ ਵਿਚ ਤਿੱਖੀ ਬਹਿਸ ਹੋਈ, ਜਿਸ ਕਾਰਨ ਸਦਨ ਦੀ ਕਾਰਵਾਈ ਜਲਦੀ ਮੁਲਤਵੀ ਕਰ ਦਿੱਤੀ ਗਈ। ਸਦਨ ਦੀ ਕਾਰਵਾਈ ਮੁਲਤਵੀ ਕਰਨ ਤੋਂ ਪਹਿਲਾਂ ਹੀ ਭਾਜਪਾ ਵਿਧਾਇਕ ਇਹ ਦੋਸ਼ ਲਾਉਂਦਿਆਂ ਸਦਨ 'ਚੋਂ ਵਾਕ ਆਊਟ ਕਰ ਗਏ ਕਿ ਉਨ੍ਹਾਂ ਨੂੰ ਮਾਮਲੇ ਉਤੇ ਬੋਲਣ ਦੀ ਆਗਿਆ ਨਹੀਂ ਦਿੱਤੀ ਜਾ ਰਹੀ। ਚਰਚਾ ਦੌਰਾਨ ਦਿੱਲੀ ਦੇ ਗ੍ਰਹਿ ਮੰਤਰੀ ਸਤੇਂਦਰ ਜੈਨ ਨੇ ਕਿਹਾ ਕਿ ਇਹ ਅਫਸੋਸਨਾਕ ਹੈ ਕਿ 33 ਸਾਲ ਬੀਤ ਜਾਣ ਦੇ ਬਾਅਦ ਵੀ ਇਸ ਮਾਮਲੇ 'ਚ ਨਿਆਂ ਨਹੀਂ ਕੀਤਾ ਗਿਆ। ਜੈਨ ਨੇ ਕਿਹਾ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਦਾ ਸਮਾਂ ਲੈਣਗੇ ਅਤੇ ਉਨ੍ਹਾਂ ਨੂੰ ਬੇਨਤੀ ਕਰਨਗੇ ਕਿ ਸਿੱਟ ਵੱਲੋਂ ਕੀਤੀ ਜਾ ਰਹੀ ਜਾਂਚ ਛੇਤੀ ਮੁਕੰਮਲ ਕੀਤੀ ਜਾਵੇ ਅਤੇ ਇਨ੍ਹਾਂ ਕੇਸਾਂ ਦੇ ਸਾਰੇ ਦੋਸ਼ੀਆਂ ਨੂੰ ਛੇਤੀ ਸਜ਼ਾਵਾਂ ਦਿੱਤੀਆਂ ਜਾਣ।

# 'ਬਲੂ ਵੇਲ੍ਹ ਚੈਲੰਜ' ਦੇ ਲਪੇਟੇ 'ਚ ਆਉਣ ਲੱਗੇ ਭਾਰਤੀ ਬੱਚੇ

**ਪੱਛਮੀ ਮਿਦਨਾਪੁਰ:** ਰੂਸੀ ਗੇਮ ਬਲੂ ਵੇਲ੍ਹ ਨੇ ਇਕ ਹੋਰ ਭਾਰਤੀ ਵਿਦਿਆਰਥੀ ਦੀ ਜਾਨ ਲੈ ਲਈ। ਹੁਣ ਤੱਕ ਪੂਰੇ ਵਿਸ਼ਵ ਵਿਚ ਸਵਾ ਦੋ ਸੌ ਦੇ ਕਰੀਬ ਲੋਕ ਇਸ ਗੇਮ ਵਿਚ ਜਾਨ ਦੇ ਚੁੱਕੇ ਹਨ। ਭਾਰਤ ਵਿਚ ਇਹ ਦੂਜੇ ਮਾਮਲਾ ਹੈ। ਤਾਜ਼ਾ ਮਾਮਲੇ ਵਿਚ ਪੱਛਮੀ ਬੰਗਾਲ ਦੇ 10ਵੀਂ ਦੇ ਵਿਦਿਆਰਥੀ ਨੇ ਟਾਰਗਿਟ ਪੂਰਾ ਕਰਦੇ ਹੋਏ ਆਤਮਘਾਤ ਕਰ ਲਿਆ। ਭਾਰਤ ਵਿਚ ਹੁਣ ਇਸ



ਖੇਡ ਉਤੇ ਪਾਬੰਦੀ ਲਾ ਦਿੱਤੀ ਗਈ ਹੈ।

ਇਹ ਖਤਰਨਾਕ ਆਨਲਾਈਨ ਗੇਮ ਹੈ ਜਿਸ ਨੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਤੇ ਮਾਂ-ਬਾਪ ਨੂੰ ਫਿਰ ਸੁਚੇਤ ਕੀਤਾ ਹੈ। ਵਿਦਿਆਰਥੀ ਦੀ ਪਛਾਣ 14 ਸਾਲ ਦੇ ਅਨਕਮ ਵਜੋਂ ਹੋਈ ਹੈ। ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਦਾ ਬੱਚਾ ਸਕੂਲੋਂ ਪਰਤਣ ਪਿੱਛੋਂ ਨਹਾਉਣ ਚਲਾ ਗਿਆ। ਜਦੋਂ ਕਾਫੀ ਦੇਰ ਵਾਪਸ ਨਾ ਆਇਆ ਤਾਂ ਉਸ ਦੀ ਮਾਂ ਨੇ ਬਾਥਰੂਮ ਦਾ ਦਰਵਾਜ਼ਾ ਖੋਲ੍ਹ ਕੇ ਦੇਖਿਆ ਤਾਂ ਉਹ ਥੱਲੇ ਪਿਆ ਸੀ। ਰਿਪੋਰਟਾਂ ਅਨੁਸਾਰ ਉਹ ਬਲੂ ਵ੍ਹੇਲ ਆਨਲਾਈਨ ਗੇਮ ਖੇਡ ਰਿਹਾ ਸੀ।

ਦੇਹਰਾਦੂਨ ਦੇ ਇਕ ਹੋਰ ਸਕੂਲ ਵਿਦਿਆਰਥੀ ਨੇ ਆਪਣੇ-ਆਪ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਗੇਮ ਦੀ ਸ਼ੁਰੂਆਤ ਰੂਸ ਤੋਂ ਹੋਈ ਹੈ ਜਿਸ ਕਰ ਕੇ ਦੁਨੀਆਂ ਭਰ ਵਿਚ ਸਵਾ ਦੋ ਸੌ ਦੇ ਕਰੀਬ ਬੰਦੇ ਮਰ ਚੁੱਕੇ ਹਨ। ਹੁਣ ਇਹ ਖੇਡ ਭਾਰਤ ਵਿਚ ਪ੍ਰਸਿੱਧ ਹੋ ਗਈ ਹੈ। ਇਸ ਤੋਂ ਪਹਿਲਾਂ ਇਕ 14 ਸਾਲ ਦੇ ਮੁੰਡੇ ਨੇ ਮੁੰਬਈ 'ਚ ਪੰਜਵੀਂ ਮੰਜ਼ਿਲ ਤੋਂ ਛਾਲ ਮਾਰਨ 'ਤੇ ਉਸ ਦੀ ਮੌਤ ਹੋ ਗਈ। ਇਕ 13 ਸਾਲ ਦੇ ਬੱਚੇ ਨੇ ਇੰਦੌਰ ਵਿਚ ਆਪਣੇ ਆਪ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਬਲੂ ਵ੍ਹੇਲ ਚੁਣੌਤੀ ਇਕ ਆਨਲਾਈਨ ਗੇਮ ਹੈ। ਖੇਡ ਦੀ ਸ਼ੁਰੂਆਤ 'ਚ ਇਕ ਕਾਗਜ ਦੇ ਟੁਕੜੇ ਉਤੇ ਬਲੂ ਵ੍ਹੇਲ ਉਲੀਕਣ ਨੂੰ ਕਹਿੰਦੀ ਹੈ ਤੇ ਫਿਰ ਚਮੜੀ ਉਤੇ। ਸਭ ਤੋਂ ਜ਼ਿਆਦਾ ਪੀੜਤ ਇਸ ਦੇ ਰੂਸ ਵਿਚ ਹਨ ਤੇ ਹੁਣ ਇੰਗਲੈਂਡ ਤੇ ਅਮਰੀਕਾ ਵੀ ਇਸ ਦੀ ਲਪੇਟ 'ਚ ਹਨ। ਫਿਲਪਿਸ ਬੁਡੀਕਿਨ ਜੋ ਇਸ ਗੇਮ ਦਾ ਸਿਰਜਕ ਹੈ, ਨੂੰ ਰੂਸੀ ਅਦਾਲਤ ਨੇ 3 ਸਾਲ ਦੀ ਸਜ਼ਾ ਸੁਣਾਈ ਸੀ।

## ਕੀ ਹੈ ਬਲੂ ਵੇਲ੍ਹ ਚੈਲੰਜ

'ਬਲੂ ਵੇਲ੍ਹ ਚੈਲੰਜ' ਅਜਿਹੀ ਖੇਡ ਹੈ ਜੋ ਵਰਤੋਂਕਾਰ ਨੂੰ ਸੋਸ਼ਲ ਮੀਡੀਆ ਜ਼ਰੀਏ 50 ਦਿਨ 'ਚ ਚੁਣੌਤੀ ਨੂੰ ਪੂਰਾ ਕਰਨ ਲਈ ਕਹਿੰਦੀ ਹੈ। ਆਖਰੀ ਹਿੱਸੇ 'ਚ ਯੂਜਰਜ਼ ਨੂੰ ਖੁਦਕੁਸ਼ੀ ਨਾਲ ਹੀ ਚੁਣੌਤੀ ਨੂੰ ਪੂਰਾ ਹੋਣ ਦੀ ਗੱਲ ਕਹੀ ਜਾਂਦੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਰੂਸ 'ਚ ਅਜਿਹੀ ਗੇਮ ਦੀ ਵਜ੍ਹਾ ਕਾਰਨ 100 ਤੋਂ ਜ਼ਿਆਦਾ ਬੱਚਿਆਂ ਨੇ ਖੁਦਕੁਸ਼ੀ ਕਰ ਲਈ ਹੈ। ਉਂਝ ਇਸ ਗੇਮ ਦੇ ਟਾਸਕ ਦੌਰਾਨ ਕਈ ਅਜਿਹੇ ਮੌਕੇ ਆਉਂਦੇ ਹਨ ਜੋ ਇਨਸਾਨ ਨੂੰ ਖੁਦਕੁਸ਼ੀ ਲਈ ਉਕਸਾਉਂਦੇ ਹਨ। ਇਸ ਗੇਮ 'ਚ ਹੱਥ ਦੀ ਨਸਾਂ ਨੂੰ ਕੱਟਣ ਜਿਹੇ ਟਾਸਕ ਵੀ ਦਿੱਤੇ ਜਾਂਦੇ ਹਨ।

# ਸੂਬੇ ਵਿਚ ਨਿਵੇਸ਼ ਖਿੱਚਣ ਲਈ ਜ਼ੋਰਦਾਰ ਮੁਹਿੰਮ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੂਬੇ ਵਿਚ ਨਿਵੇਸ਼ ਵਧਾਉਣ ਲਈ ਜੁੱਟ ਗਏ ਹਨ। ਪਿਛਲੇ ਹਫਤੇ ਉਹ ਕਈ ਕਾਰੋਬਾਰੀਆਂ ਨੂੰ ਮਿਲੇ ਹਨ। ਇਸ ਲੜੀ ਤਹਿਤ ਭਾਰਤੀ ਐਂਟਰਪ੍ਰਾਈਜਿਜ਼ ਦੇ ਰਾਕੇਸ਼ ਭਾਰਤੀ ਮਿੱਤਲ ਨੇ ਪੰਜਾਬ ਵਿਚ ਹੋਰ ਸਕੂਲ ਚਲਾਉਣ ਦਾ ਜ਼ਿੰਮਾ ਲੈਣ ਦੀ ਪੇਸ਼ਕਸ਼ ਕੀਤੀ ਤਾਂ ਜੋ ਮਿਆਰੀ ਸਿੱਖਿਆ ਦਾ ਹੋਰ ਵਧੇਰੇ ਪਾਸਾਰ ਕੀਤਾ ਜਾ ਸਕੇ। ਇਸ ਦੇ ਨਾਲ ਹੀ ਉਨ੍ਹਾਂ ਨੇ ਲੁਧਿਆਣਾ ਵਿਚ ਲਾਡੋਵਾਲ ਵਿਚ ਫੂਡ ਪ੍ਰੋਸੈਸਿੰਗ ਪਲਾਂਟ ਕਾਇਮ ਕਰਨ ਲਈ ਸਹਿਯੋਗ ਦੀ ਮੰਗ ਕੀਤੀ।

ਮਿੱਤਲ ਨੇ 30 ਕਰੋੜ ਰੁਪਏ ਦੇ ਮੁਢਲੇ ਨਿਵੇਸ਼ ਨਾਲ ਆਪਣੇ ਡੈਲ ਮੌਂਟ ਬਰਾਂਡ ਲਈ ਫੂਡ ਪ੍ਰੋਸੈਸਿੰਗ ਪਲਾਂਟ ਦੀ ਸਥਾਪਨਾ ਕਰਨ ਲਈ ਇਜਾਜ਼ਤ ਮੰਗੀ। ਇਸ ਨੂੰ ਮੁਕੰਮਲ ਕਰਨ ਲਈ 50 ਕਰੋੜ ਰੁਪਏ ਹੋਰ ਨਿਵੇਸ਼ ਕੀਤੇ ਜਾਣਗੇ।

ਕੰਪਨੀ ਦੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ.ਐਸ.ਆਰ) ਉਪਰਾਲੇ ਤਹਿਤ ਸੱਤਿਆ ਭਾਰਤੀ ਸਕੂਲ ਪ੍ਰੋਗਰਾਮ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੇ ਸਹਿਯੋਗ ਦੀ ਮੰਗ ਕਰਦਿਆਂ ਮਿੱਤਲ ਨੇ ਉਮੀਦ ਜ਼ਾਹਰ ਕੀਤੀ ਕਿ ਇਸ ਪ੍ਰੋਗਰਾਮ ਦਾ ਘੇਰਾ ਵਧਾਉਣ ਨਾਲ ਸੂਬੇ ਵਿਚ ਵਿਦਿਆਰਥੀਆਂ ਦੇ ਜੀਵਨ 'ਤੇ ਬਹੁਤ ਉਸਾਰੂ ਪ੍ਰਭਾਵ ਪਵੇਗਾ। ਉਨ੍ਹਾਂ ਨੇ ਸਮਾਜਿਕ ਸਰੋਕਾਰ ਨਾਲ ਯੂਨੀਵਰਸਿਟੀ ਸਥਾਪਤ ਕਰਨ ਦੀ ਤਜਵੀਜ਼ ਵੀ ਪੇਸ਼ ਕੀਤੀ ਤਾਂ ਕਿ ਪੰਜਾਬ ਦੇ ਲੋੜਵੰਦ ਹੋਣਹਾਰ ਬੱਚਿਆਂ ਨੂੰ ਮਿਆਰੀ ਉਚੇਰੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਸਾਰੇ ਪੰਜ ਸਕੂਲਾਂ ਤੋਂ ਕੁੱਲ 313 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਜਿਸ ਦਾ 97 ਫੀਸਦੀ ਨਤੀਜਾ ਆਇਆ ਹੈ। ਇਨ੍ਹਾਂ ਵਿਚੋਂ ਅੱਠ ਵਿਦਿਆਰਥੀਆਂ ਨੇ 10 ਸੀ.ਜੀ.ਪੀ.ਏ ਤੇ 37 ਵਿਦਿਆਰਥੀਆਂ ਨੇ ਏ1 ਗ੍ਰੇਡ ਹਾਸਲ ਕੀਤਾ।

# ਤਿੰਨ ਖਾਲਿਸਤਾਨੀ ਗ੍ਰਿਫਤਾਰ ਕਰਨ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਮੱਧ ਪ੍ਰਦੇਸ਼ ਪੁਲਿਸ ਨਾਲ ਮਿਲ ਕੇ ਸਾਂਝੇ ਉਪ੍ਰੇਸ਼ਨ ਵਿਚ ਵੱਡੀ ਸਫਲਤਾ ਹਾਸਲ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਮੁਤਾਬਕ 10 ਅਗਸਤ ਨੂੰ ਸਵੇਰੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਤਿੰਨ ਮੈਂਬਰਾਂ ਨੂੰ ਗਵਾਲੀਅਰ ਤੋਂ ਗ੍ਰਿਫਤਾਰ ਕੀਤਾ ਹੈ।

ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਪਛਾਣ ਬਲਕਾਰ ਸਿੰਘ, ਬਲਵਿੰਦਰ ਸਿੰਘ ਤੇ ਸਤਿੰਦਰ ਸਿੰਘ ਵਜੋਂ ਕੀਤੀ ਗਈ ਹੈ।

ਪੰਜਾਬ ਪੁਲਿਸ ਮੁਤਾਬਕ ਇਹ ਲੋਕ ਦਹਿਸ਼ਤ ਫੈਲਾਉਣ ਦੇ ਮਕਸਦ ਨਾਲ ਹਥਿਆਰਾਂ ਦਾ ਲੈਣ-ਦੇਣ ਕਰ ਰਹੇ ਸਨ। ਦਹਿਸ਼ਤ ਫੈਲਾਉਣ ਦਾ ਇਹ ਕੰਮ ਕੈਨੇਡਾ ਵੱਸਦੇ ਗੁਰਪ੍ਰੀਤ ਚੀਮਾ ਵੱਲੋਂ ਸੰਚਾਲਿਤ ਕੀਤਾ ਜਾਂਦਾ ਹੈ। ਚੀਮਾ ਦਹਿਸ਼ਤਗਰਦ ਗੁੱਟਾਂ ਦਾ ਗਠਨ ਕਰਦਾ ਹੈ ਤੇ ਪੰਜਾਬ ਵਿਚ ਅਜਿਹੇ ਮੈਂਬਰਾਂ ਦੀ ਸਹਾਇਤਾ ਨਾਲ ਹਥਿਆਰ ਆਦਿ ਭੇਜਦਾ ਹੈ।

# ਤਸਵੀਰਾਂ ਨੇ ਬਿਆਨਿਆ ਸ਼ਿਵ ਬਟਾਲਵੀ ਦਾ ਹਾਲ







*ਕਲਾ ਭਵਨ ਵਿਚ ਪ੍ਰਦਰਸ਼ਨੀ ਵੇਖ ਰਹੇ ਲੋਕ (ਵਿਚਾਲੇ) ਸ਼ਿਵ ਕੁਮਾਰ ਬਟਾਲਵੀ ਦਾ ਪਾਕਿਸਤਾਨ ਵਿਚਲਾ ਘਰ (ਸੱਜੇ) ਸ਼ਿਵ ਕੁਮਾਰ ਦੀ ਧੀ ਨਾਲ ਯਾਦਗਾਰੀ ਤਸਵੀਰ।*

**ਚੰਡੀਗੜ੍ਹ:** ਪੰਜਾਬ ਲਲਿਤ ਕਲਾ ਅਕਾਦਮੀ ਵੱਲੋਂ 'ਬਿਰਹਾ ਦੇ ਸੁਲਤਾਨ' ਸ਼ਿਵ ਕੁਮਾਰ ਬਟਾਲਵੀ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵਿਚ ਉਨ੍ਹਾਂ ਦੇ ਪਾਕਿਸਤਾਨ ਵਿਚਲੇ ਘਰ ਤੇ ਕਈ ਹੋਰ ਦੁਰਲੱਭ ਤਸਵੀਰਾਂ ਵੀ ਜਨਤਕ ਗਈਆਂ।

ਸ਼ਿਵ ਕੁਮਾਰ ਬਟਾਲਵੀ ਨਾਲ ਸਬੰਧਤ 50 ਤਸਵੀਰਾਂ ਨੂੰ ਇਸ ਨੁਮਾਇਸ਼ ਦਾ ਹਿੱਸਾ ਬਣਾਇਆ ਗਿਆ ਹੈ। 23 ਜੁਲਾਈ 1936 ਨੂੰ ਬਾਰਾ ਪਿੰਡ ਲਹੋਟੀਆ, ਸ਼ੰਕਰਗੜ੍ਹ ਤਹਿਸੀਲ, ਸਿਆਲਕੋਟ ਲਹਿੰਦੇ ਪੰਜਾਬ (ਪਾਕਿਸਤਾਨ) 'ਚ ਜੰਮੇ ਸ਼ਿਵ ਕੁਮਾਰ ਬਟਾਲਵੀ ਦੇ ਘਰ ਦੀਆਂ ਤਸਵੀਰਾਂ ਵਿਸ਼ੇਸ਼ ਤੌਰ 'ਤੇ ਦਰਸ਼ਕਾਂ ਵਿਚ ਖਿੱਚ ਦਾ ਕੇਂਦਰ ਬਣੀਆਂ। ਇਨ੍ਹਾਂ ਤੋਂ ਇਲਾਵਾ ਪ੍ਰਦਰਸ਼ਨੀ 'ਚ ਹਰਭਜਨ ਬਾਜਵਾ, ਬੀਬਾ ਬਲਵੰਤ, ਜਾਹਿਦ, ਕ੍ਰਿਸ਼ਨ ਅਦੀਬ, ਵਿਸ਼ਵ ਭਾਰਤੀ, ਗੋਲਡੀ, ਤਾਰਾ, ਹਰਪ੍ਰੀਤ ਸਿੰਘ ਭੱਟੀ ਤੇ ਪ੍ਰੀਤਮ ਸਿੰਘ ਰੁਪਾਲ ਦੀ ਪਿਟਾਰੀ ਵਿਚੋਂ ਮਿਲੀਆਂ ਤਸਵੀਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਇਸ ਮੌਕੇ ਬਟਾਲਵੀ ਦੇ ਨਿੱਘੇ ਦੋਸਤ ਮੋਹਨ ਭੰਡਾਰੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਪ੍ਰਦਰਸ਼ਨੀ ਵਿਚ ਸ਼ਿਵ ਬਟਾਲਵੀ ਦੀਆਂ ਕਰੀਬ 50 ਤਸਵੀਰਾਂ ਲਗਾਈਆਂ ਗਈਆਂ ਹਨ, ਜਿਹੜੀਆਂ ਪਹਿਲਾਂ ਕਦੇ ਸਾਹਮਣੇ ਨਹੀਂ ਆਈਆਂ। ਪੰਜਾਬ ਲਲਿਤ ਕਲਾ ਅਕਾਦਮੀ ਦੇ ਪ੍ਰਧਾਨ ਦੀਵਾਨ ਮੰਨਾ ਨੇ ਆਖਿਆ ਕਿ ਅੱਜ ਦੀ ਪੀੜ੍ਹੀ ਸ਼ਿਵ ਕੁਮਾਰ ਬਟਾਲਵੀ ਬਾਰੇ ਚੰਗੀ ਤਰ੍ਹਾਂ ਨਹੀਂ ਜਾਣਦੀ। ਇਹ ਪ੍ਰਦਰਸ਼ਨੀ ਲਾਉਣ ਦਾ ਉਨ੍ਹਾਂ ਦਾ ਇਕੋ-ਇਕ ਮਕਸਦ ਇਹੀ ਸੀ ਕਿ ਸਾਰੇ ਇਸ ਸ਼ਖ਼ਸੀਅਤ ਤੋਂ ਜਾਣੂ ਹੋ ਸਕਣ। ਇਹ ਤਸਵੀਰਾਂ ਸ਼ਿਵ ਕੁਮਾਰ ਦੀ ਨਿੱਜੀ ਜ਼ਿੰਦਗੀ ਦੀਆਂ ਹਨ ਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਪਹਿਲੀ ਵਾਰ ਲੋਕਾਂ ਨੂੰ ਬਟਾਲਵੀ ਦਾ ਅਸਲੀ ਘਰ ਦੇਖਣ ਨੂੰ ਮਿਲਿਆ, ਜਿਹੜਾ ਪਾਕਿਸਤਾਨ ਵਿਚ ਹੈ।

23 ਜੁਲਾਈ 1936 ਨੂੰ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਦੇ ਪਿੰਡ ਬਾਰਾ ਵਿਚ ਹੋਇਆ ਸੀ। ਇਹ ਪ੍ਰਦਰਸ਼ਨੀ ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ ਵਿਚ ਵੀ ਲਗਾਈ ਜਾਵੇਗੀ ਤਾਂ ਜੋ ਸਾਰਾ ਪੰਜਾਬ ਇਹ ਤਸਵੀਰਾਂ ਦੇਖ ਸਕੇ।

44 ਸਾਲ ਬਾਅਦ ਸ਼ਿਵ ਕੁਮਾਰ ਬਟਾਲਵੀ ਦਾ ਇਨ੍ਹਾਂ ਤਸਵੀਰਾਂ ਵਿਚ ਇਕ ਵੱਖਰਾ ਅੰਦਾਜ਼ ਦੇਖਣ ਨੂੰ ਮਿਲਿਆ। ਸ੍ਰੀ ਮੰਨਾ ਨੇ ਦੱਸਿਆ ਕਿ ਇਹ ਤਸਵੀਰਾਂ ਇਕੱਠੀਆਂ ਕਰਨ ਵਿਚ ਬੀਬਾ ਬਲਵੰਤ, ਅਮਰਜੀਤ ਚੰਦਨ, ਜ਼ਦੀਦ, ਹਰਭਜਨ ਬਾਜਵਾ, ਗੋਲਡੀ ਤਾਰਾ, ਕ੍ਰਿਸ਼ਨ ਅਦੀਬ, ਰਾਜੀਵ ਬਟਾਲਵੀ, ਵਿਸ਼ਵ ਭਾਰਤੀ, ਪੰਜਾਬ ਡਿਜੀਟਲ ਲਾਇਬਰੇਰੀ, ਹਰਪ੍ਰੀਤ ਸਿੰਘ ਭੱਟੀ ਤੇ ਪ੍ਰੀਤਮ ਸਿੰਘ ਰੂਪਾਲ ਨੇ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਜੇ ਕਿਸੇ ਹੋਰ ਕੋਲ ਵੀ ਸ਼ਿਵ ਬਟਾਲਵੀ ਦੀ ਕੋਈ ਤਸਵੀਰ ਹੋਵੇ ਤਾਂ ਉਨ੍ਹਾਂ ਤੱਕ ਪੁੱਜਦੀ ਕਰਨ।

# ਫੀਫਾ ਵਿਸ਼ਵ ਕੱਪ ਖੇਡਣ ਲਈ ਦੌੜ ਹੋਈ ਤੇਜ਼

***ਅਗਲੇ ਸਾਲ ਰੂਸ ਵਿਚ ਹੋਣ ਵਾਲੇ ਫੁਟਬਾਲ ਵਿਸ਼ਵ ਕੱਪ ਵਾਸਤੇ ਭਿੜਨ ਵਾਲੇ ਦੇਸ਼ਾਂ ਵਿਚਕਾਰ ਕੁਆਲੀਫਾਇੰਗ ਮੁਕਾਬਲੇ ਆਪਣੇ ਅੰਤਿਮ ਦੌਰ ਵਿਚ ਪਹੁੰਚ ਚੁਕੇ ਹਨ। ਇਨ੍ਹਾਂ ਵਿਚੋਂ ਕਿਹੜਾ ਮੁਲਕ ਐਂਟਰੀ ਮਾਰ ਚੁਕਾ ਹੈ, ਕਿਹੜਾ ਸੰਘਰਸ਼ ਕਰ ਰਿਹਾ ਹੈ ਅਤੇ ਕਿਹੜਾ ਸ਼ਰਤੀਆ ਟਿਕਟ ਹਾਸਿਲ ਕਰੇਗਾ, ਬਾਰੇ ਜਾਣਕਾਰੀ ਦਿੰਦਾ ਪ੍ਰੋ. ਸੁਦੀਪ ਸਿੰਘ ਢਿੱਲੋਂ ਦਾ ਇਹ ਲੇਖ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***

ਅਗਲੇ ਸਾਲ ਰੂਸ ਵਿਚ ਹੋਣ ਵਾਲੇ ਫੁਟਬਾਲ ਵਿਸ਼ਵ ਕੱਪ ਵਿਚ ਖੇਡਣ ਦਾ ਮਾਣ ਹਾਸਲ ਕਰਨ ਵਾਲੇ ਵੱਖ ਵੱਖ ਮੁਲਕਾਂ ਵਿਚਾਲੇ ਲੱਗੀ ਦੌੜ ਹੋਰ ਤੇਜ਼ ਹੋ ਗਈ ਹੈ। ਵਿਸ਼ਵ ਕੱਪ ਲਈ ਹੋ ਰਹੇ ਕੁਆਲੀਫਾਇੰਗ ਮੁਕਾਬਲਿਆਂ ਦਾ ਇਸ ਸੀਜ਼ਨ ਦਾ ਆਖਰੀ ਅਤੇ ਮੁੱਖ ਦੌਰ ਲੰਘੇ ਦਿਨੀਂ ਸ਼ੁਰੂ ਹੋਇਆ ਹੈ। ਰੂਸ ਨੂੰ ਮੇਜ਼ਬਾਨ ਹੋਣ ਦੇ ਨਾਤੇ ਜਿੱਥੇ ਸਿੱਧਾ ਦਾਖਲਾ ਮਿਲਿਆ ਹੈ, ਉਥੇ ਹੁਣ ਤੱਕ ਕੁਆਲੀਫਾਇੰਗ ਗੇੜ ਰਾਹੀਂ ਦੋ ਮੁਲਕ

**ਪ੍ਰੋ. ਸੁਦੀਪ ਸਿੰਘ ਢਿੱਲੋਂ**

ਵਿਸ਼ਵ ਕੱਪ ਦਾ ਟਿਕਟ ਕਟਾ ਚੁਕੇ ਹਨ।

ਵਿਸ਼ਵ ਕੱਪ ਦੀ ਇਸ ਫਸਵੀਂ ਦੌੜ ਵਿਚ ਸਭ ਤੋਂ ਪਹਿਲਾਂ ਬ੍ਰਾਜ਼ੀਲ ਨੇ ਉਰੂਗੁਏ ਨੂੰ ਹਰਾ ਕੇ ਆਪਣੀ ਥਾਂ ਪੱਕੀ ਕੀਤੀ। ਦੂਜਾ ਮੁਲਕ ਇਰਾਨ ਹੈ। ਪੰਜ ਵਾਰ ਦੇ ਵਿਸ਼ਵ ਚੈਂਪੀਅਨ ਬ੍ਰਾਜ਼ੀਲ ਤੋਂ ਇਲਾਵਾ ਦੱਖਣੀ ਅਮਰੀਕੀ ਮਹਾਂਦੀਪ ਵਿਚੋਂ ਸਿਖਰਲੀਆਂ ਚਾਰ ਟੀਮਾਂ ਆਪਣੇ-ਆਪ ਕੁਆਲੀਫਾਈ ਕਰਨਗੀਆਂ। ਅਰਜਨਟੀਨਾ ਆਪਣੇ ਸਟਾਰ ਖਿਡਾਰੀ ਲਿਓਨੇਲ ਮੈਸੀ ਦੇ ਚਿਲੀ ਖਿਲਾਫ ਇਕਮਾਤਰ ਗੋਲ ਦੇ ਜ਼ੋਰ ਉਤੇ ਆਪਣੀ ਕੁਆਲੀਫਿਕੇਸ਼ਨ ਮੁਹਿੰਮ ਨੂੰ ਮੁੜ ਲੀਹ ਉਤੇ ਲੈ ਆਇਆ ਹੈ ਅਤੇ ਪੂਰੀ ਸੰਭਾਵਨਾ ਹੈ ਕਿ ਅਰਜਨਟੀਨਾ ਆਪਣੇ ਬਾਕੀ ਮੈਚਾਂ ਵਿਚ ਲੋੜੀਂਦੇ ਅੰਕ ਲੈ ਕੇ ਫੀਫਾ ਵਿਸ਼ਵ ਕੱਪ ਤੱਕ ਪਹੁੰਚ ਜਾਵੇਗਾ।

ਉਧਰ, ਯੂਰਪੀ ਦੇਸ਼ਾਂ ਦੀ ਦੌੜ ਵੇਖੀਏ ਤਾਂ ਸਟਾਰ ਖਿਡਾਰੀ ਕ੍ਰਿਸਟਿਆਨੋ ਰੋਨਾਲਡੋ ਦੇ ਦੋ ਸ਼ਾਨਦਾਰ ਗੋਲਾਂ ਦੀ ਬਦੌਲਤ ਯੂਰਪੀਅਨ ਚੈਂਪੀਅਨ ਪੁਰਤਗਾਲ ਹੰਗਰੀ ਨੂੰ ਵਿਸ਼ਵ ਕੱਪ ਫੁਟਬਾਲ ਕੁਆਲੀਫਾਇਰ ਵਿਚ 3-0 ਨਾਲ ਹਰਾ ਕੇ ਗਰੁਪ 'ਬੀ' ਵਿਚ ਸਿਖਰ ਉਤੇ ਚੱਲ ਰਹੇ ਸਵਿਟਜ਼ਰਲੈਂਡ ਤੋਂ ਸਿਰਫ ਤਿੰਨ ਅੰਕ ਪਿੱਛੇ ਹੈ। ਸਵਿਟਜ਼ਰਲੈਂਡ ਨੇ ਲਾਤੀਵੀਆ ਨੂੰ ਹਰਾ ਕੇ ਪੰਜ ਮੈਚਾਂ ਵਿਚ ਪੰਜਵੀਂ ਜਿੱਤ ਅਤੇ 15 ਅੰਕਾਂ ਨਾਲ ਆਪਣਾ ਸੌ ਫੀਸਦੀ ਰਿਕਾਰਡ ਬਰਕਰਾਰ ਰੱਖਿਆ ਹੈ। ਰੋਨਾਲਡੋ ਵੱਲੋਂ ਕੀਤੇ ਗਏ ਦੋ ਗੋਲਾਂ ਨਾਲ ਉਸ ਦੇ ਕੌਮਾਂਤਰੀ ਗੋਲਾਂ ਦੀ ਗਿਣਤੀ 138 ਮੈਚਾਂ ਵਿਚ 70 ਨੂੰ ਪਹੁੰਚ ਗਈ ਸੀ।

ਯਾਦ ਰਹੇ, ਪੁਰਤਗਾਲ ਦੀ ਟੀਮ ਯੂਰੋ 2016 ਵਿਚ ਹੰਗਰੀ ਤੋਂ ਹਾਰ ਕੇ ਬਾਹਰ ਹੁੰਦੇ-ਹੁੰਦੇ ਬੱਚ ਗਈ ਸੀ ਤੇ ਉਸ ਨੇ ਤਿੰਨ ਵਾਰ ਪੱਛੜਨ ਪਿਛੋਂ

**ਖੇਡ ਜਗਤ**

FIFA WORLD CUP RUSSIA 2018


3-3 ਨਾਲ ਬਰਾਬਰੀ ਕੀਤੀ ਅਤੇ ਫੇਰ ਅੱਗੇ ਜਾ ਕੇ ਖਿਤਾਬ 'ਤੇ ਕਬਜ਼ਾ ਕੀਤਾ। ਯੂਰਪ ਵਿਚ ਨੌਂ ਗਰੁਪਾਂ ਵਿਚੋਂ ਹਰ ਗਰੁਪ ਦਾ ਜੇਤੂ ਵਿਸ਼ਵ ਕੱਪ ਵਿਚ ਸਿੱਧਾ ਦਾਖਲਾ ਹਾਸਲ ਕਰੇਗਾ। ਅੱਠ ਵਧੀਆ ਅੰਕਾਂ ਵਾਲੇ ਰਨਰਅੱਪ ਮੁਲਕ ਚਾਰ ਹੋਰਨਾਂ ਸਥਾਨਾਂ ਲਈ ਪਲੇਆਫ ਰਾਊਂਡ ਖੇਡਣਗੇ।

ਉਧਰ ਬੁਲਗਾਰੀਆ ਨੇ ਹਾਲੈਂਡ ਨੂੰ ਗਰੁਪ 'ਏ' ਵਿਚ 2-0 ਨਾਲ ਹਰਾ ਕੇ 1998 ਤੋਂ ਬਾਅਦ ਪਹਿਲੀ ਵਾਰ ਵਿਸ਼ਵ ਕੱਪ ਵਿਚ ਖੇਡਣ ਦੀਆਂ ਆਪਣੀਆਂ ਆਸਾਂ ਨੂੰ ਜਿਊਂਦਾ ਰੱਖਿਆ ਹੈ। ਬੈਲਜੀਅਮ ਅਤੇ ਯੂਨਾਨ ਨੇ ਗਰੁਪ 'ਐਚ' ਵਿਚ 1-1 ਨਾਲ ਡਰਾਅ ਖੇਡਿਆ ਅਤੇ ਦੋਵਾਂ ਦੀਆਂ ਆਸਾਂ ਬਰਕਰਾਰ ਹਨ। ਹਾਲੈਂਡ ਦੇ ਯੂਰੋ ਕੱਪ ਨਾ ਖੇਡ ਸਕਣ ਮਗਰੋਂ ਹੁਣ ਇਸ ਦੇ ਵਿਸ਼ਵ ਕੱਪ ਖੇਡਣ ਉਤੇ ਵੀ ਸ਼ੰਕਾ ਖੜ੍ਹਾ ਹੋ ਗਿਆ ਹੈ। ਤਿੰਨ ਵਾਰ ਦੇ ਉਪ ਜੇਤੂ ਹਾਲੈਂਡ ਦੀਆਂ ਵਿਸ਼ਵ ਕੱਪ ਖੇਡਣ ਦੀਆਂ ਆਸਾਂ ਨੂੰ ਬੁਲਗਾਰੀਆ ਤੋਂ ਮਿਲੀ 2-0 ਦੀ ਹਾਰ ਨਾਲ ਵੱਡਾ ਝਟਕਾ ਲੱਗਾ ਸੀ। ਹਾਲੈਂਡ ਦੀ ਟੀਮ ਗਰੁਪ 'ਏ' ਵਿਚ ਸਿਖਰ 'ਤੇ ਚੱਲ ਰਹੇ ਫਰਾਂਸ ਅਤੇ ਸਵੀਡਨ ਤੋਂ ਤਿੰਨ ਅੰਕ ਪਿੱਛੇ ਹੈ। ਸਪੇਨ ਨੇ ਇਸਰਾਈਲ ਨੂੰ ਹਰਾ ਕੇ ਗਰੁਪ 'ਜੀ' ਵਿਚ ਆਪਣਾ ਸਿਖਰਲਾ ਸਥਾਨ ਬਰਕਰਾਰ ਰੱਖਿਆ ਹੈ। ਇਟਲੀ ਦੀ ਟੀਮ ਵੀ 16 ਅੰਕਾਂ ਨਾਲ ਸਪੇਨ ਨਾਲ ਸਾਂਝੇ ਤੌਰ 'ਤੇ ਆਪਣੇ ਗਰੁਪ ਵਿਚ ਚੋਟੀ ਉਤੇ ਕਾਇਮ ਹੈ।

ਉਧਰ ਇੰਗਲੈਂਡ ਦਾ ਜੇਤੂ ਸਫਰ ਜਾਰੀ ਹੈ। ਏਸ਼ੀਆਈ ਖਿੱਤੇ ਵਿਚੋਂ ਇਰਾਨ ਨੇ ਸਭ ਨੂੰ ਹੈਰਾਨ ਕੀਤਾ ਹੈ ਜਦਕਿ ਦੱਖਣੀ ਕੋਰੀਆ, ਜਾਪਾਨ ਅਤੇ ਸਾਊਦੀ ਅਰਬ ਦੀ ਸਥਿਤੀ ਵਿਸ਼ਵ ਕੱਪ ਖੇਡਣ ਲਈ ਕਾਫੀ ਮਜ਼ਬੂਤ ਲੱਗ ਰਹੀ ਹੈ। ਸਾਲ ਦੇ ਅੰਤ ਤੱਕ ਵਿਸ਼ਵ ਕੱਪ 2018 ਦੀ ਤਸਵੀਰ ਸਾਫ ਹੋ ਜਾਵੇਗੀ।

# ਰੁਕ ਨਹੀਂ ਰਹੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ

**ਅੰਮ੍ਰਿਤਸਰ:** ਪਿੰਡ ਤਲਵੰਡੀ ਭੰਗਵਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਮੁਲਜ਼ਮ ਨੂੰ ਕਾਬੂ ਕਰ ਲਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਹੈ ਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ।



ਤਲਵੰਡੀ ਭੰਗਵਾਂ ਸਥਿਤ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਭੁਪਿੰਦਰ ਸਿੰਘ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਸ ਨੇ ਸੁੱਖ ਆਸਨ ਵੇਲੇ ਦੇਖਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ 12 ਅੰਗ ਫਟੇ ਹੋਏ ਸਨ।

ਇਸ ਤੋਂ ਬਾਅਦ ਤੁਰਤ ਮਾਮਲੇ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਗਿਆ। ਪੁਲਿਸ ਨੇ ਗੁਰਦੁਆਰੇ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ਼ ਤੋਂ ਪਤਾ ਲਾਇਆ ਕਿ ਇਕ ਨੌਜਵਾਨ ਵੱਲੋਂ ਗੁਰਦੁਆਰੇ ਅੰਦਰ ਦਾਖਲ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ। ਬੇਅਦਬੀ ਕਰਨ ਵਾਲੇ ਨੌਜਵਾਨ ਦੀ ਪਛਾਣ ਰਣਜੀਤ ਮਸੀਹ ਵਜੋਂ ਹੋਈ ਹੈ। ਪੁਲਿਸ ਮੁਤਾਬਕ ਬੇਅਦਬੀ ਕਰਨ ਵਾਲਾ ਰਣਜੀਤ ਮਸੀਹ ਉਸੇ ਹੀ ਪਿੰਡ ਦਾ ਰਹਿਣ ਵਾਲਾ ਹੈ।

# ਐਸ.ਪੀ. ਸਲਵਿੰਦਰ ਦੀ ਪੱਕੀ ਛੁੱਟੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਵਾਦਾਂ ਵਿਚ ਘਿਰੇ ਐਸ.ਪੀ. ਸਲਵਿੰਦਰ ਸਿੰਘ ਨੂੰ ਸਮੇਂ ਤੋਂ ਪਹਿਲਾਂ ਸੇਵਾ ਮੁਕਤ ਕਰਨ ਦਾ ਫੈਸਲਾ ਕੀਤਾ ਹੈ ਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਸ ਸਬੰਧੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਮੁੱਖ ਮੰਤਰੀ ਦਫਤਰ ਦੇ ਸੂਤਰਾਂ ਮੁਤਾਬਕ ਇਸ ਸਬੰਧੀ ਰਾਜ ਦੇ ਗ੍ਰਹਿ ਵਿਭਾਗ ਵੱਲੋਂ ਲੋੜੀਂਦੇ ਹੁਕਮ ਛੇਤੀ ਜਾਰੀ ਕਰ ਦਿੱਤੇ ਜਾਣਗੇ।

ਸੂਤਰਾਂ ਮੁਤਾਬਕ ਸਲਵਿੰਦਰ ਸਿੰਘ ਨੂੰ ਸਰਕਾਰ ਵੱਲੋਂ ਅੱਠ ਦੋਸ਼ ਪੱਤਰ ਜਾਰੀ ਕੀਤੇ ਗਏ ਸਨ, ਜਿਨ੍ਹਾਂ ਵਿਚੋਂ ਚਾਰ 'ਚ ਗੰਭੀਰ ਦੋਸ਼ ਲੱਗੇ ਸਨ। ਪਠਾਨਕੋਟ ਦਹਿਸ਼ਤੀ ਹਮਲੇ ਦੌਰਾਨ ਚਰਚਾ ਦਾ ਵਿਸ਼ਾ ਬਣੇ ਇਸ ਪੁਲਿਸ ਅਧਿਕਾਰੀ ਤੋਂ ਕੇਂਦਰੀ ਜਾਂਚ ਏਜੰਸੀ ਐਨ.ਆਈ.ਏ. ਨੇ ਵੀ ਪੁੱਛ-ਪੜਤਾਲ ਕੀਤੀ ਸੀ।



ਐਨ.ਆਈ.ਏ. ਵੱਲੋਂ ਅਦਾਲਤ ਵਿਚ ਦਾਇਰ ਚਾਰਜਸ਼ੀਟ 'ਚ ਭਾਵੇਂ ਸਲਵਿੰਦਰ ਸਿੰਘ ਦਾ ਜ਼ਿਕਰ ਨਹੀਂ ਕੀਤਾ ਗਿਆ ਪਰ ਰਾਜ ਸਰਕਾਰ ਵੱਲੋਂ ਵਿਭਾਗੀ ਕਾਰਵਾਈ ਕਰਦਿਆਂ ਦੋਸ਼ ਪੱਤਰ ਜਾਰੀ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਸਲਵਿੰਦਰ ਸਿੰਘ ਖਿਲਾਫ਼ ਇਕ ਮਹਿਲਾ ਵੱਲੋਂ ਸਰੀਰਕ ਸ਼ੋਸ਼ਣ ਦੀ ਸ਼ਿਕਾਇਤ ਕੀਤੇ ਜਾਣ ਪਿਛੋਂ ਪੁਲਿਸ ਨੇ ਕੇਸ ਦਰਜ ਕਰ ਕੇ ਇਸ ਅਧਿਕਾਰੀ ਨੂੰ ਮੁਅੱਤਲ ਵੀ ਕਰ ਦਿੱਤਾ ਸੀ। ਇਸ ਅਧਿਕਾਰੀ ਵਿਰੁੱਧ ਸੀਨੀਅਰ ਪੁਲਿਸ ਅਫਸਰਾਂ ਨੂੰ ਹੋਰ ਵੀ ਕਈ ਸ਼ਿਕਾਇਤਾਂ ਮਿਲੀਆਂ ਸਨ।

# ਕੇਂਦਰ ਦੀ ਸਹਿਮਤੀ ਪਿੱਛੋਂ ਵੀ ਜਲ੍ਹਿਆਂਵਾਲਾ ਬਾਗ ਵਿਚ ਨਾ ਲੱਗਾ ਊਧਮ ਸਿੰਘ ਦਾ ਬੁੱਤ

**ਅੰਮ੍ਰਿਤਸਰ:** 13 ਅਪਰੈਲ 1919 ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿਚ ਹੋਏ ਖ਼ੂਨੀ ਕਾਂਡ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਦਾ ਆਦਮਕੱਦ ਬੁੱਤ ਇਸ ਬਾਗ ਵਿਚ ਲਗਾਉਣ ਲਈ ਇੰਟਰਨੈਸ਼ਨਲ ਸਰਵ ਕੰਬੋਜ਼ ਸਮਾਜ ਮੁਹਾਲੀ ਵੱਲੋਂ ਜੁਲਾਈ 2016 ਵਿਚ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਗਈ ਸੀ।

ਇਸ ਦੇ ਦੋ ਮਹੀਨੇ ਬਾਅਦ ਕੇਂਦਰ ਸਰਕਾਰ ਵੱਲੋਂ ਲਿਖਤੀ ਪੱਤਰ ਜਾਰੀ ਕਰਦਿਆਂ ਉਪਰੋਕਤ ਸੰਸਥਾ ਨੂੰ ਬਾਗ ਵਿਚ ਉਚਿਤ ਜਗ੍ਹਾ ਉਤੇ ਬੁੱਤ ਲਗਾਉਣ ਤੇ ਉਸ ਦੇ ਹੇਠਾਂ ਸ਼ਹੀਦ ਨਾਲ ਸਬੰਧਤ ਜਾਣਕਾਰੀ ਲਿਖਣ ਦੀ ਮਨਜ਼ੂਰੀ ਦੇ ਦਿੱਤੀ ਗਈ, ਪਰ ਇਸ ਦੇ ਬਾਵਜੂਦ ਅਜੇ ਤੱਕ ਉਪਰੋਕਤ ਸੰਸਥਾ ਜਾਂ ਸੂਬਾ ਤੇ ਕੇਂਦਰ ਸਰਕਾਰ ਵੱਲੋਂ ਬੁੱਤ ਲਗਾਉਣ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਉਕਤ ਸਮਾਰਕ ਦੀ ਦੇਖ-ਰੇਖ ਲਈ 1951 ਵਿਚ ਗਠਿਤ ਕੀਤੀ ਗਈ ਜਲ੍ਹਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ ਟਰੱਸਟ ਦੇ ਮੌਜੂਦਾ ਸਕੱਤਰ ਐਸ.ਕੇ. ਮੁਖਰਜੀ ਨੇ ਉਪਰੋਕਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬਾਗ ਵਿਚ ਟਰੱਸਟ ਦੀ ਸੰਪਤੀ ਵਜੋਂ ਮੌਜੂਦ ਪੁਰਾਣੇ ਸਮੇਂ ਦੇ ਬਣੇ ਇਕ ਘਰ ਨੂੰ ਵੱਡੀ ਜੱਦੋ-ਜਹਿਦ ਨਾਲ ਕਬਜ਼ਾਧਾਰੀਆਂ ਤੋਂ ਖਾਲੀ ਕਰਵਾਇਆ ਗਿਆ ਹੈ, ਜਿਸ ਵਿਚ ਸ਼ਹੀਦ ਊਧਮ ਸਿੰਘ ਦੇ ਨਾਂ ਉਤੇ ਲਾਇਬ੍ਰੇਰੀ ਖੋਲ੍ਹੇ ਜਾਣ ਦੀ ਯੋਜਨਾ ਬਣਾਈ ਗਈ ਹੈ, ਪਰ ਇਸ ਘਰ ਦੀਆਂ ਦੀਵਾਰਾਂ ਤੇ ਬੂਹੇ-ਬਾਰੀਆਂ ਦੀ ਹਾਲਤ ਐਨੀ ਖਸਤਾ ਹੋ ਚੁੱਕੀ ਹੈ ਕਿ ਇਸ ਦਾ ਵੱਡਾ ਹਿੱਸਾ ਕਦੇ ਵੀ ਦਰਸ਼ਕਾਂ 'ਤੇ ਡਿੱਗ ਕੇ ਇਕ ਵੱਡੇ ਹਾਦਸੇ ਨੂੰ ਜਨਮ ਦੇ ਸਕਦਾ ਹੈ। ਉਪਰੋਕਤ ਯਾਦਗਾਰੀ ਘਰ ਦੀ ਸਾਂਭ ਸੰਭਾਲ ਤੇ ਇਸ ਵਿਚ ਸ਼ਹੀਦ ਊਧਮ ਸਿੰਘ ਲਾਇਬ੍ਰੇਰੀ ਕਾਇਮ ਕਰਨ ਸਬੰਧੀ ਕੇਂਦਰ ਸਰਕਾਰ ਪਾਸੋਂ ਕਈ ਵਾਰ ਮੰਗ ਕੀਤੀ ਗਈ ਹੈ, ਪਰ ਅਜੇ ਤੱਕ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ। ਜਲ੍ਹਿਆਂਵਾਲਾ ਬਾਗ ਸਮਾਰਕ ਦੇ ਸੋਵੀਨੀਅਰ ਹਾਲ ਦੇ ਸਾਧਾਰਨ ਜਿਹੇ ਸ਼ੋਅਕੇਸ 'ਚ ਰੱਖੀ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦੀ ਭਸਮ ਵਾਲੇ ਕਲਸ਼ ਨਾਲ ਲਗਾਈ ਤਖਤੀ ਉਤੇ ਸ਼ਹੀਦ-ਏ-ਆਜ਼ਮ ਊਧਮ ਸਿੰਘ ਨੂੰ 'ਸ਼ਹੀਦ' ਸ਼ਬਦ ਨਾਲ ਸੰਬੋਧਤ ਕਰਨ ਦੀ ਬਜਾਇ ਹਿੰਦੀ, ਅੰਗਰੇਜ਼ੀ ਤੇ ਪੰਜਾਬੀ ਵਿਚ 'ਊਧਮ ਸਿੰਘ ਦੀਆਂ ਅਸਥੀਆਂ' ਲਿਖੇ ਜਾਣ ਸਬੰਧੀ ਪੁੱਛੇ ਜਾਣ ਉਤੇ ਸ੍ਰੀ ਮੁਖਰਜੀ ਨੇ ਮਾਮਲੇ ਤੋਂ ਪੱਲਾ ਝਾੜਦਿਆਂ ਕਿਹਾ ਕਿ ਇਸ ਬਾਰੇ ਕਦੇ ਕਿਸੇ ਸੰਸਥਾ ਜਾਂ ਵਿਅਕਤੀ ਵੱਲੋਂ ਕੋਈ ਵਿਰੋਧ ਨਹੀਂ ਜਤਾਇਆ ਗਿਆ ਹੈ, ਜਿਸ ਕਾਰਨ ਉਪਰੋਕਤ ਸ਼ਬਦਾਵਲੀ ਵਿਚ ਸੁਧਾਰ ਸਬੰਧੀ ਕਮੇਟੀ ਵੱਲੋਂ ਕੋਈ ਫੈਸਲਾ ਨਹੀਂ ਲਿਆ ਗਿਆ ਹੈ।

# ਨਾਜ਼ੁਕ ਹਾਲਾਤ ਨਾਲ ਨਜਿੱਠਣ ਲਈ ਪੰਜਾਬ ਵਿਚ ਬਣੇਗੀ ਐਸ.ਪੀ.ਜੀ.

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਥਿਆਰਬੰਦ ਹਮਲਿਆਂ ਨੂੰ ਅਸਫਲ ਬਣਾਉਣ ਤੇ ਅਤਿਵਾਦ, ਘੁਸਪੈਠ, ਹਵਾਈ ਜਹਾਜ਼ ਅਗਵਾ ਕਰਨ, ਲੋਕਾਂ ਨੂੰ ਬੰਦੀ ਬਣਾਉਣ ਤੇ ਹੋਰ ਨਾਜ਼ੁਕ ਹਾਲਾਤ ਨਾਲ ਨਜਿੱਠਣ ਲਈ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐਸ.ਪੀ.ਜੀ.) ਬਣਾਉਣ ਲਈ ਸੂਬਾ ਪੁਲਿਸ ਦੇ ਸੁਝਾਅ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ।

ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਮੀਟਿੰਗ ਦੌਰਾਨ ਐਸ.ਪੀ.ਜੀ. ਦੀ ਰੂਪ-ਰੇਖਾ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਜੋ ਛੋਟੀ ਪਰ 270 ਮੈਂਬਰਾਂ ਵਾਲੀ ਪ੍ਰਭਾਵੀ ਯੁਵਾ ਤੇ ਗਤੀਸ਼ੀਲ ਟੀਮ ਹੋਵੇਗੀ। ਮੁੱਖ ਮੰਤਰੀ ਨੇ ਸੁਝਾਅ ਦਿੱਤਾ ਕਿ ਐਸ.ਪੀ.ਜੀ. ਵਿਚੋਂ ਛੋਟੀ ਪ੍ਰਮੁੱਖ ਟੀਮ ਨੂੰ ਬਗਾਵਤ ਨਾਲ ਨਜਿੱਠਣ ਸਬੰਧੀ ਇਜ਼ਰਾਇਲ ਵਿਚ ਅਤਿ ਆਧੁਨਿਕ ਸਿਖਲਾਈ ਪ੍ਰਾਪਤ ਕਰਨ ਲਈ ਭੇਜਿਆ ਜਾਵੇ। ਐਸ.ਪੀ.ਜੀ. ਨੂੰ ਤਿੰਨ ਟੀਮਾਂ ਵਿਚ ਵੰਡਿਆ ਜਾਵੇਗਾ। ਹਰੇਕ ਟੀਮ ਦਾ ਆਗੂ ਐਸ.ਪੀ. ਰੈਂਕ ਦਾ ਅਧਿਕਾਰੀ ਹੋਵੇਗਾ ਜੋ 35 ਸਾਲ ਦੀ ਉਮਰ ਤੋਂ ਘੱਟ ਉਮਰ ਦਾ ਹੋਵੇਗਾ। ਇਸ ਟੀਮ ਵਿਚ ਡੀ.ਐਸ.ਪੀ. ਰੈਂਕ ਦੇ ਅਧਿਕਾਰੀ 30 ਸਾਲ ਤੋਂ ਘੱਟ ਉਮਰ ਦੇ ਹੋਣਗੇ ਜਦਕਿ ਓ.ਆਰ. 18 ਤੋਂ 25 ਸਾਲ ਦੀ ਉਮਰ ਵਿਚਕਾਰ ਹੋਣਗੇ।

ਇਨ੍ਹਾਂ ਟੀਮਾਂ ਨੂੰ ਵੱਖ-ਵੱਖ ਸਥਿਤੀਆਂ ਨਾਲ ਨਿਪਟਣ ਦੀ ਵਿਸ਼ੇਸ਼ ਮੁਹਾਰਤ ਹੋਵੇਗੀ। ਇਨ੍ਹਾਂ ਨੂੰ ਫੌਜ ਤੇ ਐਨ.ਐਸ.ਜੀ. ਦੋਵਾਂ ਵੱਲੋਂ ਸਿਖਲਾਈ ਦਿੱਤੀ ਜਾਵੇਗੀ। ਮੀਟਿੰਗ ਦੌਰਾਨ ਮੁੱਖ ਮੰਤਰੀ ਦੇ ਇਸ ਸੁਝਾਅ 'ਤੇ ਸਹਿਮਤੀ ਪ੍ਰਗਟਾਈ ਕਿ ਇਸ ਟੀਮ ਦੀ ਕੋਰ ਯੂਨਿਟ ਇਜ਼ਰਾਇਲ ਵਿਚ ਵਿਸ਼ੇਸ਼ ਸਿਖਲਾਈ ਪ੍ਰਾਪਤ ਕਰੇ। ਕੈਪਟਨ ਨੇ ਐਸ.ਪੀ.ਜੀ. ਦੇ ਲਈ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਸ਼ਨਾਖਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਵਾਸਤੇ ਆਖਿਆ ਜੋ ਵੱਖ-ਵੱਖ ਪੁਲਿਸ ਵਿਭਾਗਾਂ ਵਿਚੋਂ ਲਏ ਜਾਣਗੇ।

# ਪਾਕਿਸਤਾਨੀ ਸਿੱਖ ਸਰਕਾਰੀ ਦਖਲ ਵਿਰੁਧ ਡਟੇ

**ਲਾਹੌਰ:** ਪਾਕਿਸਤਾਨ ਵਿਚ ਵੱਡੀ ਗਿਣਤੀ ਸਿੱਖਾਂ ਨੇ ਸਰਕਾਰ ਵੱਲੋਂ ਚਲਾਏ ਜਾਣ ਵਾਲੇ ਔਕਾਫ ਬੋਰਡ ਉਤੇ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਦਖਲ ਦੇਣ ਦਾ ਇਲਜ਼ਾਮ ਲਾਇਆ ਹੈ। ਉਨ੍ਹਾਂ ਇਲਜ਼ਾਮ ਲਾਇਆ ਹੈ ਕਿ ਔਕਾਫ ਬੋਰਡ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਨਾਹ 'ਤੇ ਧਾਰਮਿਕ ਫੈਸਲੇ ਲੈ ਰਿਹਾ ਹੈ।

ਪਾਕਿਸਤਾਨ ਦੇ ਸਿੱਖਾਂ ਨੇ ਆਲ ਪਾਕਿਸਤਾਨ ਸਿੱਖ ਸੰਗਤ ਕਮੇਟੀ (ਏ.ਪੀ.ਐਸ.ਐਸ.ਸੀ.) ਦੇ ਨਾਂ ਹੇਠ ਇਕੱਠੇ ਹੋ ਕੇ ਸਾਰੇ ਗੁਰਦੁਆਰਿਆਂ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰਵਾ ਕੇ ਪੀ.ਐਸ.ਜੀ.ਪੀ.ਸੀ. ਦੀ ਖੁਦਮੁਖਤਿਆਰੀ ਬਹਾਲ ਕਰਵਾਉਣ ਦੀ ਮੰਗ ਕੀਤੀ ਹੈ। ਏ.ਪੀ.ਐਸ.ਐਸ.ਸੀ. ਹੇਠ ਆਉਣ ਵਾਲਿਆਂ ਵਿਚੋਂ ਇਕ ਸ੍ਰੀ ਗੁਰੂ ਨਾਨਕ ਸਤਸੰਗ ਸਭਾ ਦੇ ਪ੍ਰਧਾਨ ਹੀਰਾ ਸਿੰਘ ਨੇ ਕਿਹਾ ਕਿ ਔਕਾਫ ਬੋਰਡ ਵੱਲੋਂ ਗੁਰਦੁਆਰਾ ਪੰਜਾ ਸਾਹਿਬ, ਹਸਨ ਅਬਦਾਲ ਦੇ ਸਰੋਵਰ ਦੇ ਪਾਣੀ ਨੂੰ ਵਪਾਰਕ ਤੌਰ 'ਤੇ ਵੰਡਣਾ, ਕਰਤਾਰਪੁਰ ਵਿਖੇ ਗੁਰਦੁਆਰਾ ਅੰਗੀਠਾ ਸਾਹਿਬ ਵਿਚ ਅੰਗੀਠਾ ਸਾਹਿਬ ਦੀ ਉਸਾਰੀ ਕਰਨਾ, ਪਾਕਿਸਤਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਛਪਾਈ ਆਦਿ ਸਬੰਧੀ ਫੈਸਲੇ ਸਿੱਖ ਸੰਗਤ ਨਾਲ ਬਿਨਾਂ ਕਿਸੇ ਸਲਾਹ-ਮਸ਼ਵਰੇ ਤੋਂ ਲੈ ਲਏ ਜਾਂਦੇ ਹਨ। ਪੇਸ਼ੇ ਵਜੋਂ ਵਕੀਲ ਹੀਰਾ ਸਿੰਘ ਨੇ ਦੋਸ਼ ਲਾਇਆ ਕਿ ਔਕਾਫ ਬੋਰਡ ਨੇ ਹਸਨ ਅਬਦਾਲ ਸਰੋਵਰ ਦਾ ਰੂਹਾਨੀ ਜਲ ਕਿਸ 'ਮਿਨਰਲ ਵਾਟਰ' ਦੀ ਬੋਤਲ ਵਾਂਗ ਵੇਚਣਾ ਸ਼ੁਰੂ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਕੋਈ ਇਸ ਤਰ੍ਹਾਂ ਕਰਨ ਬਾਰੇ ਸੋਚ ਕਿਵੇਂ ਸਕਦਾ ਹੈ, ਇਹ ਸਿੱਖ ਧਰਮ ਦੇ ਅਸੂਲਾਂ ਖਿਲਾਫ਼ ਹੈ। ਉਨ੍ਹਾਂ ਇਹ ਵੀ ਇਲਜ਼ਾਮ ਲਾਏ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਥਾਪੇ ਅਧਿਕਾਰੀ ਵੀ ਔਕਾਫ ਬੋਰਡ ਨਾਲ ਮਿਲੇ ਹੋਏ ਹਨ ਤੇ ਅਜਿਹੇ ਕੰਮ ਕਰ ਕੇ ਸਿੱਖੀ ਸਿਧਾਂਤਾਂ ਦਾ ਘਾਣ ਕਰ ਰਹੇ ਹਨ।

# ਅਕਾਲ ਤਖਤ ਐਕਸਪ੍ਰੈਸ ਵਿਚੋਂ ਚਿੱਠੀ ਸਮੇਤ ਮਿਲਿਆ ਬੰਬ

**ਲਖਨਊ:** ਲਸ਼ਕਰ-ਏ-ਤੋਇਬਾ ਦੇ ਕਮਾਂਡਰ ਅਬੂ ਦੁਜਾਨਾ ਦੀ ਮੌਤ ਦਾ ਬਦਲਾ ਲੈਣ ਲਈ ਇਕ ਚਿੱਠੀ ਸਮੇਤ ਘੱਟ ਸਮਰੱਥਾ ਵਾਲਾ ਬੰਬ ਬਰਾਮਦ ਕੀਤਾ ਗਿਆ ਹੈ। ਇਹ ਬੰਬ ਉਤਰ ਪ੍ਰਦੇਸ਼ ਦੇ ਅਮੇਠੀ ਕਸਬੇ ਲਾਗਿਉਂ ਕੋਲਕਾਤਾ ਤੋਂ ਜੰਮੂ ਜਾ ਰਹੀ ਅਕਾਲ ਤਖਤ ਐਕਸਪ੍ਰੈਸ ਦੀ ਏ.ਸੀ. ਬੋਗੀ ਵਿਚੋਂ ਮਿਲਿਆ ਹੈ।

ਬੋਗੀ ਨੰਬਰ ਬੀ-3 ਵਿਚ ਪਖਾਨਾ ਜਾਣ ਲਈ ਇਕ ਮੁਸਾਫਰ ਆਇਆ ਤਾਂ ਉਸ ਨੂੰ ਤਾਰਾਂ ਵਿਚ ਲਪੇਟੀ ਸ਼ੱਕੀ ਵਸਤੂ ਦਿੱਸੀ। ਉਸ ਨੇ ਤੁਰਤ ਰੇਲ ਦੇ ਗਾਰਡ ਨੂੰ ਸੂਚਿਤ ਕੀਤਾ ਤੇ ਗੱਡੀ ਅਕਬਰਗੰਜ ਸਟੇਸ਼ਨ 'ਤੇ ਰੋਕ ਲਈ ਗਈ। ਪੁਲਿਸ ਨੇ ਬੰਬ ਰੋਧਕ ਦਸਤੇ ਦੀ ਸਹਾਇਤਾ ਨਾਲ ਇਸ ਨੂੰ ਰੇਲ ਵਿਚੋਂ ਕੱਢ ਲਿਆ। ਬੰਬ ਦੇ ਨਾਲ ਇਕ ਹੱਥ ਲਿਖਤ ਧਮਕੀ ਪੱਤਰ ਸੀ। ਇਸ ਵਿਚ ਲਿਖਿਆ ਸੀ ਕਿ ਭਾਰਤ ਨੂੰ ਅਬੂ ਦੁਜਾਨਾ ਦੀ ਮੌਤ ਦੀ ਕੀਮਤ ਚੁਕਾਉਣੀ ਹੋਵੇਗੀ।

ਦੱਸਣਾ ਬਣਦਾ ਹੈ ਕਿ ਅਬੂ ਦੁਜਾਨਾ ਲਸ਼ਕਰ-ਏ-ਤੋਇਬਾ ਦਾ ਕਮਾਂਡਰ ਸੀ ਜੋ ਪਹਿਲੀ ਅਗਸਤ, 2017 ਨੂੰ ਕਸ਼ਮੀਰ ਵਿਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿਚ ਮਾਰਿਆ ਗਿਆ ਸੀ। ਉਸ ਦੇ ਜਨਾਜ਼ੇ ਵਿਚ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ ਸਨ ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਲ ਸਨ।

# 6 ਅਗਸਤ 1948: ਲਾਹੌਰ ਵਿਚ ਖਿੜਿਆ 'ਚਮਨ'

## ਵੰਡ ਤੋਂ ਬਾਅਦ ਪਹਿਲੀ ਪੰਜਾਬੀ ਫਿਲਮ ਹੋਈ ਸੀ ਰਿਲੀਜ਼




ਪਾਕਿਸਤਾਨ ਫਿਲਮ ਝਰੋਖਾ: ਇਕ ਨੁਮਾਇਸ਼

ਕਲਾ ਪਰਿਕਰਮਾ

ਫਿਲਮ ਇਤਿਹਾਸਕਾਰ ਭੀਮ ਰਾਜ ਗਰਗ ਵੰਡ ਵੇਲੇ ਦੇ ਸਿਨੇਮੇ ਬਾਰੇ ਕੁਝ ਮੋਤੀ ਫਰੋਲ ਕੇ ਲਿਆਏ ਹਨ। ਦਰਅਸਲ, ਉਹ ਪੰਜਾਬੀ ਸਿਨੇਮਾ ਦੇ ਪਹਿਲੇ 50 ਵਰ੍ਹਿਆਂ ਦੇ ਤੁਰਦੇ ਫਿਰਦੇ ਇਤਿਹਾਸ ਹਨ। ਉਹ ਦੱਸਦੇ ਹਨ ਕਿ ਦੇਸ਼ ਦੀ ਵੰਡ ਤੋਂ ਪੂਰਾ ਇਕ ਸਾਲ ਬਾਅਦ 6 ਅਗਸਤ 1948 ਨੂੰ ਲਾਹੌਰ ਦੇ ਰਤਨ ਸਿਨੇਮਾ ਵਿਚ ਪਹਿਲੀ ਪੰਜਾਬੀ ਫਿਲਮ 'ਚਮਨ' ਰਿਲੀਜ਼ ਹੋਈ ਸੀ। ਬਾਅਦ ਵਿਚ ਇਹ ਫਿਲਮ ਅਕਤੂਬਰ ਵਿਚ ਬੰਬੇ (ਹੁਣ ਮੁੰਬਈ) ਅਤੇ ਫਿਰ ਉਸੇ ਸਾਲ ਨਵੰਬਰ ਵਿਚ ਅੰਮ੍ਰਿਤਸਰ ਦੇ ਸਿਟੀ ਲਾਈਟ ਸਿਨੇਮਾ ਵਿਚ ਲਾਈ ਗਈ ਸੀ।

ਆਪਣੀਆਂ ਯਾਦਾਂ ਦੀ ਪਟਾਰੀ ਖੋਲ੍ਹਦਿਆਂ ਗਰਗ ਦੱਸਦੇ ਹਨ, "ਚਮਨ ਤੋਂ ਬਾਅਦ ਪੰਜਾਬੀ ਸਿਨੇਮੇ ਦੇ ਨਿਘਾਰ ਦੀ ਕਹਾਣੀ ਸ਼ੁਰੂ ਹੋ ਗਈ। ਬਹੁਤੇ ਸਿਨੇਮਾ ਦੇਖਣ ਵਾਲੇ ਤਾਂ ਪਾਕਿਸਤਾਨ ਵਿਚ ਹੀ ਰਹਿ ਗਏ ਸਨ, ਤੇ ਜਿਹੜੇ ਲਾਹੌਰ ਵਿਚ ਫਿਲਮ ਸਨਅਤ ਨਾਲ ਸਬੰਧਤ ਸਨ, ਉਹ ਲਾਹੌਰ ਤੋਂ ਭਾਰਤ ਚਲੇ ਗਏ।" ਕਈ ਹਿਟ ਭਾਰਤੀ ਫਿਲਮਾਂ ਜਿਵੇਂ 'ਆਨ', 'ਬਾਬੁਲ' ਅਤੇ 'ਅਨੋਖੀ ਅਦਾ', ਸਭ ਰਤਨ ਸਿਨੇਮਾ ਵਿਚ ਹੀ ਰਿਲੀਜ਼ ਹੋਈਆਂ ਸਨ ਅਤੇ ਇਨ੍ਹਾਂ ਖੂਬ ਕਮਾਈ ਵੀ ਕੀਤੀ ਸੀ। 'ਆਨ' ਨੇ ਉਸ ਵੇਲੇ ਡੇਢ ਕਰੋੜ ਰੁਪਏ ਕਮਾਏ ਸਨ ਜੋ ਉਨ੍ਹਾਂ ਵੇਲਿਆਂ ਵਿਚ ਬਹੁਤ ਵੱਡੀ ਰਕਮ ਸੀ। ਇਸ ਫਿਲਮ ਨੇ ਰਤਨ ਸਿਨੇਮਾ ਵਿਚ ਹੀ ਸਿਲਵਰ ਜੁਬਲੀ ਮਨਾਈ ਸੀ।



ਲਾਹੌਰ ਵਿਚ ਰਿਲੀਜ਼ ਹੋਈ ਪੰਜਾਬੀ ਫਿਲਮ 'ਚਮਨ' ਦੇ ਪੋਸਟਰ ਨਾਲ ਫਿਲਮ ਇਤਿਹਾਸਕਾਰ ਭੀਮ ਰਾਜ ਗਰਗ।

ਉਹ ਦੱਸਦੇ ਹਨ ਕਿ ਸਮੁੱਚੇ ਮਹਾਂਦੀਪ ਵਿਚ ਬੰਬੇ ਅਤੇ ਕਲਕੱਤਾ (ਹੁਣ ਕੋਲਕਾਤਾ) ਤੋਂ ਬਾਅਦ ਲਾਹੌਰ ਤੀਜਾ ਵੱਡਾ ਸਿਨੇਮਾ ਸਨਅਤ ਦਾ ਕੇਂਦਰ ਸੀ, ਪਰ 1947 ਦੇ ਵੰਡਾਰੇ/ਉਜਾੜੇ ਨੇ ਕੋਲਕਾਤਾ ਅਤੇ ਲਾਹੌਰ ਦੀ ਫਿਲਮ ਸਨਅਤ ਤਬਾਹ ਕਰ ਕੇ ਰੱਖ ਦਿੱਤੀ। ਲਾਹੌਰ ਵਿਚ ਪੰਜਾਬੀ ਫਿਲਮਾਂ 1955 ਤੱਕ ਰਿਲੀਜ਼ ਹੁੰਦੀਆਂ ਰਹੀਆਂ, ਪਰ ਦੋਹਾਂ ਮੁਲਕਾਂ ਵਿਚਕਾਰ ਤਣਾਅ ਵਾਲੇ ਮਾਹੌਲ ਕਾਰਨ ਇਹ ਸਿਲਸਿਲਾ ਟੁੱਟ ਗਿਆ। 1965 ਵਿਚ ਭਾਰਤ-ਪਾਕਿਸਤਾਨ ਜੰਗ ਦੌਰਾਨ ਭਾਰਤੀ ਫਿਲਮਾਂ ਉਤੇ ਪਾਬੰਦੀ ਲਗਾ ਦਿੱਤੀ ਗਈ। ਅਸਲ ਵਿਚ, 1947 ਵਿਚ ਪੰਜਾਬੀ ਸਿਨੇਮਾ ਨੂੰ ਜੋ ਸੱਟ ਵੱਜੀ, ਬਾਅਦ ਵਿਚ ਉਸ ਦੀ ਭਰਪਾਈ ਹੋ ਹੀ ਨਹੀਂ ਸਕੀ।



ਅਦਾਕਾਰ ਨਜ਼ੀਰ ਅਹਿਮਦ ਖਾਨ

ਭੀਮ ਰਾਜ ਗਰਗ ਯਾਦ ਕਰਦੇ ਹਨ ਕਿ ਲਾਹੌਰ ਨੇ ਸਾਨੂੰ ਪਹਿਲਾ ਸੁਪਰ ਸਟਾਰ ਨਜ਼ੀਰ ਅਹਿਮਦ ਖਾਨ ਦਿੱਤਾ ਸੀ ਜਿਸ ਨੇ ਤਕਰੀਬਨ 35 ਨਾਇਕਾਵਾਂ ਨਾਲ ਕੰਮ ਕੀਤਾ। ਇਨ੍ਹਾਂ ਵਿਚੋਂ ਬਹੁਤੀਆਂ ਉਦੋਂ ਫਿਲਮੀ ਦੁਨੀਆਂ ਦੀਆਂ ਅਹਿਮ ਹਸਤੀਆਂ ਸਨ, ਪਰ 1947 ਵਾਲੀ ਉਥਲ-ਪੁਥਲ ਨੇ ਨਜ਼ੀਰ ਅਹਿਮਦ ਖਾਨ ਦੀ ਇਹ ਦੁਨੀਆਂ ਉਜਾੜ ਦਿੱਤੀ। ਗਰਗ ਮੁਤਾਬਕ ਕਲਾ ਦੇ ਉਜਾੜੇ ਦੇ ਪ੍ਰਸੰਗ ਵਿਚ ਇਹ ਤਬਾਹੀ ਯਹੂਦੀਆਂ ਨਾਲ ਵਾਪਰੇ ਤੋਂ ਘੱਟ ਨਹੀਂ ਸੀ, ਪਰ ਮਗਰੋਂ 1947 ਤੋਂ ਲੈ ਕੇ 1997 ਦੇ 50 ਵਰ੍ਹਿਆਂ ਦੌਰਾਨ ਦੋਹਾਂ ਪਾਸਿਆਂ ਦੇ ਸਿਨੇਮੇ ਵਿਚ ਸਿਫ਼ਤੀ ਤਬਦੀਲੀ ਦੇਖਣ ਨੂੰ ਮਿਲੀ ਹੈ।

ਇਤਿਹਾਸ ਦੱਸਦਾ ਹੈ ਕਿ ਫਿਲਮ ਸਨਅਤ 1920ਵਿਆਂ ਦੌਰਾਨ ਕਾਇਮ ਹੋਈ। ਇਸ ਦਾ ਟਿਕਾਣਾ ਲਾਹੌਰ ਦੇ ਭੱਟੀ ਗੇਟ ਮੁਹੱਲੇ ਦੇ ਆਸ-ਪਾਸ ਬਣਿਆ। ਉਂਜ, ਪਹਿਲੀ ਫਿਲਮ 1929 ਵਿਚ ਜਾ ਕੇ ਮੁਕੰਮਲ ਹੋਈ। ਇਸ ਫਿਲਮ ਦਾ ਨਾਂ ਸੀ: 'ਹੁਸਨ ਕਾ ਡਾਕੂ' ਤੇ ਇਸ ਫਿਲਮ ਦੇ ਕਰਤਾ-ਧਰਤਾ ਅਬਦੁਲ ਰਸ਼ੀਦ ਕਾਰਦਾਰ। ਲਾਹੌਰ ਦੀ ਫਿਰੋਜ਼ਪੁਰ ਰੋਡ 'ਤੇ ਅੱਪਰ ਇੰਡੀਆ ਫਿਲਮ ਸਟੂਡੀਓ ਹੁੰਦਾ ਸੀ। ਬਾਅਦ ਵਿਚ ਇਸ ਸਟੂਡੀਓ ਦਾ ਨਾਂ ਪਹਿਲਾਂ ਪੰਚੋਲੀ ਅਤੇ ਫਿਰ ਸ਼ੋਰੀ ਫਿਲਮ ਸਟੂਡੀਓ ਹੋ ਗਿਆ। ਮਾਲਕ ਬਦਲਣ ਨਾਲ ਨਾਂ ਵੀ ਬਦਲਦਾ ਗਿਆ। ਇਸੇ ਦੌਰਾਨ ਫਿਰੋਜ਼ਪੁਰ ਅਤੇ ਮੁਲਤਾਨ ਜਾਂਦੀਆਂ ਸੜਕਾਂ 'ਤੇ ਦੋ ਹੋਰ ਫਿਲਮ ਸਟੂਡੀਓ ਖੁੱਲ੍ਹ ਗਏ। ਫਿਰੋਜ਼ਪੁਰ ਰੋਡ ਵਾਲੇ ਸਟੂਡੀਓ ਦਾ ਨਾਂ ਸੀ ਸਕਰੀਨ ਸਟੂਡੀਓ ਅਤੇ ਮੁਲਤਾਨ ਰੋਡ ਵਾਲੇ ਸਟੂਡੀਓ ਦਾ ਨਾਂ ਸ਼ਾਨਦਾਰ ਸਟੂਡੀਓ ਰੱਖਿਆ ਗਿਆ। ਇਨ੍ਹਾਂ ਸਟੂਡੀਓਜ਼ ਦੀ ਕਾਇਮੀ ਤੋਂ ਬਾਅਦ ਫਿਲਮ ਸਨਅਤ ਨੇ ਹੌਲੀ ਹੌਲੀ ਪੈਰ ਪਸਾਰਨੇ ਸ਼ੁਰੂ ਕੀਤੇ। ਮੁਢਲੇ ਦੌਰ ਵਿਚ ਅਦਾਕਾਰਾਂ ਅਤੇ ਫਿਲਮਸਾਜ਼ਾਂ ਨੂੰ ਬਥੇਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਪਰ ਇਹ ਗੱਡੀ ਹੌਲੀ ਹੌਲੀ ਤੁਰਦੀ ਗਈ ਅਤੇ ਇਕ ਦਿਨ ਸਨਅਤ ਦਾ ਰੂਪ ਅਖਤਿਆਰ ਕਰ ਗਈ। ਭੀਮ ਰਾਜ ਗਰਗ ਕੋਲ ਉਨ੍ਹਾਂ ਵੇਲਿਆਂ ਦੀਆਂ ਯਾਦਾਂ ਅੱਜ ਵੀ ਠਾਠਾਂ ਮਾਰਦੀਆਂ ਹਨ।

-ਵਿਸ਼ਵ ਭਾਰਤੀ

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਅਗਸਤ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-287



*ਛੱਡ ਟਰੈਕਟਰ ਵਾਲੀ ਜੋੜੀ, ਟਾਇਰ ਰੇਹੜੀਆਂ ਵਾਲੇ।*
*'ਮਾਡਰਨ ਟਾਂਗਾ' ਸ਼ਹਿਰ ਚੱਲਿਆ ਪੇਂਡੂ ਵਿਚ ਬਹਾਲੇ।*

## ਕੈਪਸ਼ਨ ਮੁਕਾਬਲਾ-285



ਦਰੀਆਂ, ਖੇਸ ਤੇ ਕਿਧਰੇ ਨਾਲੇ,
ਘਰ ਦੇ ਮੁਕਾ ਕੇ ਬਾਕੀ ਧੰਦੇ,
ਹੋ ਜਾਵਾਂ ਇਨ੍ਹਾਂ ਦੇ ਦੁਆਲੇ।
ਜਾਲੀ, ਗੁੱਡੇ, ਚਿੜੀਆਂ ਪਾ ਕੇ,
ਹੁਨਰ ਆਪਣਾ ਦਿਖਾਵਾਂ ਮੈਂ,
ਖਰਚ-ਖੇਚਲ ਦੀਆਂ ਬੱਚਤਾਂ ਕਰਕੇ,
ਘਰ ਨੂੰ ਖੁਸ਼ਹਾਲ ਬਣਾਵਾਂ ਮੈਂ।
*-ਦਵਿੰਦਰ ਕੌਰ*

---

ਬੜਾ ਅਨੰਦ ਸੀ ਜੀਵਨ ਦੇ ਵਿਚ
ਮੁਟਿਆਰਾਂ ਰੀਝਾਂ ਸੀ ਲਾ ਲੈਂਦੀਆਂ।
ਮੰਜੇ ਵਿਚ ਫਸਾ ਕੇ ਡੰਡੇ
ਸਤਰੰਗਾ ਤਾਣਾ ਸੀ ਪਾ ਲੈਂਦੀਆਂ।
ਕਾਨੇ ਵਾਲੀਆਂ ਪੋਰੀਆਂ ਤਾਈਂ
ਠੋਕਾ ਆਪ ਸੀ ਬਣਾ ਲੈਂਦੀਆਂ।
ਬਾਣੇ ਦੇ ਵਿਚ ਪਾ ਨਮੂਨੇ
ਹੋਰ ਵੀ ਰੰਗ ਸੀ ਚੜ੍ਹਾ ਲੈਂਦੀਆਂ।
ਸਿਰਿਆਂ ਉਤੇ ਬੰਨ੍ਹ ਕੇ ਬੀੜਾਂ
ਹੱਥੀਂ ਘੁੰਗਰੂ ਸੀ ਲਾ ਲੈਂਦੀਆਂ।
ਬੀਤ ਗਏ ਦੀਆਂ ਬਾਤਾਂ ਹੋਈਆਂ
ਜਦ ਘੱਗਰੇ ਸੂਫ ਦੇ ਸੀ ਪਾ ਲੈਂਦੀਆਂ।
*-ਜਗਮੀਤ ਸਿੰਘ ਪੰਧੇਰ*

---

ਚੁੱਲ੍ਹੇ ਚੌਂਕੇ ਤੋਂ ਹੋ ਕੇ ਵਿਹਲੀ
ਬੀਬੀ ਪੀੜ੍ਹਾ ਧੁੱਪੇ ਡਾਹਿਆ।
ਬਣਾ ਲਿਆ ਅੱਡਾ ਪੁੱਠੀ ਮੰਜੀ ਦਾ
ਵਿਚ ਧਾਗਿਆਂ ਦਾ ਤਾਣਾ ਪਾਇਆ।
ਉਂਗਲਾਂ ਦੇ ਕਰਤੱਬ ਦਿਖਾਵੇ
ਨਾਲੇ ਪਾਵੇ ਰੰਗਲੀਆਂ ਲਹਿਰਾਂ।
ਹੁਨਰਮੰਦੀ ਦੇ ਇਹ ਜੌਹਰ ਪੁਰਾਣੇ
ਕੀਤਾ ਮਸ਼ਹੂਰ ਪਟਿਆਲੇ ਜਿਹੇ ਸ਼ਹਿਰਾਂ।
ਪਰ ਦਸਤਕਾਰੀ ਅਲੋਪ ਹੋ ਰਹੀ
ਅੱਜ ਕੋਈ ਮੁੱਲ ਨਾ ਜਾਣੇ।
ਮਸ਼ੀਨੀਕਰਨ ਨੇ ਹਾਏ! ਹੜੱਪ ਲਏ
ਸਭ ਇਹ ਘਰੇਲੂ ਉਦਯੋਗ ਪੁਰਾਣੇ।
*-ਸੇਵਾ ਸਿੰਘ ਨੂਰਪੁਰੀ, ਸੈਨ ਹੋਜੇ*

---

ਦੁਕਾਨ ਤੋਂ ਮੈਂ ਅੱਟੀ ਲਿਆ ਕੇ
ਬਹਿ ਗਈ ਪੀੜ੍ਹਾ ਡਾਹ ਕੇ।
ਰੇਸ਼ਮੀ ਨਾਲਾ ਤਣ ਕੇ ਰੱਖ ਲਿਆ
ਵਿਚ ਪੋਰੀਆਂ ਪਾ ਕੇ।
ਗੱਲੀਬਾਤੀਂ ਬੁਣ ਦੇਵਾਂਗੀ
ਵਿਹਲਾ ਸਮਾਂ ਲੰਘਾ ਕੇ।
ਪਟਿਆਲੇ ਦੇ ਨਾਲਿਆਂ ਵਾਂਗ
ਹੁਨਰ ਚਮਕੂ ਵੱਜ ਵਜਾ ਕੇ।
*-ਜਗਜੀਤ ਕੌਰ ਤੂਰ, ਚੰਡੀਗੜ੍ਹ।*

---

ਰੰਗ ਬਰੰਗੇ ਨਾਲੇ ਬੁਣਨੇ
ਮਾਂ ਮੇਰੀ ਮੈਨੂੰ ਸਿਖਾਏ।
ਪੰਜਾਬੀ ਵਿਰਸਾ ਮੈਂ ਸਾਂਭ ਰੱਖਿਆ
ਨਵੀਂ ਪੀੜ੍ਹੀ ਨੂੰ ਕੌਣ ਸਮਝਾਏ।
ਪੰਜਾਬੀ ਸੂਟ ਛੱਡ ਪਾਏ ਵਲੈਤੀ ਬਾਣੇ
ਰੰਗਲੇ ਨਾਲੇ ਕੀਤੇ ਇਨ੍ਹਾਂ ਪਰਾਏ।
*-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ*

---

ਪਟਿਆਲੇ ਦੇ ਰੇਸ਼ਮੀ ਨਾਲਿਆਂ ਦੀ
ਹੁਣ ਬਾਤ ਹੋ ਗਈ ਦੂਰ।
ਸਮੇਂ ਸਮੇਂ 'ਤੇ ਫੈਸ਼ਨ ਬਦਲਦੇ
ਆਪਣੇ ਸਮੇਂ ਸੀ ਬੜੇ ਮਸ਼ਹੂਰ।
ਘਰ ਘਰ ਕਲਾਵਾਂ, ਹੁਨਰ ਸੀ ਫੈਲੇ
ਵਕਤ ਸੀ ਵਧੀਆ ਗੁਜ਼ਾਰ ਹੁੰਦੇ।
ਚੁਗਲਖੋਰੀਆਂ ਸੀ ਘੱਟ ਹੁੰਦੀਆਂ
ਨਿੱਕੇ ਨਿੱਕੇ ਸੀ ਰੁਜ਼ਗਾਰ ਹੁੰਦੇ।
*-ਅਮਰਜੀਤ ਸਿੰਘ ਤੂਰ*

---

ਹੋਣ ਜੇ ਰੇਸ਼ਮੀ ਲਮਕਦੇ ਬੱਲੇ ਤੱਕ
ਘੱਗਰਾ ਵੀ ਉਚੇਰਾ ਰੰਗ ਫੜ੍ਹਦਾ।
ਹੱਥ ਖੱਡੀ ਹੈ ਲੱਗੀ ਘਰ 'ਚ
ਨਾ ਕੋਈ ਝੋਰਾ, ਖੇਚਲ ਨਾ ਭਾੜਾ।
ਸਮਾਂ ਬੀਤਿਆ, ਲਿਆ ਸਕਰਟਾਂ ਨੇ
ਪਾਉਂਦੇ ਲਾਸਟਿਕ, ਲੋੜ ਨਾ ਨਾਲਿਆਂ ਦੀ।
ਕਿੱਥੇ ਰੇਸ਼ਮੀ ਨਾਲੇ, ਕਿੱਥੇ ਲਾਸਟਿਕ!
*-ਦਰਸ਼ਨਪਾਲ ਦੋਸਾਂਝ*

---

ਕਰਦੀ ਸੀ ਪਤਨੀ ਆਪਣੇ ਪਤੀ ਤੋਂ
ਪਟਿਆਲਿਓਂ ਨਾਲੇ ਲੈ ਆਉਣ ਦੀ ਮੰਗ।
ਫਿਰ ਘਰੇ ਬਣਾਉਣ ਲੱਗੀਆਂ ਹੱਥੀਂ ਨਾਲੇ
ਪਾ ਕੇ ਸੋਹਣੇ ਧਾਗਿਆਂ ਦੇ ਰੰਗ।
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਸਿਸਕਦੀ ਸ਼ਬਦ-ਗਾਥਾ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਉਨ੍ਹਾਂ ਆਪਣੀ ਕਲਮ ਦੀ ਕਾਰਕਰਦਗੀ ਅਤੇ ਪਾਠਕਾਂ ਦੇ ਹੁੰਗਾਰੇ ਦੀ ਬਾਤ ਪਾਈ ਸੀ, "ਇਨ੍ਹਾਂ ਅੱਖਰਾਂ ਨੇ ਬੜਾ ਕੁਝ ਦਿੱਤਾ ਏ। ਕਦੇ ਮਿਲਦੀ ਏ ਮਾਂਵਾਂ ਦੀ ਅਸੀਸ ਅਤੇ ਕਦੇ ਮਿਲਦਾ ਏ ਬਾਪ ਵਰਗੇ ਪਾਠਕਾਂ ਦਾ ਥਾਪੜਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸਾਡੇ ਭਾਈਚਾਰੇ ਵਿਚ ਕਿਤਾਬਾਂ ਪੜ੍ਹਨ ਦੀ ਘਟਦੀ ਜਾ ਰਹੀ ਰੁਚੀ ਉਤੇ ਰੁਦਨ ਕੀਤਾ ਹੈ ਅਤੇ ਹੋਕਾ ਲਾਇਆ ਹੈ, "ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਹਰਫਾਂ ਦੀ ਦੁਨੀਆਂ ਵੱਲ ਮੋੜ ਲਿਆਵੋ। ਇਨ੍ਹਾਂ ਦੀ ਮਾਸੂਮ ਅਤੇ ਸ਼ਫਾਫ ਸੋਚ ਦੀ ਬੀਹੀ ਵਿਚ ਚਾਨਣ-ਚਿਰਾਗ ਜਗਾਵੋ। ਇਨ੍ਹਾਂ ਦੀ ਚੇਤਨਾ ਵਿਚ ਸੰਵੇਦਨਾ ਦਾ ਜਾਗ ਲਾਵੋ ਅਤੇ ਮਨੁੱਖ ਤੇ ਕੁਦਰਤ ਦੀ ਸਦੀਵੀ ਹੋਂਦ ਲਈ ਕੁਝ ਕਰਨ ਦਾ ਚਾਅ ਇਨ੍ਹਾਂ ਦੀ ਸੋਚ ਵਿਚ ਉਪਜਾਵੋ।" -ਸੰਪਾਦਕ***

ਮੈਂ ਅਕਸਰ ਆਪਣੀਆਂ ਕਿਤਾਬਾਂ ਨਾਲ ਸੰਵਾਦ ਰਚਾਉਂਦਾ ਹਾਂ। ਨਿੱਕੀਆਂ ਗੱਲਾਂ, ਛੋਟੀਆਂ ਛੋਟੀਆਂ ਬਾਤਾਂ ਅਤੇ ਹੁੰਗਾਰੇ। ਕਦੇ ਕਿਤਾਬਾਂ ਦੇ ਪ੍ਰਸ਼ਨ ਅਤੇ ਕਦੇ ਜਵਾਬ। ਕਿਤਾਬਾਂ ਨਾਲ ਗੁਫਤਗੂ 'ਚ ਭੁੱਲ ਜਾਂਦੇ ਜਗਤ ਤਮਾਸ਼ੇ। ਕਦੇ ਕਿਤਾਬਾਂ ਨੂੰ ਹਿੱਕ ਨਾਲ ਲਾਉਣ ਦਾ ਸਕੂਨ ਅਤੇ ਕਦੇ ਇਨ੍ਹਾਂ ਦੀ ਸਾਂਝ 'ਚੋਂ ਕੁਝ ਸਾਰਥਕ ਕਰਨ ਦਾ ਉਦਮ। ਮੇਰੇ ਸਰੋਕਾਰਾਂ ਸੰਗ ਸੰਵਾਦ ਨੇ ਕਿਤਾਬਾਂ। ਕਿਤਾਬਾਂ ਮੇਰਾ ਹਾਸਲ। ਮੇਰੀਆਂ ਸਭ ਤੋਂ ਪਿਆਰੀਆਂ ਦੋਸਤ ਅਤੇ ਇਨ੍ਹਾਂ ਦੀ ਪਨਾਹ ਵਿਚ ਗਮਾਂ ਤੋਂ ਰਾਹਤ।

ਜਦ ਵੀ ਦੁਨੀਆਂ ਤੋਂ ਰੁਖਸਤਗੀ ਦਾ ਖਿਆਲ ਮਨ ਵਿਚ ਆਉਂਦਾ ਏ ਤਾਂ ਮੇਰੇ ਦੀਦਿਆਂ ਮੂਹਰੇ ਕਿਤਾਬਾਂ ਦੇ ਹਰਫ ਹਾਜਰੀ ਭਰਦੇ। ਚੰਗਾ ਲੱਗਦਾ ਇਨ੍ਹਾਂ ਸ਼ਬਦਾਂ ਦੀ ਅਕੀਦਤ ਵਿਚ ਆਪਣੇ ਆਪ ਨਾਲ ਸੰਵਾਦ ਰਚਾਉਣਾ ਅਤੇ ਇਸ ਸੰਵਾਦ ਨੂੰ ਆਪਣੇ ਅੰਤਰ ਮਨ ਦੀ ਜੂਹੇ ਫੇਰੇ ਪਾਉਣ ਦੀ ਦਾਅਵਤ ਦੇਣਾ।

ਕਦੇ ਕਦੇ ਇਨ੍ਹਾਂ ਹਰਫਾਂ ਦੇ ਮੱਥਿਆਂ ਵਿਚ ਧਰੇ ਹੋਏ ਚਿਰਾਗਾਂ ਦੀ ਲੋਅ ਵਿਚ ਹਟਕੋਰੇ ਉਗ ਪੈਂਦੇ ਅਤੇ ਮੇਰੀ ਆਤਮਾ ਸਿਸਕ ਕੇ ਰਹਿ ਜਾਂਦੀ ਕਿ ਇਹ ਹਰਫ ਕਿਉਂ ਰੋਂਦੇ ਨੇ। ਮੈਂ ਇਨ੍ਹਾਂ ਨੂੰ ਪੁਚਕਾਰਦਾ ਅਤੇ ਹੌਲੀ ਹੌਲੀ ਇਹ ਹਰਫ ਆਪਣੇ ਦਿਲ ਦੀ ਵੇਦਨਾ ਮੇਰੇ ਨਾਲ ਸਾਂਝੀ ਕਰਦੇ। ਵੇਦਨਾ ਜਿਹੜੀ ਕਦੇ ਕਦੇ ਮੇਰੇ ਮਨ ਵਿਚ ਵੀ ਉਗਮਦੀ ਪਰ ਮੈਂ ਇਸ ਨੂੰ ਦਬਾਅ ਦਿੰਦਾ। ਇਸ ਵੇਦਨਾ ਦਾ ਮੈਨੂੰ ਵੀ ਅਹਿਸਾਸ ਏ ਅਤੇ ਹਰ ਸੰਵੇਦਨਸ਼ੀਲ ਵਿਅਕਤੀ ਦੀ ਮਾਨਸਿਕ ਨੁੱਕਰੇ ਅਜਿਹੇ ਅਹਿਸਾਸ ਸਿਰਫ ਧੁੱਖਣ ਜੋਗੇ ਹੀ ਰਹਿ ਗਏ ਨੇ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਹਰਫਾਂ ਨੇ ਹੀ ਮੇਰੀ ਵੇਦਨਾ ਨੂੰ ਜ਼ੁਬਾਨ ਦਿਤੀ ਏ ਜੋ ਅਕਸਰ ਮੇਰੀ ਕਲਮ ਦੀ ਬੀਹੀ ਫੇਰਾ ਪਾਉਣ ਤੋਂ ਕਦੇ ਵੀ ਗੁਰੇਜ਼ ਨਹੀਂ ਕਰਦੀ।

ਮੇਰੀ ਗੈਰਹਾਜ਼ਰੀ ਵਿਚ ਇਨ੍ਹਾਂ ਹਰਫਾਂ 'ਤੇ ਪਈ ਗਰਦ ਦੀ ਮੋਟੀ ਪਰਤ ਬੜਾ ਕੁਝ ਮੇਰੀ ਸੋਚ ਦੇ ਹਵਾਲੇ ਕਰ ਆਪ ਸੁਰਖਰੂ ਹੋਣ ਦਾ ਭਰਮ ਪਾਲਦੀ ਏ ਪਰ ਮੇਰੀਆਂ ਕਿਤਾਬਾਂ 'ਤੇ ਜੰਮੀ ਗਰਦ ਦਾ ਆਪਣੇ ਦਰਦ ਨੂੰ ਇਜ਼ਹਾਰ ਕਰਨ ਦਾ ਵਿਲੱਖਣ ਅੰਦਾਜ਼ ਏ।

ਕਈ ਪ੍ਰਸ਼ਨ ਮੇਰੇ ਮਨ ਵਿਚ ਉਗਮਦੇ ਨੇ। ਕੀ ਮੇਰੀਆਂ ਕਿਤਾਬਾਂ ਨੂੰ ਮੇਰੀ ਅਣਹੋਂਦ ਵਿਚ ਸਿਰਫ ਇਕੱਲ ਅਤੇ ਗਰਦ ਦਾ ਹੀ ਸਾਥ ਨਸੀਬ ਹੋਵੇਗਾ? ਕੀ ਕਿਤਾਬਾਂ ਵਿਚਲੇ ਹਰਫ ਸਿਸਕੀਆਂ ਦੀ ਅਉਧ ਹੰਢਾਉਣ ਲਈ ਮਜਬੂਰ ਹੋ ਜਾਣਗੇ? ਕੀ ਕਿਤਾਬਾਂ ਦੀ ਹਿੱਕ ਵਿਚ ਡੂੰਘੀ ਲਹਿ ਚੁਕੀ ਸਲ੍ਹਾਬ ਵਰਕਿਆਂ ਨੂੰ ਸਦੀਵੀ ਜ਼ਰਜ਼ਰਾ ਕਰਕੇ ਇਨ੍ਹਾਂ ਦੀ ਹੋਂਦ ਨੂੰ ਸਦਾ ਲਈ ਖੋਰ ਦੇਵੇਗੀ? ਕੀ ਇਨ੍ਹਾਂ ਹਰਫਾਂ ਵਿਚ ਜਗਦੇ ਚਿਰਾਗ ਦੀ ਰੌਸ਼ਨੀ ਨੂੰ ਘਰ ਵਿਚ ਪਸਰੇ ਹਨੇਰੇ ਜਜ਼ਬ ਕਰ ਜਾਣਗੇ? ਕੀ ਇਨ੍ਹਾਂ ਵਿਚ ਸਮੋਈ ਜੀਵਨ-ਜਾਚ ਸਿਰਫ ਕਬਰਾਂ ਦੀ ਜੂਨ ਹੰਢਾਉਣ ਤੱਕ ਹੀ ਸੀਮਤ ਹੋ ਜਾਵੇਗੀ? ਕੀ ਇਨ੍ਹਾਂ ਕਿਤਾਬਾਂ ਦੀ ਰੂਹ ਵਿਚ ਵਗਦੀ ਗਿਆਨ-ਗੰਗਾ ਫੌਤ ਹੋ ਸੁੱਕ ਕੇ ਬਰੇਤਿਆਂ ਵਰਗੀ ਆਖਰੀ ਅਲਵਿਦਾ ਬਣ ਜਾਵੇਗੀ? ਕੀ ਇਨ੍ਹਾਂ ਵਿਚ ਉਕਰੀਆਂ ਜੀਵਨ ਦੀਆਂ ਕਦਰਾਂ-ਕੀਮਤਾਂ ਦੇ ਰਚਨਹਾਰੇ ਆਪਣੀ ਹੋਣੀ 'ਤੇ ਝੂਰਨ ਤੋਂ ਬਗੈਰ ਕੁਝ ਵੀ ਕਹਿਣ ਤੋਂ ਆਕੀ ਹੋ ਜਾਣਗੇ? ਕੀ ਇਨ੍ਹਾਂ ਕਿਤਾਬਾਂ ਦੀ ਆਤਮਾ ਵਿਚ ਸੂਰਜੀ ਤਪਸ਼ ਨੂੰ ਮਨੁੱਖੀ ਮਨ ਦੀ ਸਰਦ ਕਠੋਰਤਾ ਸਦਾ ਲਈ ਯਖ ਬਣਾ ਦੇਵੇਗੀ ਅਤੇ ਅਸੀਂ ਸਿਰਫ ਆਪਣਾ ਮਰਸੀਆ ਖੁਦ-ਬ-ਖੁਦ ਪੜ੍ਹਨ ਜੋਗੇ ਹੀ ਰਹਿ ਜਾਵਾਂਗੇ?

ਪ੍ਰਸ਼ਨਾਂ ਦਾ ਇਕ ਜੰਗਲ ਮੇਰੇ ਮਸਤਕ ਦੀ ਕਰਮਭੂਮੀ ਅਤੇ ਇਨ੍ਹਾਂ ਦੇ ਹੱਲ ਵਿਚ ਉਲਝ ਕੇ ਰਹਿ ਗਈ ਅਜੋਕੇ ਮਨੁੱਖ ਦੀ ਅਦਨੀ ਸੋਚ। ਇਹ ਪ੍ਰਸ਼ਨ ਸਿਰਫ ਮੇਰੇ ਨਹੀਂ, ਤੁਹਾਡੇ ਵੀ ਨੇ, ਸਾਡੇ ਸਭ ਦੇ ਨੇ। ਪਰ ਥੋੜ੍ਹੇ ਲੋਕ ਹੀ ਇਨ੍ਹਾਂ ਨੂੰ ਮੁਖਾਤਬ ਹੁੰਦੇ ਨੇ ਕਿਉਂਕਿ ਮਕਾਨਕੀ ਮਨੁੱਖ ਦੀ ਕਰਮਯੋਗਤਾ ਵਿਚੋਂ ਕਾਫੂਰ ਹੋ ਚੁਕੀ ਏ ਸੰਵੇਦਨਾ ਅਤੇ ਮਰ ਗਈ ਸੰਵੇਦਨਾ ਵਾਲੇ ਲੋਕ ਸਿਰਫ ਇਕ ਲਾਸ਼ ਹੋਇਆ ਕਰਦੇ ਨੇ।

***ਮੇਰੀਆਂ ਕਿਤਾਬਾਂ ਕਦੇ ਕਦੇ ਮੇਰੇ ਗੋਡੇ ਮੁੱਢ ਬਹਿ ਮੇਰੇ ਨਾਲ ਦੁੱਖ-ਸੁੱਖ ਸਾਂਝਾ ਕਰਦੀਆਂ, ਐ ਲੋਕਾ! ਕੀ ਤੇਰੇ ਤੁਰ ਜਾਣ ਤੋਂ ਬਾਅਦ ਵੀ ਕੋਈ ਸਾਡੀ ਗਰਦ ਝਾੜੇਗਾ? ਕੋਈ ਸਾਡੇ ਪੰਨਿਆਂ ਨੂੰ ਫਰੋਲੇਗਾ? ਕਿਸੇ ਦੀ ਸੰਵੇਦਨਾ ਵਿਚ ਸਾਡੇ ਪ੍ਰਤੀ ਮੋਹ ਉਪਜੇਗਾ? ਕਿਸੇ ਦੀ ਚੇਤਨਾ ਵਿਚ ਸਾਡੇ ਨਾਲ ਲਗਾਓ ਦੀ ਕਰੂੰਬਲ ਫੁਟੇਗੀ? ਕਿਸੇ ਦੀ ਸੂਖਮ ਸੋਚ ਦਾ ਅਸੀਂ ਹਿੱਸਾ ਬਣ ਸਕਾਂਗੀਆਂ? ਕਿਸੇ ਦੇ ਭਾਵਾਂ ਵਿਚ ਉਤੇਜਨਾ ਪੈਦਾ ਕਰ ਸਕਾਂਗੀਆਂ? ਕਿਸੇ ਦੀ ਆਸ ਦੇ ਪੁੰਗਾਰੇ ਦਾ ਸਬੱਬ ਬਣਨ ਦੀ ਸਾਡੀ ਲੋਚਾ ਪੂਰੀ ਹੋਵੇਗੀ? ਕੀ ਅਸੀਂ ਵੀ ਕਿਸੇ ਦਾ ਸੁਪਨਾ ਬਣਾਂਗੀਆਂ ਅਤੇ ਫਿਰ ਸੁਪਨੇ ਦੀ ਪੂਰਤੀ ਦਾ ਸਫਰ ਅਰੰਭ ਕਰ ਸਕਾਂਗੀਆਂ? ਕੀ ਸਾਡੇ ਹਿੱਕ ਵਿਚ ਖੁਣੇ ਹਰਫ ਸਿਸਕੀਆਂ ਦੀ ਜੂਨ ਹੰਢਾਉਣ ਜੋਗੇ ਹੀ ਰਹਿ ਜਾਣਗੇ?***

ਹਰਫਾਂ ਵਿਚ ਸਮੋਈ ਵੇਦਨਾ ਮੇਰਾ ਹਾਸਲ। ਮੇਰੇ ਮਸਤਕ ਵਿਚ ਜਗਦਾ ਚਿਰਾਗ। ਮੇਰੇ ਦੀਦਿਆਂ ਦੀ ਲੋਅ। ਮੇਰੇ ਰਾਹਾਂ ਵਿਚ ਪਸਰਿਆ ਚਾਨਣ ਅਤੇ ਇਸ ਚਾਨਣ ਵਿਚ ਰੌਸ਼ਨ ਰੌਸ਼ਨ ਹੋਈਆਂ ਪੈੜਾਂ ਅਤੇ ਜਾਗਦੇ ਰਾਹਾਂ ਵਾਲੇ ਲੋਕ ਹੀ ਮੰਜ਼ਿਲ ਦਾ ਹਾਸਲ ਬਣਦੇ। ਆਪਣੀ ਸੋਚ ਵਿਚ ਟੀਚਿਆਂ ਦਾ ਸਿਰਨਾਵਾਂ ਖੁਣਨ ਵਾਲੇ ਲੋਕ ਹੀ ਵਕਤ ਦਾ ਹਾਸਲ ਅਤੇ ਤਹਿਜ਼ੀਬ ਉਨ੍ਹਾਂ ਦੇ ਸਦਕੇ ਅਤੇ ਵਾਰੇ ਜਾਂਦੀ।

ਕੁਝ ਲੋਕ ਕਿਤਾਬਾਂ ਦਾ ਹਾਸਲ ਪਰ ਕੁਝ ਕਿਤਾਬਾਂ ਲੋਕਾਂ ਦੀਆਂ ਰਿਣੀ। ਉਨ੍ਹਾਂ ਕਲਮਕਾਰਾਂ ਦੀਆਂ ਤਹਿ ਦਿਲੋਂ ਸ਼ੁਕਰਗੁਜ਼ਾਰ ਕਿ ਉਨ੍ਹਾਂ ਦੀ ਕਲਮ ਨੂੰ ਇਹ ਤੌਫੀਕ ਹਾਸਲ ਹੋਈ ਕਿ ਜਿਉਂਦੇ ਜਾਗਦੇ ਹਰਫ ਵਕਤ ਦੇ ਸਫੇ ਦੀ ਅਮਾਨਤ ਅਤੇ ਇਨ੍ਹਾਂ ਵਿਚ ਸਮੋਇਆ ਸਮਿਆਂ ਦਾ ਸਦੀਵੀ ਸੱਚ।

ਮੇਰੀਆਂ ਕਿਤਾਬਾਂ ਕਦੇ ਕਦੇ ਮੇਰੇ ਗੋਡੇ ਮੁੱਢ ਬਹਿ ਮੇਰੇ ਨਾਲ ਦੁੱਖ-ਸੁੱਖ ਸਾਂਝਾ ਕਰਦੀਆਂ, ਐ ਲੋਕਾ! ਕੀ ਤੇਰੇ ਤੁਰ ਜਾਣ ਤੋਂ ਬਾਅਦ ਵੀ ਕੋਈ ਸਾਡੀ ਗਰਦ ਝਾੜੇਗਾ? ਕੋਈ ਸਾਡੇ ਪੰਨਿਆਂ ਨੂੰ ਫਰੋਲੇਗਾ? ਕਿਸੇ ਦੀ ਸੰਵੇਦਨਾ ਵਿਚ ਸਾਡੇ ਪ੍ਰਤੀ ਮੋਹ ਉਪਜੇਗਾ? ਕਿਸੇ ਦੀ ਚੇਤਨਾ ਵਿਚ ਸਾਡੇ ਨਾਲ ਲਗਾਓ ਦੀ ਕਰੂੰਬਲ ਫੁਟੇਗੀ? ਕਿਸੇ ਦੀ ਸੂਖਮ ਸੋਚ ਦਾ ਅਸੀਂ ਹਿੱਸਾ ਬਣ ਸਕਾਂਗੀਆਂ? ਕਿਸੇ ਦੇ ਭਾਵਾਂ ਵਿਚ ਉਤੇਜਨਾ ਪੈਦਾ ਕਰ ਸਕਾਂਗੀਆਂ? ਕਿਸੇ ਦੀ ਆਸ ਦੇ ਪੁੰਗਾਰੇ ਦਾ ਸਬੱਬ ਬਣਨ ਦੀ ਸਾਡੀ ਲੋਚਾ ਪੂਰੀ ਹੋਵੇਗੀ? ਕੀ ਅਸੀਂ ਵੀ ਕਿਸੇ ਦਾ ਸੁਪਨਾ ਬਣਾਂਗੀਆਂ ਅਤੇ ਫਿਰ ਸੁਪਨੇ ਦੀ ਪੂਰਤੀ ਦਾ ਸਫਰ ਅਰੰਭ ਕਰ ਸਕਾਂਗੀਆਂ? ਕੀ ਸਾਡੇ ਹਿੱਕ ਵਿਚ ਖੁਣੇ ਹਰਫ ਸਿਸਕੀਆਂ ਦੀ ਜੂਨ ਹੰਢਾਉਣ ਜੋਗੇ ਹੀ ਰਹਿ ਜਾਣਗੇ? ਕੀ ਇਨ੍ਹਾਂ ਹਰਫਾਂ ਵਿਚ ਜਗਦੇ ਦੀਵਿਆਂ ਨੂੰ ਹਟਕੋਰਿਆ ਦੀ ਜੂਨ ਦਾ ਸਦੀਵੀ ਸੰਤਾਪ ਮਿਲਿਆ ਰਹੇਗਾ? ਕੀ ਸਮਿਆਂ ਦੀ ਦੇਹਲੀ 'ਤੇ ਉਗ ਰਹੀ ਹਰਫਾਂ ਦੀ ਚੋਗ ਨੂੰ ਚਰਨ ਦਾ ਕਿਸੇ ਨੂੰ ਸ਼ਰਫ ਹਾਸਲ ਨਹੀਂ ਹੋਵੇਗਾ? ਕੀ ਅਸੀਂ ਅਣਆਈ ਮੌਤ ਦਾ ਮਾਤਮ ਬਣ ਕੇ ਰਹਿ ਜਾਵਾਂਗੀਆਂ? ਕੀ ਨਵੀਆਂ ਨਸਲਾਂ ਦੀ ਸੋਚ ਵਿਚ ਹਰਫ-ਮੋਹ ਦੀ ਧਰਾਤਲ ਸਦੀਵੀ ਖੁਰ ਜਾਵੇਗੀ? ਕੀ ਹਰਫਾਂ ਦੀ ਮੌਲਣ ਰੁੱਤ ਵਿਧਵਾ ਹੋ ਜਾਵੇਗੀ?

ਇਹ ਪ੍ਰਸ਼ਨ ਮੇਰੇ ਲਈ ਗੰਭੀਰ ਚੁਣੌਤੀ। ਮੇਰੇ ਸਕੂਨ ਵਿਚ ਭੁਚਾਲ। ਮੇਰੇ ਸਮਿਆਂ ਦੀ ਜੀਵਨ-ਸ਼ੈਲੀ ਦਾ ਟੁੱਟਦਾ ਭਰਮ। ਮੇਰੀਆਂ ਸੋਚਾਂ ਵਿਚ ਪਨਪਦੇ ਮਸਨੂਈ ਸੱਚ ਦਾ ਲੀਰੋ ਲੀਰ ਮੁਖੌਟਾ ਅਤੇ ਇਸ 'ਚੋਂ ਝਾਕਦੀ ਕੋਝੇ ਸਮਿਆਂ ਦੀ ਤਵਾਰੀਖ। ਕੀ ਅਸੀਂ ਇਸ ਸੱਚ ਦਾ ਹੌਕਾ ਸੁਣਨ ਲਈ ਰਹਿਣਾ ਸੀ? ਕੀ ਸਾਡੇ ਹੀ ਸਿਰਾਂ 'ਤੇ ਮੌਤ ਦਾ ਸਾਇਆ ਰਹਿਣਾ ਸੀ? ਕੀ ਭਰਮ-ਜਾਲ ਦੇ ਤਾਣੇ ਵਿਚ ਉਲਝਿਆ ਅਜੋਕਾ ਮਨੁੱਖ ਆਪਣੇ ਨੜੋਏ ਦਾ ਵਾਹਕ ਬਣਨ ਜੋਗਾ ਹੀ ਰਹਿ ਗਿਆ ਏ? ਪ੍ਰਸ਼ਨਾਂ ਵਿਚ ਇਕ ਪ੍ਰਸ਼ਨ ਬਣ ਕੇ ਰਹਿ ਗਈ ਮਨੁੱਖ ਦੀ ਹੋਣੀ, ਸਾਡਾ ਨਸੀਬ। ਸਕੂਨ ਦਾ ਸਿਵਾ ਸੇਕ ਰਿਹਾ ਆਦਮ ਅਤੇ ਇਸ ਸੇਕ ਵਿਚ ਰਾਖ ਹੋ ਰਹੀਆਂ ਮਨੁੱਖੀ ਭਾਵਨਾਵਾਂ ਤੇ ਸੰਵੇਦਨਾਵਾਂ। ਅਹਿਸਾਸਾਂ ਦੀ ਕਬਰ ਪੁੱਟ ਰਿਹਾ ਵਿਅਕਤੀ ਇਸ ਗੱਲੋਂ ਅਣਜਾਣ ਕਿ ਆਪਣੀ ਕਬਰ ਪੁੱਟਣ ਦੀ ਮਸ਼ਰੂਫੀਅਤ, ਵੈਣਾਂ ਦੀ ਸੋਗਵਾਰ ਤਰਬੀਅਤ ਹੁੰਦੀ ਏ।

ਯਾਦ ਰੱਖੋ, ਹਰਫ ਕਦੇ ਗੂੰਗਾ ਨਹੀਂ ਹੁੰਦਾ। ਕਦੇ ਹਰਫ ਹੂਕ, ਕਦੇ ਹੁੰਗਾਰਾ। ਕਦੇ ਹਰਫ ਵੇਦਨਾ, ਕਦੇ ਵਿਚਾਰਾ। ਕਦੇ ਹਰਫ ਲੋਚਾ, ਕਦੇ ਦਰਦ ਕੁੰਵਾਰਾ। ਕਦੇ ਹਰਫ ਹਉਕਾ, ਕਦੇ ਸਾਹ-ਸੰਧਾਰਾ। ਕਦੇ ਹਰਫ ਪੀੜਾ, ਕਦੇ ਮਰ੍ਹਮ ਦਾ ਲਾਰਾ। ਕਦੇ ਹਰਫ ਸਹਿਜ, ਕਦੇ ਚੀਖ-ਪਟਾਰਾ। ਕਦੇ ਹਰਫ ਡੂੰਘੀ ਚੁੱਪ, ਕਦੇ ਬੋਲਾਂ ਦਾ ਇਕਤਾਰਾ। ਕਦੇ ਹਰਫ ਹਨੇਰਿਆਂ ਦੀ ਬੇਲਾ, ਕਦੇ ਉਜਿਆਰਾ। ਕਦੇ ਝੂਠ ਦਾ ਹੋਕਾ, ਕਦੇ ਸੱਚ-ਨਿਤਾਰਾ।

ਬੜਾ ਔਖਾ ਹੁੰਦਾ ਏ ਹਰਫ ਹਰਫ ਹੋ ਕੇ ਜਿਉਣਾ ਅਤੇ ਲੰਗਾਰ ਹੋਏ ਆਪੇ ਨੂੰ ਦਰਦ ਤਰੋਪਿਆਂ ਸੰਗ ਸਿਉਣਾ। ਹਰਫ ਬਣ ਕੇ ਜਿਉਂਦਾ ਮਨੁੱਖ ਜਦ ਵਰਕਿਆਂ ਦੀ ਅਉਧ ਹੰਢਾਉਣ ਲਈ ਮਜਬੂਰ ਹੋ ਜਾਵੇ ਤਾਂ ਕਿਤਾਬ ਦੇ ਹਰ ਵਰਕੇ 'ਤੇ ਅੱਥਰੂਆਂ ਦੀ ਨੈਂ ਵਗਦੀ ਏ। ਇਸ ਦਾ ਹਰ ਪੰਨਾ ਸਿਸਕੀਆਂ ਦੀ ਆਧਾਰ-ਸ਼ਿਲਾ। ਹਰਫਾਂ ਦੇ ਅਰਥਾਂ ਨੂੰ ਪੁਰਜਾ ਪੁਰਜਾ ਹੋ ਕੇ ਕੱਟ ਮਰਨ ਦਾ ਸਰਾਪ। ਜੇ ਕਦੇ ਹਰਫਾਂ ਦੀ ਹਿੱਕ ਵਿਚ ਉਗਦੇ ਸੂਰਜ, ਕਿਸੇ ਸਮੇਂ ਦਾ ਹਾਸਲ ਬਣ ਜਾਣ ਤਾਂ ਧੁਆਂਖੀਆਂ ਪੈੜਾਂ ਵਿਚ ਦੀਵਿਆਂ ਦੀ ਡਾਰ ਜਨਮ ਲੈਂਦੀ ਏ।




ਬੰਦ ਅਲਮਾਰੀਆਂ ਵਿਚ ਪਈਆਂ ਕਿਤਾਬਾਂ ਨੂੰ ਹੇਰਵਾ ਏ ਕਿ ਮਨੁੱਖ ਕਦੇ ਵੀ ਨਹੀਂ ਜਾਗਦਾ? ਕੀ ਖੁੱਲ੍ਹੀਆਂ ਅੱਖਾਂ ਵਿਚ ਸੁੱਤ-ਉਨੀਂਦਰੀ ਉਮਰ ਦਾ ਨਾਮ ਹੀ ਮਨੁੱਖ ਏ? ਕੀ ਉਸ ਨੂੰ ਸਾਡੇ ਨਾਲ ਕੋਈ ਸਰੋਕਾਰ ਨਹੀਂ ਰਹਿ ਗਿਆ? ਉਸ ਦੇ ਮਸਤਕ ਵਿਚੋਂ ਚਾਨਣ ਦੀ ਕੋਈ ਵੀ ਕਾਤਰ ਨਿਕਲਣ ਲਈ ਕਿਉਂ ਤਰਲੋਮੱਛੀ ਨਹੀਂ ਹੁੰਦੀ? ਕੀ ਸਾਡੇ ਵਿਚ ਸਦੀਵੀ ਵਗਦੀ ਗਿਆਨ-ਗੰਗਾ 'ਚੋਂ ਚੂਲੀ ਭਰ ਕੇ ਪੀਣ ਲਈ ਇਹ ਅਜੋਕਾ ਮਨੁੱਖ ਨਹੀਂ ਅਹੁਲਦਾ? ਕੀ ਹੋ ਗਿਆ ਏ ਇਸ ਮਨੁੱਖ ਨੂੰ ਅਤੇ ਕਿਸ ਤਰ੍ਹਾਂ ਦੀ ਹੋ ਗਈ ਏ ਇਸ ਦੀ ਵਿਚਾਰਧਾਰਾ? ਕੀ ਨਿਜੀ ਮੁਫਾਦ ਦੀ ਚੱਕੀ ਵਿਚ ਪਿਸ ਕੇ ਰਹਿ ਜਾਵੇਗਾ ਇਹ ਆਦਮ ਜਾਇਆ?

ਮੇਰੀ ਸ਼ੈਲਫ 'ਤੇ ਪਈਆਂ ਕਿਤਾਬਾਂ ਵਿਚੋਂ ਉਡਦੀ ਧੂੜ ਕਦੇ ਅੱਖਾਂ ਵਿਚ ਪੈਂਦੀ ਰੜਕ ਪੈਦਾ ਕਰਦੀ ਏ। ਇਸ ਰੜਕ ਨਾਲ ਕਈ ਕੁਝ ਮੇਰੀ ਅੰਤਰ-ਆਤਮਾ ਵਿਚ ਉਗਮਦਾ ਅਤੇ ਮੈਂ ਉਸ ਨੂੰ ਦਬਾਉਣ ਦੇ ਆਹਰ ਵਿਚ ਆਪਣੇ ਆਪੇ ਨਾਲ ਹੀ ਉਲਝ ਕੇ ਰਹਿ ਜਾਂਦਾ। ਮੈਂ ਆਪਣੇ ਆਪ ਦੇ ਰੂਬਰੂ ਹੋਣ ਤੋਂ ਤ੍ਰਹਿੰਦਾ। ਮੁਖੌਟਾਧਾਰੀ ਮਨੁੱਖ, ਸੱਚ ਦਾ ਸਾਹਮਣਾ ਕਿੰਜ ਕਰੇ ਅਤੇ ਹਰ ਪਲ ਵਾਰ ਵਾਰ ਮਰੇ। ਮਰਨ-ਰੁੱਤ ਦਾ ਆੜੀ ਬਣ ਕੇ ਜਿਉਂਦੇ ਵਿਅਕਤੀ ਸਮਿਆਂ ਦਾ ਕੋਝਾ ਮਖੌਲ।

ਕੌਣ ਤਰੇ ਇਨ੍ਹਾਂ ਹਰਫਾਂ ਦੀ ਮੂਕ ਵੇਦਨਾ ਦਾ ਸਾਗਰ? ਕੌਣ ਇਸ ਵਿਚੋਂ ਉਠਦੀਆਂ ਤੂਫਾਨੀ ਲਹਿਰਾਂ ਨੂੰ ਸਹਿਲਾਵੇ? ਕੌਣ ਇਸ ਦੇ ਦਰਦੀਲੇ ਨਗਮਿਆਂ ਨੂੰ ਆਪਣੇ ਬੁੱਲਾਂ ਨਾਲ ਛੁਹਾਵੇ ਅਤੇ ਕੌਣ ਇਕ ਪਾਗਲ ਕੁਰਾਹੀਆਂ ਕਹਾਵੇ?

ਉਮਰ ਕੈਦ ਹੰਢਾਉਂਦੇ ਹਰਫ ਹੌਲੀ ਹੌਲੀ ਆਪਣੇ ਮਰਨਾਊ ਸਾਹਾਂ ਦਾ ਸਫਰ ਕਰ ਜਾਣਗੇ ਪੂਰਾ। ਇਸ ਦੇ ਅਰਥ ਦੀਆਂ ਪਲਕਾਂ ਨੂੰ ਕੋਈ ਸਹਿਜੇ ਜਿਹੇ ਕਰ ਦੇਵੇਗਾ ਬੰਦ। ਇਸ ਦੇ ਜ਼ਰਜ਼ਰੇ ਵਰਕਿਆਂ ਨੂੰ ਉਡਾ ਕੇ ਲੈ ਜਾਵੇਗੀ ਖਰੂਦੀ ਪੌਣ। ਇਸ ਦੀ ਜਿਲਦ ਦਾ ਬਣ ਜਾਵੇਗਾ ਕਿਤਾਬ ਦੀਆਂ ਅਸਥੀਆਂ ਪਾਉਣ ਲਈ ਬੰਦ ਡੱਬਾ। ਇਸ ਦੀ ਇਬਾਦਤ ਦੇ ਦੀਦਿਆਂ ਵਿਚ ਉਤਰ ਆਵੇਗਾ ਖਾਰਾ ਪਾਣੀ ਅਤੇ ਖਾਰੇ ਪਾਣੀਆਂ ਸੰਗ ਵਹਿ ਜਾਵੇਗਾ ਕਿਤਾਬ ਵਿਚ ਰੀਝਾਂ ਨਾਲ ਪਾਲੇ ਹੋਏ ਹਰਫਾਂ ਦੀ ਸਦੀਵੀ ਹੋਂਦ ਦਾ ਖਿਆਲ।

ਹਰਫਾਂ ਨੂੰ ਸੂਲੀ 'ਤੇ ਚਾੜ੍ਹਨ ਵਾਲੇ ਜੱਲਾਦ ਹੀ ਪੜ੍ਹਦੇ ਨੇ ਭਲੇ ਵਕਤਾਂ ਦਾ ਕਲਮਾ। ਸੂਹੇ ਸੂਰਜਾਂ ਦੀ ਮੌਤ 'ਤੇ ਹਰ ਤਾਰੇ ਦੀ ਅੱਖ ਜਦ ਨਮ ਹੋ ਜਾਵੇ ਤਾਂ ਅੰਬਰ ਵੀ ਸਲ੍ਹਾਬਿਆ ਜਾਂਦਾ ਏ। ਹਾੜਾ ਈ! ਅੱਜ ਅੰਬਰ ਦੀ ਹਰ ਨੁੱਕਰ ਵਿਚ ਵਾਸ਼ਪਕਣਾਂ ਦੀ ਬਹੁਤਾਤ ਏ ਅਤੇ ਜੇ ਅਸੀਂ ਕੋਈ ਹੀਲਾ ਨਾ ਕਰ ਸਕੇ ਤਾਂ ਅੰਬਰ ਨੂੰ ਸਦੀਵੀ ਸਲ੍ਹਾਬੇ ਜਾਣ ਤੋਂ ਕੋਈ ਨਹੀਂ ਰੋਕ ਸਕੇਗਾ ਅਤੇ ਇਹ ਸਲ੍ਹਾਬਿਆ ਅੰਬਰ ਧਰਤ ਦੀ ਹਰ ਵਸਤ 'ਤੇ ਸਲ੍ਹਾਬ ਏਨੀ ਡੂੰਘੀ ਲਹਿ ਜਾਵੇਗੀ ਕਿ ਫਿਰ ਕਈ ਸਦੀਆਂ ਦੇ ਸੂਰਜਾਂ ਕੋਲੋਂ ਵੀ ਨਹੀਂ ਉਤਰਨੀ।

ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਹਰਫਾਂ ਦੀ ਦੁਨੀਆਂ ਵੱਲ ਮੋੜ ਲਿਆਵੋ। ਇਨ੍ਹਾਂ ਦੀ ਮਾਸੂਮ ਅਤੇ ਸ਼ਫਾਫ ਸੋਚ ਦੀ ਬੀਹੀ ਵਿਚ ਚਾਨਣ-ਚਿਰਾਗ ਜਗਾਵੋ। ਇਨ੍ਹਾਂ ਦੀ ਚੇਤਨਾ ਵਿਚ ਸੰਵੇਦਨਾ ਦਾ ਜਾਗ ਲਾਵੋ ਅਤੇ ਮਨੁੱਖ ਅਤੇ ਕੁਦਰਤ ਦੀ ਸਦੀਵੀ ਹੋਂਦ ਲਈ ਕੁਝ ਕਰਨ ਦਾ ਚਾਅ ਇਨ੍ਹਾਂ ਦੀ ਸੋਚ 'ਚ ਉਪਜਾਵੋ। ਸਾਡੀਆਂ ਆਉਣ ਵਾਲੀਆਂ ਨਸਲਾਂ ਸਾਡਾ ਭਵਿੱਖ। ਪਰ ਭਵਿੱਖ 'ਤੇ ਹੋ ਰਹੀ ਗੜ੍ਹੇਮਾਰੀ 'ਤੇ ਕੋਈ ਵੀ ਅੱਖ ਪਸੀਜਦੀ ਨਹੀਂ ਅਤੇ ਨਾ ਹੀ ਕਿਸੇ ਦੀ ਕਲਮ 'ਚ ਦਰਦ ਦੀ ਥਾਹ ਪਾ ਕੇ ਇਸ ਨੂੰ ਦੂਰ ਕਰਨ ਦਾ ਹੀਆ ਪਨਪਦਾ ਏ।

ਹਰਫਾਂ ਦੇ ਰੋਂਦੇ ਨੈਣਾਂ ਦੀ ਕਸਮ! ਇਸ ਦੀ ਚਿਰੰਜੀਵਤਾ ਲਈ ਕੁਝ ਉਪਰਾਲੇ ਕਰੀਏ ਅਤੇ ਕਿਤਾਬਾਂ ਦੀ ਕਿਰ ਰਹੀ ਅਉਧ ਦੀ ਝੋਲੀ ਕੁਝ ਕੁ ਸੁਖਨ ਪਲਾਂ ਦਾ ਸੰਧਾਰਾ ਧਰੀਏ।

## ਕਾਵਿ-ਜਗਤ

### ਰਿਸ਼ਤੇ ਮਤਲਬ ਦੇ

ਰਿਸ਼ਤੇ ਵੀ ਮਤਲਬ ਦੇ ਰਹਿ ਗਏ
ਕਿੱਥੋਂ ਲੱਭਦੀਆਂ ਮੁਲ੍ਹਾਜ਼ੇਦਾਰੀਆਂ ਨੇ।
ਫੁੱਲ ਖਿੜੇ ਤੱਕ ਹੀ ਰਹਿੰਦੇ ਭੌਰੇ
ਲੰਬੀਆਂ ਫੇਰ ਉਡਾਰੀਆਂ ਨੇ।
ਭੁੱਖੇ, ਨੰਗੇ ਤਾਂ ਸੜਕਾਂ 'ਤੇ ਰੁਲਦੇ
ਸਾਡੀਆਂ ਹੋਰ ਗੱਲਾਂ ਤੇ ਗਰਾਰੀਆਂ ਨੇ।
ਪਿਆਰ ਦਾ ਬੂਟਾ ਪੁੱਟ ਦਿੱਤਾ ਜੜ੍ਹ ਤੋਂ
ਵੱਜਣ ਨਫਰਤ ਦੀਆਂ ਕਿਲਕਾਰੀਆਂ ਨੇ।
ਵਖਤ ਪਏ ਤੋਂ ਕੋਈ ਨਹੀਂ ਖੜ੍ਹਦਾ
ਸਭ ਪੈਸੇ ਦੀਆਂ ਰਿਸ਼ਤੇਦਾਰੀਆਂ ਨੇ।
ਇਨਸਾਨੀਅਤ ਦੀ ਕੋਈ ਕਦਰ ਨਹੀਂ ਕਰਦਾ
ਝੂਠੀਆਂ ਸ਼ੁਹਰਤਾਂ ਹੋਈਆਂ ਪਿਆਰੀਆਂ ਨੇ।
ਅਣਖ, ਇੱਜਤ ਤਾਂ ਰੁਲਦੀ ਫਿਰਦੀ
ਕਾਹਦੀਆਂ ਇਹ ਸਰਦਾਰੀਆਂ ਨੇ।
'ਆਲੀਕੇ' ਬਸ ਇੱਕ ਤੁਰਿਆ ਫਿਰਦਾ
ਕੋਈ ਕੀ ਜਾਣੇ ਪੀੜਾਂ ਕਿੰਜ ਸਹਾਰੀਆਂ ਨੇ।

***-ਬਲਜਿੰਦਰ ਆਲੀਕੇ***
***ਫੋਨ: 91-94645-62678***

---

### ਗੁਲਦਾਉਦੀ

ਧੁੱਪ ਦੇ ਸਾਗਰ 'ਚੋਂ ਜਦ
ਚੂਲੀ ਭਰ ਹੋਠਾਂ 'ਤੇ ਲਾਈ
ਜਲੀ ਹਥੇਲੀ ਹੋਠ ਜਲਾਏ
ਰਹਿ ਗਈ ਤ੍ਰੇਹ ਤਿਰਹਾਈ!
ਜਾਂਦੀ ਜਾਂਦੀ ਧੁੱਪ ਦੀ ਕਾਤਰ
ਜਦ ਮੈਂ ਕੱਟਣੀ ਚਾਹੀ
ਹੱਥ ਮੇਰੇ ਨਾ ਧੁੱਪ ਦੀ ਚੁੰਨੀ
ਨਾ ਸੋਨ ਕਿਨਾਰੀ ਆਈ!

ਸਾਰੀ ਸਾਰੀ ਰਾਤ ਹਨੇਰੇ
ਢੋਂਦਾ ਰਿਹਾ ਬਥੇਰੇ
ਅੱਖ ਕੁਲਹਿਣੀ ਲੱਗੀ ਜਦ
ਨ੍ਹੇਰ ਮੁੱਕਣ ਦੀ ਆਈ!
ਰੈਣ ਬਦਲਿਆ ਸੂਟ ਰਾਤ ਦਾ
ਸੂਰਜ ਬਾਰੀ ਆਇਆ
ਰਹਿ ਗਿਆ ਪੂਰਾ ਹੁੰਦਾ ਸੁਪਨਾ
ਮੋਇਆ ਟੁੱਟ ਕੁਰਲਾਇਆ!

ਕਿਰਚਾਂ ਕਿਰਚਾਂ ਸੁਪਨਾ ਹੋਇਆ
ਕਿਰਚ ਨਾ ਨਜ਼ਰੀਂ ਆਈ
ਦਿਲ ਜ਼ਿਹਨ 'ਚ ਟੁੱਟ ਭੱਜ ਹੋਈ
ਅਵਾਜ਼ ਨਾ ਬਿਲਕੁਲ ਆਈ!

ਦਿਨ ਲਾਜ਼ਮੀ ਰਾਤ ਦੇ ਮਗਰੋਂ
ਪੱਤਝੜ ਬਾਅਦ ਬਹਾਰਾਂ
ਲਟਕਿਆ ਮੈਂ ਬਣ ਕੇ ਤ੍ਰਿਸ਼ੰਕੂ
ਨਾ ਦਿਨ ਨਾ ਹੀ ਬਹਾਰਾਂ!
ਬੋਝ ਪਹਾੜਾਂ ਜੇਡਾ ਸਿਰ 'ਤੇ
ਗੁਲਦਾਉਦੀ ਨਾ ਕੋਈ
ਪਹਾੜਾਂ 'ਤੇ ਹੱਸਦੀ ਗੁਲਦਾਉਦੀ
ਮੇਰੀ ਸਦਾਬਹਾਰੀ ਮੋਈ!

***-ਸਵਰਨ ਸਿੰਘ ਸ਼ਿਮਲਾ***
***ਫੋਨ: 91-94183-92845***

---

### ਯੋਗੀ ਤੇ ਮੁੱਖ ਮੰਤਰੀ

ਪੜ੍ਹੋ ਨਾ ਬਾਈਬਲ ਅਤੇ ਕੁਰਾਨ
ਬਾਬਾ ਦੇਵੇ ਅਜਬ ਬਿਆਨ।
ਯੋਗੀ ਮੁੱਖ ਮੰਤਰੀ ਬਣਿਆ
ਗਊ ਰੱਖਿਆ ਦਾ ਫੁਰਮਾਨ।
ਗਊ ਰੱਖਿਅਕਾਂ ਭੜਥੂ ਪਾਇਆ
ਇਹ ਸਭ ਕਾਸੇ ਤੋਂ ਅਨਜਾਣ।
ਨਾਗਪੁਰੀਏ ਨੇ ਤਖਤ ਬਿਠਾਇਆ
ਉਹੀ ਹੁਣ ਲਾਹਵੇ ਅਹਿਸਾਨ।
ਅੰਨਿਆਂ ਦੇ ਵਿਚ ਕਾਣਾ ਰਾਜਾ
ਮੈਲੀ ਗੰਗਾ ਕਰੇ ਇਸ਼ਨਾਨ।
ਯੋਗਾ ਸਿੱਖਣੋਂ ਬਚ ਜਾ 'ਗਿੱਲਾ'
ਤੇਰੇ ਵੱਲ ਯੋਗੀ ਦਾ ਧਿਆਨ।

***-ਜੁਗਰਾਜ ਗਿੱਲ***
***ਫੋਨ: 704-257-6693***

# ਪੰਜਾਬ ਵਿਚ ਵਿਗੜਦੇ ਸਿੱਖ-ਈਸਾਈ ਸਬੰਧ-2

***ਡਾ. ਹਰਭਜਨ ਸਿੰਘ ਦੇਹਰਾਦੂਨ ਨੇ ਆਪਣੇ ਇਸ ਲੰਮੇ ਲੇਖ ਵਿਚ ਪੰਜਾਬ ਅੰਦਰ ਈਸਾਈਆਂ ਅਤੇ ਸਿੱਖਾਂ ਵਿਚਕਾਰ ਪੈਦਾ ਹੋਏ ਸਬੰਧਾਂ ਦਾ ਜ਼ਿਕਰ ਕਰਦਿਆਂ ਧਾਰਮਿਕ ਅਸਹਿਣਤਸ਼ੀਲਤਾ ਬਾਰੇ ਗੱਲ ਛੋਹੀ ਹੈ। ਇਸ ਵਿਚ ਧਰਮ ਪਰਿਵਰਤਨ ਦਾ ਮੁੱਦਾ ਮੁੱਖ ਰੂਪ ਵਿਚ ਵਿਚਾਰਿਆ ਗਿਆ ਹੈ। ਲੁਧਿਆਣਾ ਸ਼ਹਿਰ ਵਿਚ ਪਾਦਰੀ ਸੁਲਤਾਨ ਮਸੀਹ ਦੇ ਕਤਲ ਦੇ ਪ੍ਰਸੰਗ ਵਿਚ ਇਸ ਲਿਖਤ ਦੀ ਦੂਜੀ ਅਤੇ ਆਖਰੀ ਕਿਸ਼ਤ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ***


ਈਸਾਈ ਮਿਸ਼ਨਰੀਆਂ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ 'ਪਰਮੇਸਰਿ ਦਿਤਾ ਬੰਨਾ' ਸਤਿਗੁਰੂ ਈਸਾ ਵਾਸਤੇ ਲਿਖਿਆ ਗਿਆ ਹੈ, ਕਿਉਂਕਿ ਗੁਰੂ ਨਾਨਕ ਦੇਵ ਈਸਾ ਦੇ ਸੇਵਕ ਸਨ ਅਤੇ ਉਨ੍ਹਾਂ ਕਿਹਾ ਹੈ ਕਿ ਪਰਮੇਸ਼ਰ ਨੇ ਜਗਤ ਦੀ ਕਲਿਆਣ ਵਾਸਤੇ ਆਪਣਾ ਕੁਆਰਾ ਪੁੱਤਰ, ਭਾਵ ਈਸਾ ਭੇਜਿਆ ਹੈ। ਸਿੱਖ ਪੰਥ ਤਾਂ ਗ੍ਰਹਿਸਥ-ਮਾਰਗੀ ਹੈ। ਗੁਰੂ ਜੀ ਕੁਆਰਿਆਂ-ਛੜਿਆਂ ਨੂੰ ਹੀ ਪਰਮੇਸ਼ਰ ਦੇ ਪੁੱਤਰ ਕਹਿਣ, ਇਹ ਕਿਵੇਂ ਹੋ ਸਕਦਾ ਹੈ? ਗੁਰਬਾਣੀ ਦੀ ਇਸ ਪੰਕਤੀ ਵਿਚ ਭਾਵੇਂ 'ਬੰਨਾ' ਦਾ ਅਰਥ ਬੰਨ੍ਹ ਭਾਵ ਬੰਧ ਹੈ, ਪਰ ਬੰਨਾ ਦਾ ਅਰਥ ਵੀ ਕੁਆਰਾ ਪੁੱਤਰ ਨਹੀਂ ਹੁੰਦਾ। 'ਬੰਨਾ' ਦਾ ਅਰਥ ਤਾਂ ਹੈ ਉਹ ਨੌਜਵਾਨ ਜਿਸ ਦਾ ਵਿਆਹ ਰਚਿਆ ਗਿਆ ਹੋਵੇ, ਭਾਵ ਦੁਲਹਾ। ਹੁਣ ਪੈਗੰਬਰ ਈਸਾ ਤਾਂ ਕੁਆਰਾ ਸੀ, ਉਸ ਨੂੰ ਦੁਲਹਾ ਕਹਿਣਾ ਕੀ ਈਸਾਈ ਪ੍ਰਵਾਨ ਕਰ ਲੈਣਗੇ? ਇਕ ਪਾਸੇ ਸਿੱਖ ਗੁਰੂ, ਵਿਆਹ ਕਰਵਾਉਣ ਕਰ ਕੇ ਅਪਵਿਤਰ ਹਨ, ਦੂਜੇ

**ਡਾ. ਹਰਭਜਨ ਸਿੰਘ ਦੇਹਰਾਦੂਨ**
**ਫੋਨ: +91-99971-39539**

ਪਾਸੇ ਈਸਾ ਨੂੰ 'ਦੁਲਹਾ' ਕਹਿਣਾ ਕੀ ਸਿਧਾਂਤ-ਵਿਰੋਧੀ ਨਹੀਂ! ਗੁਰਬਾਣੀ ਤਾਂ ਕਹਿੰਦੀ ਹੈ ਕਿ ਇਹ ਸਭ ਤੋਂ ਵੱਡਾ ਝੂਠ ਹੈ ਕਿ ਕੋਈ ਹੱਡ-ਮਾਸ ਦਾ ਮਨੁੱਖ ਮਾਤਾ-ਪਿਤਾ ਦੇ ਸੰਜੋਗ ਬਿਨਾ ਪੈਦਾ ਹੋ ਸਕਦਾ ਹੈ। ਗੁਰਬਾਣੀ ਦਾ ਕਥਨ ਹੈ:

ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ॥
ਬਿੰਬ ਬਿਨਾ ਕੈਸੇ ਕਪਰੇ ਧੋਈ॥

ਸ੍ਰੀ ਦਸਮ ਗ੍ਰੰਥ ਦੀਆਂ ਪੰਕਤੀਆਂ ਹਨ- ਪ੍ਰਨਿ ਰਾਛਸ ਕਾ ਕਾਟਾ ਸੀਸਾ। ਸ੍ਰੀ ਅਸਿਕੇਤੁ ਜਗਤ ਕੇ ਈਸਾ। ਇਥੇ ਵੀ 'ਈਸਾ' ਦੇ ਅਰਥ ਗ਼ਲਤ ਕਰ ਕੇ ਗੁਰੂ ਸਾਹਿਬਾਨ ਨੂੰ ਯਿਸ਼ੂ ਤੋਂ ਛੋਟੇ ਦਰਸਾਉਣ ਦੀ ਚੇਸ਼ਟਾ ਹੈ। ਇਕ ਈਸਾਈ ਬੀਬੀ ਜਿਸ ਦੀ ਆਡੀਓ ਬਹੁ-ਪ੍ਰਚਲਿਤ ਹੋਈ ਹੈ, ਉਹ ਸਿੱਖ ਗੁਰੂ ਸਾਹਿਬਾਨ ਬਾਰੇ ਕਹਿੰਦੀ ਹੈ ਕਿ ਉਹ ਤਲਵਾਰਾਂ ਚੁੱਕ ਕੇ ਲੜਾਈਆਂ ਕਰਦੇ ਸਨ ਅਤੇ ਆਪ ਵੀ ਲੜਾਈਆਂ ਵਿਚ ਕੱਟੇ-ਵੱਢੇ ਗਏ; ਉਸ ਦਾ ਭਾਵ ਹੈ ਕਿ ਈਸਾ ਨੇ ਲੜਾਈ ਕਰਨੀ ਨਹੀਂ ਦੱਸੀ, ਪ੍ਰੇਮ ਕਰਨਾ ਦੱਸਿਆ ਹੈ, ਜਦੋਂ ਕਿ ਸਿੱਖ ਗੁਰੂ ਲੜਾਈਆਂ ਕਰਦੇ ਸਨ। ਜੇ ਇਹ ਪੰਕਤੀਆਂ ਈਸਾ ਬਾਰੇ ਲਿਖੀਆਂ ਹਨ, ਤਾਂ ਫਿਰ ਉਹ 'ਅਸਿਕੇਤੁ' ਭਾਵ ਖੜਗਧਾਰੀ ਪਰਮੇਸ਼ਰ ਹੈ। ਕੀ ਈਸਾਈ ਯਿਸ਼ੂ ਨੂੰ ਤਲਵਾਰਧਾਰੀ ਈਸਾ ਮੰਨਣ




ਵਾਸਤੇ ਤਿਆਰ ਹਨ? ਇਹ ਬੀਬੀ ਮਨਘੜਤ ਤੁਕਾਂ ਗੁਰੂ ਸਾਹਿਬਾਨ ਦੇ ਨਾਮ ਨਾਲ ਜੋੜਨ ਦੀ ਹਿਮਾਕਤ ਇਸ ਲਈ ਕਰਦੀ ਹੈ, ਕਿਉਂਕਿ ਮਿਸ਼ਨਰੀ ਅਕਸਰ ਅਜਿਹੀਆਂ ਤੁਕਾਂ ਗੁਰੂਆਂ ਦੇ ਨਾਵਾਂ ਨਾਲ ਜੋੜ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਰਹਿੰਦੇ ਹਨ। ਉਹ ਕਹਿੰਦੀ ਹੈ:

ਪੰਜ ਤਤ ਕਾ ਪੁਤਲਾ ਮੈਂ
ਨਾਨਕ ਮੇਰਾ ਨਾਮ।
ਮੈਂ ਉਸ ਗੁਰੂ ਦਾ ਚੇਲਾ
ਜਿਹੜਾ ਜਿਉਂਦਾ ਗਿਆ ਅਸਮਾਨ।

ਈਸਾਈ ਇਸ ਗੱਲ ਨੂੰ ਈਸਾ ਦੀ ਬਹੁਤ ਵੱਡੀ ਕਰਾਮਾਤ ਮੰਨਦੇ ਹਨ ਕਿ ਉਹ ਤੀਜੇ ਦਿਨ ਕਬਰ ਵਿਚੋਂ ਉਠ ਗਿਆ ਸੀ, ਅਜਿਹੀਆਂ ਕਹਾਣੀਆਂ ਤਾਂ ਹਰ ਧਰਮ ਦੇ ਵਿਸ਼ਵਾਸੀਆਂ ਵਿਚ ਹੁੰਦੀਆਂ ਹਨ। ਇਹ ਸੱਚ ਹੁੰਦੀਆਂ ਹਨ ਜਾਂ ਨਹੀਂ, ਮੈਂ ਇਸ ਬਾਰੇ ਟਿਪਣੀ ਨਹੀਂ ਕਰਾਂਗਾ, ਕਿਉਂਕਿ ਵਿਸ਼ਵਾਸ ਦਾ ਵਿਸ਼ਾ ਹੈ, ਪਰ ਜੇ ਇਹ ਵੱਡਾ ਪੈਗੰਬਰ ਹੋਣ ਦੀ ਨਿਸ਼ਾਨੀ ਹੈ, ਤਾਂ ਫਿਰ ਗੁਰੂ ਨਾਨਕ ਤਾਂ ਈਸਾ ਤੋਂ ਬਹੁਤ ਵੱਡੇ ਪੈਗੰਬਰ ਸਨ, ਕਿਉਂਕਿ ਉਨ੍ਹਾਂ ਦਾ ਸਰੀਰ ਤਾਂ ਕਬਰ ਜਾਂ ਸ਼ਮਸ਼ਾਨ ਤੀਕ ਗਿਆ ਹੀ ਨਹੀਂ। ਉਸ ਵੇਲੇ ਦੇ ਹਿੰਦੂ ਅਤੇ ਮੁਸਲਮਾਨ ਦੋਵੇਂ ਗਵਾਹ ਸਨ ਕਿ ਚਾਦਰ ਹੇਠੋਂ ਉਨ੍ਹਾਂ ਦਾ ਸਰੀਰ ਕਿਸੇ ਨੂੰ ਪ੍ਰਾਪਤ ਨਹੀਂ ਹੋਇਆ; ਭਾਵ ਉਹ ਦੇਹੀ ਸਮੇਤ ਸੱਚਖੰਡ ਚਲੇ ਗਏ ਸਨ। ਉਨ੍ਹਾਂ ਦਾ ਕੋਈ ਸੰਸਕਾਰ-ਸਥਾਨ ਨਹੀਂ। ਈਸਾ ਦੇ ਕਬਰ ਵਿਚੋਂ ਉਠਣ ਦੀ ਗਵਾਹੀ ਤਾਂ ਉਨ੍ਹਾਂ ਦੀ ਮਾਤਾ ਮਰੀਅਮ ਅਤੇ ਮਰੀਅਮ ਮਗਦਲੀਨੀ ਆਦਿ ਘਰ ਦੇ ਲੋਕਾਂ ਨੇ ਦਿਤੀ ਸੀ। ਗੁਰੂ ਨਾਨਕ ਦੇ ਸਣ-ਦੇਹੀ ਸਚਖੰਡ ਜਾਣ ਦੀ ਗਵਾਹੀ ਦੋਹਾਂ ਕੌਮਾਂ ਦੇ ਲੋਕਾਂ ਨੇ ਦਿਤੀ ਜੋ ਮੌਕੇ 'ਤੇ ਹਾਜ਼ਰ ਸਨ ਅਤੇ ਜਿਨ੍ਹਾਂ ਨੇ ਗੁਰੂ ਜੀ ਦੇ ਸਰੀਰ ਉਤੇ ਪਈ ਚਾਦਰ ਅੱਧੀ ਅੱਧੀ ਵੰਡ ਕੇ ਦਫਨਾਈ ਅਤੇ ਸੰਸਕਾਰੀ।

ਈਸਾ ਤੋਂ ਪਹਿਲਾਂ ਮੂਸਾ ਦੀ ਵੀ ਕੋਈ ਕਬਰ ਨਹੀਂ। ਈਸਾ ਤੋਂ ਪਹਿਲਾਂ ਏਲੀਯਾਹ ਪੈਗੰਬਰ ਦੇ ਵੀ ਵਾਵਰੋਲੇ ਰਾਹੀਂ ਜਿਉਂਦਿਆਂ ਅਸਮਾਨ ਵਿਚ ਜਾਣ ਦੀ ਕਹਾਣੀ ਹੈ। ਇਥੋਂ ਤੀਕ ਕਿ ਸੰਤ ਜੌਹਨ ਬੈਪਟਿਸਟ ਨੂੰ ਕਤਲ ਕਰਨ ਵਾਲੇ ਹੈਰੋਦ ਨੇ ਜਦੋਂ ਈਸਾ ਬਾਰੇ ਸੁਣਿਆ, ਤਾਂ ਉਸ ਨੂੰ ਇਹੋ ਲਗਦਾ ਸੀ ਕਿ ਸੰਤ ਜੌਹਨ ਫਿਰ ਜਿੰਦਾ ਹੋ ਗਿਆ ਹੈ। ਹਜ਼ਰਤ ਮੁਹੰਮਦ ਸਾਹਿਬ ਅਲ-ਬੋਰਾਕ ਉਤੇ ਸਵਾਰ ਹੋ ਕੇ ਜੀਵਨ ਵਿਚ ਹੀ ਸਤ ਆਕਾਸ਼ ਘੁੰਮ ਆਏ ਸਨ। ਗੁਰੂ ਗੋਬਿੰਦ ਸਿੰਘ ਬਾਰੇ ਵੀ ਸਿੱਖਾਂ ਵਿਚ ਇਹੋ ਜਿਹਾ ਵਿਸ਼ਵਾਸ ਸੀ ਕਿ ਉਹ ਕੇਵਲ ਸਣ-ਦੇਹੀ ਹੀ ਨਹੀਂ, ਸਗੋਂ ਆਪਣੇ ਘੋੜੇ ਅਤੇ ਬਾਜ਼ ਸਮੇਤ ਸਚਖੰਡ ਪਿਆਨਾ ਕਰ ਗਏ ਸਨ। ਜੇ ਕਹਾਣੀਆਂ ਅਤੇ ਮਨੌਤਾਂ ਹੀ ਸੱਚ ਦਾ ਆਧਾਰ ਹਨ, ਤਾਂ ਗੁਰੂ ਗੋਬਿੰਦ ਸਿੰਘ ਦੇ ਜੋਤੀ-ਜੋਤਿ ਵਿਲੀਨ ਹੋਣ ਪਿਛੋਂ ਕਈ ਲੋਕਾਂ ਨੂੰ ਮਿਲਣ ਅਤੇ ਦੋ ਮੁਸਲਮਾਨ ਭਰਾਵਾਂ ਨੂੰ ਸਤਾਰਾ ਦੀ ਕੈਦ 'ਚੋਂ ਰਿਹਾ ਕਰਨ ਦੀਆਂ ਕਹਾਣੀਆਂ ਲਿਖੀਆਂ ਹੋਈਆਂ ਹਨ। ਈਸਾ ਦੇ ਚੇਲਿਆਂ ਤਾਂ ਸਿਰਫ ਉਸ ਦੀ ਹੋਂਦ ਦਾ ਅਹਿਸਾਸ ਕੀਤਾ, ਪਰ ਗੁਰੂ ਨੇ ਤਾਂ ਸਰੀਰਕ ਰੂਪ ਵਿਚ ਪ੍ਰਗਟ ਹੋ ਕੇ ਉਨ੍ਹਾਂ ਨੂੰ ਕੈਦ ਵਿਚੋਂ ਛੁਡਵਾ ਦਿਤਾ ਸੀ।

ਸੋ, ਸ਼ਰਧਾਵਾਨਾਂ ਦੇ ਅਜਿਹੇ ਵਿਸ਼ਵਾਸ ਹੋਰ ਧਰਮਾਂ ਵਿਚ ਵੀ ਹਨ। ਇਹ ਵੀ ਉਤਨੇ ਹੀ ਪ੍ਰਮਾਣਿਕ ਹਨ, ਜਿਤਨੇ ਈਸਾਈਆਂ ਦੀਆਂ ਪੋਥੀਆਂ (ਮੈਂ 'ਨਵਾਂ ਨੇਮ'- ਨਿਊ ਟੈਸਟਾਮੈਂਟ, ਜਾਣ-ਬੁਝ ਕੇ ਨਹੀਂ ਲਿਖ ਰਿਹਾ। ਇਹ ਸ਼ਬਦ ਤੌਰੇਤ ਨੂੰ ਛੋਟਾ ਕਰਦੇ ਹਨ), ਕਿਉਂਕਿ ਈਸਾਈ ਪੋਥੀਆਂ ਈਸਾ ਵਲੋਂ ਕੀਤੀ ਕੋਈ ਰੱਬ ਦੀ ਪ੍ਰਸ਼ੰਸਾ ਦੇ ਵਚਨਾਂ ਦਾ ਸੰਗ੍ਰਹਿ ਨਹੀਂ। ਪਹਿਲੀਆਂ ਚਾਰ ਪੋਥੀਆਂ ਮਤੀ, ਮਾਰਕਸ, ਲੂਕ ਅਤੇ ਯੂਹੰਨਾ ਵਲੋਂ ਲਿਖੀਆਂ ਕਥਾ ਕਹਾਣੀਆਂ ਹਨ ਜਿਨ੍ਹਾਂ ਨੂੰ ਸਿੱਖ ਜਨਮ ਸਾਖੀਆਂ ਵਰਗਾ ਕਿਹਾ ਜਾਵੇ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਅੱਗੇ ਚੇਲਿਆਂ ਦੇ ਕਰਤਬਾਂ ਦੀ ਪੋਥੀ ਹੈ। ਫਿਰ ਸੰਤ ਪੀਟਰਸ, ਸੰਤ ਪਾਲ ਆਦਿ ਦੁਆਰਾ ਮਸੀਹੀ ਨਿਯਮਾਂ ਦੀ ਵਿਆਖਿਆ ਨਾਲ ਸਬੰਧਤ ਪੱਤਰ ਹਨ ਜੋ ਭਾਈ ਨੰਦ ਲਾਲ, ਦੇਸਾ ਸਿੰਘ, ਦਇਆ ਸਿੰਘ, ਚੌਪਾ ਸਿੰਘ ਆਦਿ ਦੇ ਰਹਿਤਨਾਮਿਆਂ ਵਰਗੇ ਵੀ ਨਹੀਂ, ਕਿਉਂਕਿ ਰਹਿਤਨਾਮੇ ਮੂਲ ਰੂਪ ਵਿਚ ਸੁਰਖਿਅਤ ਹਨ, ਜਦੋਂ ਕਿ ਈਸਾਈ ਪੋਥੀਆਂ ਹਜ਼ਾਰਾਂ ਵਾਰ ਬਦਲੀਆਂ ਗਈਆਂ ਹਨ। ਅੰਤ ਵਿਚ ਯੂਹੰਨਾ ਦੀ 'ਪ੍ਰਕਾਸ਼ ਪੋਥੀ' ਹੈ, ਯਾਨਿ ਇਸ ਵਿਚ ਈਸਾ ਦੀ ਕੋਈ ਰਚਨਾ ਨਹੀਂ।

ਗੱਲ ਬਾਈਬਲ ਦੀ ਚਲੀ ਹੈ, ਤਾਂ ਕੁਝ ਹੋਰ ਵਿਚਾਰ ਕਰ ਲਈ ਜਾਵੇ। ਆਮ ਆਦਮੀ ਨੂੰ ਇਹ ਵੀ ਗੁੰਮਰਾਹ ਕੀਤਾ ਜਾਂਦਾ ਹੈ ਕਿ ਬਾਈਬਲ ਈਸਾਈਆਂ (ਮੈਂ ਜਾਣਦਾ ਹਾਂ ਕਿ ਮਸੀਹੀਆਂ ਨੂੰ ਮੁਸਲਮਾਨਾਂ ਵਲੋਂ ਦਿਤੇ ਈਸਾ, ਈਸਾਈ ਆਦਿ ਸ਼ਬਦ ਚੰਗੇ ਨਹੀਂ ਲਗਦੇ, ਪਰ ਜਦੋਂ ਉਹ ਗੁਰਬਾਣੀ ਵਿਚੋਂ 'ਈਸਾ' ਲਭ ਕੇ ਯਿਸ਼ੂ ਨਾਲ ਜੋੜਦੇ ਹਨ, ਤਾਂ ਮੈਂ ਇਹੋ ਸ਼ਬਦ ਉਨ੍ਹਾਂ ਲਈ ਵਰਤਣ ਵਾਸਤੇ ਮਜਬੂਰ ਹਾਂ) ਦਾ ਗ੍ਰੰਥ ਹੈ। ਦਰਅਸਲ, ਬਾਈਬਲ ਦੇ ਦੋ ਭਾਗ ਹਨ। 39 ਪੋਥੀਆਂ ਵਾਲਾ ਪਹਿਲਾ ਤੇ ਵੱਡਾ ਭਾਗ ਉਨ੍ਹਾਂ ਯਹੂਦੀਆਂ ਦੀਆਂ ਧਰਮ ਪੋਥੀਆਂ ਦਾ ਸੰਗ੍ਰਹਿ ਹੈ ਜੋ ਈਸਾ ਨੂੰ ਮਸੀਹ ਨਹੀਂ ਮੰਨਦੇ। ਈਸਾਈਆਂ ਨੇ ਬੇਈਮਾਨੀ ਨਾਲ ਇਸ ਨੂੰ 'ਪੁਰਾਣਾ ਨੇਮ' (ਓਲਡ ਟੈਸਟਾਮੈਂਟ) ਨਾਮ ਦੇ ਕੇ ਅਪਨਾਇਆ ਹੋਇਆ ਹੈ, ਜਦੋਂ ਕਿ ਯਹੂਦੀ ਆਪਣੀਆਂ ਧਰਮ ਪੋਥੀਆਂ ਨੂੰ 'ਤੇਨਾਖ' ਕਹਿੰਦੇ ਹਨ। 'ਤੇਨਾਖ' ਦਾ ਅਰਥ ਹੈ, ਤਿੰਨ ਭਾਗਾਂ ਵਾਲੀ ਪੁਸਤਕ। ਇਸ ਦੀ ਭਾਸ਼ਾ ਹਿਬਰੂ ਹੈ। 'ਤੇਨਾਖ' ਦੇ ਤਿੰਨ ਮੁਖ ਭਾਗ ਹਨ- ਤੌਰੇਤ, ਨਬੀ-ਇਮ ਅਤੇ ਕੇਤੁਵਿਮ। 'ਤੇਨਾਖ' ਦੀਆਂ ਪੁਸਤਕਾਂ ਦੁਨੀਆਂ ਦਾ ਬਹੁਤ ਉਚਾ ਧਾਰਮਿਕ ਸਾਹਿਤ ਹੈ, ਜਿਸ ਵਿਚ ਵਿਸ਼ਵ ਰਚਨਾ ਦੀ ਗਲ ਹੈ, ਧਰਮ ਦਰਸ਼ਨ ਦੀਆਂ ਬਾਰੀਕੀਆਂ ਹਨ, ਦਸਮ ਗ੍ਰੰਥ ਵਾਂਗ ਜਲਾਲ ਦਾ ਪਾਤਸ਼ਾਹ ਰੱਬ ਹੈ, ਰਹਿਤ ਨੂੰ ਯਹੂਦੀਆਂ ਤੀਕ ਸੀਮਿਤ ਕਰ ਕੇ ਧਰਮ ਦੇ ਸਤਿ ਨੂੰ ਵਿਸ਼ਵ ਵਿਆਪੀ ਸਰੂਪ ਦਿਤਾ ਹੈ। ਪਰਮੇਸ਼ਵਰ ਦੇ ਸ਼ਬਦ ਨੂੰ ਜੋ ਉਚ ਸਥਾਨ ਦਿਤਾ ਗਿਆ ਹੈ, ਉਹ ਸਿੱਖ ਸਿਧਾਂਤ ਤੋਂ ਨੀਵਾਂ ਨਹੀਂ, ਜਦੋਂ ਕਿ ਈਸਾਈਅਤ ਨੇ ਜੌਹਨ ਦੀ ਇੰਜੀਲ ਵਿਚ 'ਸ਼ਬਦ ਦੇਹਧਾਰੀ ਹੋਇਆ' ਲਿਖ ਕੇ ਸ਼ਬਦ ਨੂੰ ਹਡ-ਮਾਸ 'ਚ ਸੀਮਿਤ ਕਰ ਕੇ ਮਰਨਸ਼ੀਲ ਬਣਾ ਦਿਤਾ ਹੈ।

ਮੂਰਤੀ ਪੂਜਾ ਜੋ ਈਸਾਈਅਤ ਦੇ ਆਚਾਰ-ਵਿਹਾਰ ਵਿਚ ਡੂੰਘੀ ਧਸੀ ਹੋਈ ਹੈ, ਉਸ ਦਾ ਯਹੂਦੀ ਪੁਸਤਕਾਂ ਵਿਚ ਸਖ਼ਤ ਨਿਖੇਧ ਹੈ। ਯਹੂਦੀਆਂ ਦੀ ਚੜ੍ਹਤਲ ਅਤੇ ਪਤਨ ਦੀਆਂ ਕਥਾਵਾਂ ਹਨ। ਭਲਾ ਭਾਣਾ ਮੰਨਣ ਵਿਚ 'ਅਯੂਬ' ਦੀ ਪੋਥੀ ਤੋਂ ਉਤਮ ਸੰਸਾਰ ਵਿਚ ਹੋਰ ਕਿਹੜੀ ਪੁਸਤਕ ਹੋ ਸਕਦੀ ਹੈ? ਭਾਣਾ ਮੰਨਣ ਦੇ ਉਨ੍ਹਾਂ ਉਚ-ਮਿਆਰਾਂ ਸਾਹਮਣੇ ਈਸਾ ਤਾਂ ਕੰਬਦਾ ਅਤੇ ਡੋਲਦਾ ਕਮਜ਼ੋਰ ਬੰਦਾ ਨਜ਼ਰ ਆਉਂਦਾ ਹੈ। 'ਤੇਨਾਖ' ਵਿਚ ਉਚ ਆਚਰਨ ਦੀਆਂ ਉਹ ਉਚਿਆਈਆਂ ਹਨ, ਕਿ ਯਹੂਦੀਆਂ ਦੀ ਸੱਤਾ ਦੇ ਸਦੀਵੀ ਉਚਤਮ ਪ੍ਰਤੀਕ ਦਾਊਦ ਵਰਗੇ ਪ੍ਰਤਾਪੀ ਸ਼ਹਿਨਸ਼ਾਹ ਨੇ ਜਦੋਂ ਇਕ ਸਿਪਾਹੀ ਨੂੰ ਛਲ ਨਾਲ ਮਰਵਾ ਕੇ ਉਸ ਦੀ ਪਤਨੀ ਵਿਆਹ ਲਈ, ਤਾਂ ਉਹ ਫਟਕਾਰਾਂ ਪਾਈਆਂ ਕਿ ਪੜ੍ਹ ਕੇ ਹੀ ਯਹੂਦੀਆਂ ਦੇ ਉਚ ਆਚਰਨ ਦਾ ਪਤਾ ਲਗਦਾ ਹੈ। ਇਸ ਦੀ ਉਤਮਤਾ ਸਾਹਮਣੇ ਈਸਾਈਆਂ ਦੀਆਂ ਇੰਜੀਲ ਪੋਥੀਆਂ ਨਹੀਂ ਟਿਕ ਸਕਦੀਆਂ।

ਦੁਨੀਆਂ ਵਿਚ ਕੇਵਲ ਈਸਾਈ ਧਰਮ ਹੈ ਜਿਸ ਨੇ ਦੂਜੇ ਧਰਮ ਦੀਆਂ ਪੁਸਤਕਾਂ, ਜਿਨ੍ਹਾਂ ਨੂੰ ਉਹ ਪੁਰਾਣੀਆਂ ਕਹਿ ਕੇ ਨਿੰਦਦਾ ਹੈ, ਦਾ ਭਾਰ ਚੁਕਿਆ ਹੋਇਆ ਹੈ। ਕਾਰਨ ਕੀ ਹੈ? ਦੋ ਕਾਰਨ ਹਨ। ਪਹਿਲਾ ਕਾਰਨ ਇਹ ਕਿ ਇਨ੍ਹਾਂ ਤੋਂ ਬਿਨਾਂ ਉਨ੍ਹਾਂ ਕੋਲ ਕੁਝ ਵੀ ਗੌਰਵਸ਼ਾਲੀ ਸਾਹਿਤ ਨਹੀਂ। ਦੂਜੀ ਗੱਲ ਇਸ ਦੇ ਵਚਨਾਂ ਨੂੰ ਤੋੜ-ਮਰੋੜ ਕੇ ਈਸਾਈਅਤ ਨੇ ਆਪਣੀ ਦੁਕਾਨਦਾਰੀ ਉਸੇ ਤਰ੍ਹਾਂ ਚਲਾਈ ਹੈ, ਜਿਵੇਂ ਗੁਰਬਾਣੀ ਨੂੰ ਤੋੜ-ਮਰੋੜ ਕੇ ਨਿਰੰਕਾਰੀਆਂ ਅਤੇ ਰਾਧਾਸਵਾਮੀਆਂ ਨੇ। ਯਹੂਦੀ ਆਪਣੀਆਂ ਪੁਸਤਕਾਂ ਵਿਚ ਸੁਧਾਰ ਨਹੀਂ ਕਰਦੇ, ਕਿਉਂਕਿ ਉਹ ਸ਼ਬਦ ਦੇ ਅਨਿੰਨ-ਵਿਸ਼ਵਾਸੀ ਹਨ। ਈਸਾਈ ਇਤਨੀਆਂ ਸੋਧਾਂ ਕਰਦੇ ਹਨ, ਕਿ ਕੁਝ ਈਸਾਈ ਵਿਦਵਾਨਾਂ ਅਨੁਸਾਰ ਨਿਊ ਟੈਸਟਾਮੈਂਟ ਵਿਚ 150000 ਪਾਠ ਭੇਦ ਹਨ। ਕੁਝ ਅਨੁਸਾਰ 200000, ਕੁਝ 400000 ਮੰਨਦੇ ਹਨ, ਕੁਝ ਗਿਣਤੀ 5261600। ਇਨ੍ਹਾਂ ਭੇਦਾਂ ਕਾਰਨ ਲੱਖਾਂ ਪ੍ਰਕਾਰ ਦੀ ਹੀ ਈਸਾਈ ਬਾਈਬਲ ਮੰਨੀ ਜਾਂਦੀ ਹੈ। ਕੁਝ ਅਨਜਾਣ ਲੋਕ ਸਮੁਚੀ ਬਾਈਬਲ ਦੀ ਭਾਸ਼ਾ ਹਿਬਰੂ ਦੱਸੀ ਜਾਂਦੇ ਹਨ, ਜਦੋਂ ਕਿ ਈਸਾਈ ਪੋਥੀਆਂ ਦੀ ਅਸਲ ਭਾਸ਼ਾ ਗਰੀਕ ਸੀ, ਪਰ ਹੁਣ ਅੰਗਰੇਜ਼ੀ ਪ੍ਰਭਾਵੀ ਹੈ। 'ਤੇਨਾਖ' ਨੂੰ ਨਮਸਕਾਰ ਵੀ ਕਰਨੀ ਅਤੇ ਉਸ ਨੂੰ ਪੁਰਾਣੀ ਵੀ ਕਹਿਣਾ, ਉਸੇ ਤਰ੍ਹਾਂ ਦਾ ਪਾਖੰਡ ਹੈ, ਜਿਵੇਂ ਵੈਦਿਕ ਲੋਕ ਸ਼ਿਵ ਨੂੰ ਦੇਵਤਾ ਵੀ ਮੰਨਦੇ ਹਨ, ਪਰ ਸਾਰੀਆਂ ਖ਼ਰਾਬ ਗਲਾਂ ਵੀ ਉਸੇ ਨਾਲ ਜੋੜਦੇ ਹਨ।

ਕੋਈ ਸੰਦੇਹ ਨਹੀਂ ਕਿ ਈਸਾਈਅਤ ਨਾ ਧਰਮ ਗ੍ਰੰਥ ਉਤੇ ਟਿਕੀ ਹੈ, ਨਾ ਉਤਮ ਵਿਚਾਰਧਾਰਾ ਇਸ ਦਾ ਆਧਾਰ ਹੈ। ਇਹ ਟਿਕੀ ਹੈ ਈਸਾ ਦੀ ਸੂਲੀ ਉਤੇ। ਈਸਾਈ ਪ੍ਰਚਾਰਕ ਇਸ ਨੂੰ ਇੰਜ




ਪ੍ਰਚਾਰਦੇ ਹਨ ਕਿ ਸੰਸਾਰ ਦੇ ਦੁੱਖ ਆਪਣੇ ਉਤੇ ਲੈਣ ਵਾਲੀ ਹੋਰ ਕੋਈ ਸ਼ਹਾਦਤ ਇਸ ਦੇ ਸੂਲੀ ਦੇ ਬਰਾਬਰ ਦੀ ਨਹੀਂ। ਬਾਈਬਲ 'ਤੇ ਆਉਣ ਤੋਂ ਪਹਿਲਾਂ ਸਪਸ਼ਟ ਕਰ ਦੇਵਾਂ ਕਿ ਗੁਰੂ ਗੋਬਿੰਦ ਸਿੰਘ ਦੇ 9 ਤੇ 7 ਸਾਲ ਦੇ ਛੋਟੇ ਸਾਹਿਬਜ਼ਾਦਿਆਂ ਦਾ ਨੀਹਾਂ ਵਿਚ ਚਿਣੇ ਜਾਣ ਅਤੇ ਬਹਾਦਰੀ ਨਾਲ ਸ਼ਹੀਦ ਹੋਣ ਦੀ ਮਿਸਾਲ ਮਾਨਵਤਾ ਦੇ ਇਤਿਹਾਸ ਵਿਚ ਹੋਰ ਕਿਤੇ ਨਹੀਂ ਮਿਲਦੀ। ਸ੍ਰੀ ਗੁਰੂ ਅਰਜਨ ਦੇਵ ਤੱਤੀ ਤਵੀ 'ਤੇ ਬੈਠੇ ਤਾਂ ਰੱਬ ਨਾਲ ਕੋਈ ਗ਼ਿਲਾ ਨਹੀਂ ਕੀਤਾ, ਭਾਣਾ ਮਿੱਠਾ ਕਰ ਕੇ ਮੰਨਿਆ। ਗੁਰੂ ਤੇਗ਼ ਬਹਾਦਰ ਨਾਲ ਤਿੰਨ ਸਿੱਖ ਫੜੇ ਗਏ। ਰੂੰ ਵਿਚ ਲਪੇਟ ਕੇ ਸਾੜਿਆ, ਆਰੇ ਨਾਲ ਚੀਰਿਆ, ਦੇਗ਼ ਵਿਚ ਉਬਾਲ ਲਿਆ, ਪਰ ਹਕੂਮਤ ਕਿਸੇ ਨੂੰ ਮੁਸਲਮਾਨ ਨਹੀਂ ਕਰ ਸਕੀ। ਬਿਨਾਂ ਡੋਲੇ ਸਿੱਖਾਂ ਨੇ ਸਿਦਕ ਨਾਲ ਗੁਰੂ ਲਈ ਕੁਰਬਾਨੀ ਦਿਤੀ। ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਲਈ ਕਿਸੇ ਵਿਰੋਧੀ ਨੇ ਵੀ ਨਹੀਂ ਲਿਖਿਆ ਕਿ ਉਹ ਰਤਾ ਵੀ ਡੋਲੇ ਹੋਣ। ਸੈਂਕੜੇ ਸਿੱਖ ਚਰਖੀਆਂ 'ਤੇ ਚੜ੍ਹੇ, ਬੰਦ-ਬੰਦ ਕਟਵਾਏ, ਖੋਪਰੀਆਂ ਉਤਰਵਾਈਆਂ, ਪਰ ਕੋਈ ਡੋਲਿਆ ਨਹੀਂ। ਕੋਈ ਸਿੱਖ ਬੱਚਾ ਵੀ ਮੌਤ ਤੋਂ ਨਹੀਂ ਘਬਰਾਇਆ।

ਹੁਣ ਜ਼ਰਾ ਬਾਈਬਲ ਦੀਆਂ ਕਹਾਣੀਆਂ ਦੇਖ ਲਈਏ। ਯੋਰੋਸ਼ਲਮ ਦੇ ਨਜ਼ਦੀਕ ਘੁੰਮਦਿਆਂ ਪੈਗੰਬਰ ਈਸਾ ਆਪਣਾ ਵਿਰੋਧ ਅਤੇ ਦੁਸ਼ਮਣ ਦੀਆਂ ਸਰਗਰਮੀਆਂ ਦੇਖ ਕੇ ਮਹਿਸੂਸ ਕਰ ਚੁਕੇ ਸਨ ਕਿ ਹੁਣ ਉਹ ਜਲਦੀ ਫੜੇ ਜਾਣਗੇ। ਉਨ੍ਹਾਂ ਨੇ ਆਪਣੇ 12 ਚੇਲਿਆਂ ਨਾਲ ਭੋਜਨ ਕਰਨ ਦਾ ਮਨ ਬਣਾਇਆ। ਇਸ ਨੂੰ 'ਲਾਸਟ ਸਪਰ' ਦਾ ਨਾਮ ਦਿਤਾ ਗਿਆ ਹੈ। ਉਸ ਦਿਨ 12 ਚੇਲਿਆਂ ਵਿਚ ਕਿਸ ਕੁਰਸੀ 'ਤੇ ਕੌਣ ਬੈਠੇ, ਇਸ ਨੂੰ ਲੈ ਕੇ ਹੀ ਤਕਰਾਰ ਹੋ ਗਈ। ਈਸਾ ਨੇ ਕਿਹਾ- ਮੇਰਾ ਦਿਲ ਘਬਰਾ ਰਿਹਾ ਹੈ, ਤੁਸਾਂ ਮੇਰੇ ਆਸ-ਪਾਸ ਰਹਿਣਾ। ਉਸ ਨੇ ਇਹ ਵੀ ਸੰਦੇਹ ਪ੍ਰਗਟ ਕੀਤਾ ਕਿ ਇਸ ਸੰਕਟ ਵਿਚ ਤੁਸੀਂ ਮੇਰਾ ਸਾਥ ਛੱਡ ਜਾਓਗੇ। ਮਤੀ 26/33, ਮਾਰਕਸ 14/29, ਲੂਕ 22/33, ਜੌਹਨ 13/36 ਵਿਚ ਲਿਖਿਆ ਹੈ, ਕਿ ਪੀਟਰਸ ਦ੍ਰਿੜ੍ਹਤਾ ਨਾਲ ਕਹਿਣ ਲੱਗਾ ਕਿ ਭਾਵੇਂ ਸਾਰੇ ਤੇਰਾ ਸਾਥ ਛੱਡ ਜਾਣ, ਪਰ ਮੈਂ ਕਦੇ ਨਹੀਂ ਛੱਡਾਂਗਾ। ਈਸਾ ਨੇ ਕਿਹਾ- ਇਸੇ ਰਾਤ ਮੁਰਗੇ ਦੀ ਬਾਂਗ ਤੋਂ ਪਹਿਲਾਂ ਤੂੰ ਮੈਥੋਂ ਤਿੰਨ ਵਾਰ ਮੂੰਹ ਫੇਰ ਜਾਵੇਂਗਾ। ਪੀਟਰਸ ਕਿਹਾ ਕਿ ਮੇਰੀ ਜਾਨ ਵੀ ਜਾਵੇ, ਤਾਂ ਵੀ ਤੇਰੇ ਤੋਂ ਇਨਕਾਰੀ ਨਹੀਂ ਹੋ ਸਕਦਾ।

ਉਸ ਵੇਲੇ ਈਸਾ ਨੇ ਬਹੁਤ ਉਦਾਸੀ ਅਤੇ ਦੁੱਖ ਵਿਚ ਭੋਜਨ ਕੀਤਾ। ਫਿਰ ਉਸ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਤੁਸਾਂ ਇਥੇ ਹੀ ਜਾਗਦੇ ਰਹਿਣਾ, ਸੌਣਾ ਨਹੀਂ ਅਤੇ ਪੀਟਰਸ ਨੂੰ ਲੈ ਕੇ ਚਲਾ ਗਿਆ। ਪੀਟਰਸ ਨੂੰ ਇਕ ਸਥਾਨ 'ਤੇ ਸਚੇਤ ਰਹਿਣ ਲਈ ਖੜ੍ਹਾ ਕਰ ਦਿਤਾ ਅਤੇ ਥੋੜ੍ਹਾ ਅਗੇ ਜਾ ਕੇ ਪਰਮੇਸ਼ਰ ਅਗੇ ਪ੍ਰਾਰਥਨਾ ਕੀਤੀ, 'ਹੇ ਪਿਤਾ ਜੇ ਸੰਭਵ ਹੋਵੇ ਤਾਂ ਇਹ ਪਿਆਲਾ ਟਲ ਜਾਵੇ (ਭਾਵ ਮੌਤ ਟਲ ਜਾਵੇ), ਨਹੀਂ ਤਾਂ ਜਿਵੇਂ ਤੇਰੀ ਇੱਛਾ ਹੋਵੇ'। ਤਿੰਨ ਵਾਰ ਇਹ ਪ੍ਰਾਰਥਨਾ ਕੀਤੀ। ਫਿਰ ਕਿਹਾ, 'ਆਤਮਾ ਤਾਂ ਤਿਆਰ ਹੈ, ਪਰ ਸਰੀਰ ਅਜੇ ਕਮਜ਼ੋਰ ਹੈ।' ਸਵਰਗ ਤੋਂ ਫਰਿਸ਼ਤਾ ਆਇਆ, ਉਸ ਨੇ ਹੌਸਲਾ ਦਿਤਾ। ਇੰਜੀਲ ਅਨੁਸਾਰ ਇਸ ਪ੍ਰੇਸ਼ਾਨੀ ਸਮੇਂ 'ਧਰਤੀ ਉਤੇ ਉਸ ਦਾ ਪਸੀਨਾ ਇੰਜ ਡਿੱਗ ਰਿਹਾ ਸੀ, ਜਿਵੇਂ ਖ਼ੂਨ ਦੀਆਂ ਬੂੰਦਾਂ ਡਿਗ ਰਹੀਆਂ ਹੋਣ'। ਪ੍ਰਾਰਥਨਾ ਤੋਂ ਪਰਤਿਆ ਤਾਂ ਪੀਟਰਸ ਵੀ ਸੁੱਤਾ ਪਿਆ ਸੀ। 12 ਚੇਲਿਆਂ ਵਿਚੋਂ ਯਹੂਦਾ ਇਸਕ੍ਰਿਯੋਤੀ ਨੇ ਚਾਂਦੀ ਦੇ 30 ਰੁਪਿਆਂ ਦੇ ਲਾਲਚ ਵਿਚ ਈਸਾ ਨੂੰ ਪਕੜਵਾ ਦਿੱਤਾ ਸੀ। ਫੜੇ ਜਾਣ ਤੋਂ ਪਹਿਲਾਂ ਉਸ ਨੇ ਚੇਲਿਆਂ ਨੂੰ ਕਿਹਾ, 'ਮੇਰੀ ਆਤਮਾ ਮੌਤ ਤੋਂ ਬਹੁਤ ਘਬਰਾ ਰਹੀ ਹੈ। ਇਥੇ ਮੇਰੇ ਕੋਲ ਰਹਿ ਕੇ ਸਭ ਕੁਝ ਦੇਖੋ'। ਜਦੋਂ ਪ੍ਰਾਰਥਨਾ ਕਰ ਕੇ ਆਇਆ, ਵੇਖਿਆ- ਸਭ ਸੁੱਤੇ ਪਏ ਸਨ। ਅਫਸੋਸ ਵਿਚ ਕਿਹਾ- 'ਇਕ ਘੰਟਾ ਵੀ ਮੇਰੇ ਨਾਲ ਸਭ ਕੁਝ ਨਹੀਂ ਸੀ ਦੇਖ ਸਕਦੇ।'

ਫੜੇ ਜਾਣ ਪਿਛੋਂ ਈਸਾ ਨੂੰ ਮੁਖ ਪੁਜਾਰੀ ਦੇ ਘਰ ਲਿਆਂਦਾ ਗਿਆ। ਭੀੜ ਵਿਚ ਪੀਟਰਸ ਵੀ ਇਹ ਸੋਚ ਕੇ ਖੜ੍ਹਾ ਹੋ ਗਿਆ ਕਿ ਮੈਨੂੰ ਕਿਹੜਾ ਕਿਸੇ ਨੇ ਪਛਾਣ ਲੈਣਾ ਹੈ। ਵਿਚਕਾਰ ਅੱਗ ਬਾਲ ਕੇ ਲੋਕ ਆਲੇ-ਦੁਆਲੇ ਇਕੱਠੇ ਹੋਏ ਸਨ। ਅੱਗ ਦੇ ਚਾਨਣ ਵਿਚ ਇਕ ਨੌਕਰਾਨੀ ਕੁੜੀ ਨੇ ਕਿਹਾ, 'ਇਹ ਆਦਮੀ ਵੀ ਇਸ ਦੇ ਨਾਲ ਹੀ ਸੀ'। ਪੀਟਰਸ ਕਿਹਾ, 'ਕੁੜੀਏ, ਮੈਂ ਇਸ ਨੂੰ ਜਾਣਦਾ ਹੀ ਨਹੀਂ ਹਾਂ'। ਕੁਝ ਦੇਰ ਬਾਅਦ ਕੁੜੀ ਫਿਰ ਕਿਹਾ, 'ਇਹ ਇਸ ਦੇ ਨਾਲ ਦਾ ਹੀ ਹੈ।' ਪੀਟਰਸ ਫਿਰ ਆਖਿਆ- 'ਮੈਂ ਨਹੀਂ ਜਾਣਦਾ ਇਹ ਕੌਣ ਹੈ?' ਭੀੜ ਵਿਚੋਂ ਕਈਆਂ ਨੇ ਕਿਹਾ- 'ਯਕੀਨਨ ਤੂੰ ਇਸ ਦੇ ਨਾਲ ਦਾ ਹੀ ਹੈਂ।' ਪੀਟਰਸ ਨੇ ਲੋਕਾਂ ਨੂੰ ਕਿਹਾ, 'ਮੇਰੀ ਕਿਸਮਤ ਖ਼ਰਾਬ ਹੈ ਕਿ ਤੁਸੀਂ ਮੈਨੂੰ ਇਸ ਦਾ ਸਾਥੀ ਮੰਨਦੇ ਹੋ, ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਮੈਂ ਇਸ ਬੰਦੇ ਨੂੰ ਨਹੀਂ ਜਾਣਦਾ।'

ਇਹ ਪੀਟਰਸ ਈਸਾ ਦੀ ਉਹ ਦ੍ਰਿੜ੍ਹ-ਵਿਸ਼ਵਾਸੀ ਚਟਾਨ ਸੀ ਜਿਸ ਉਤੇ ਉਹ ਕਹਿੰਦਾ ਸੀ, ਮੈਂ ਆਪਣੇ ਚਰਚ ਦੀ ਨੀਂਹ ਰੱਖਣੀ ਹੈ। ਜ਼ਰਾ ਈਸਾ ਦੇ ਇਸ ਸਭ ਤੋਂ ਪੱਕੇ ਮਜ਼ਬੂਤ ਵਿਸ਼ਵਾਸ ਵਾਲੇ ਪੀਟਰਸ ਦਾ ਮੁਕਾਬਲਾ ਦਿਆਲ, ਮਤੀ ਦਾਸ ਅਤੇ ਸਤੀ ਦਾਸ ਨਾਲ ਕਰ ਕੇ ਦੇਖੋ। ਈਸਾ ਖਿਲਾਫ ਸ਼ਿਕਾਇਤ ਸੀ ਕਿ ਉਹ ਆਪਣੇ-ਆਪ ਨੂੰ ਯਹੂਦੀਆਂ ਦਾ ਬਾਦਸ਼ਾਹ ਕਹਿੰਦਾ ਹੈ। ਇਸ ਸਬੰਧੀ ਗਵਰਨਰ ਪਿਲਾਤੁਸ ਨੇ ਪੁਛਿਆ, 'ਕੀ ਤੂੰ ਸ਼ਹਿਨਸ਼ਾਹ ਅਖਵਾਉਂਦਾ ਹੈਂ'? ਉਸ ਕਿਹਾ- 'ਮੈਂ ਸਵਰਗ ਦਾ ਸ਼ਹਿਨਸ਼ਾਹ ਹਾਂ, ਧਰਤੀ ਦਾ ਨਹੀਂ।' ਗਵਰਨਰ ਦਾ ਅਗਲਾ ਸਵਾਲ- 'ਬਾਦਸ਼ਾਹ ਸੀਜ਼ਰ ਨੂੰ ਸ਼ਾਹੀ ਟੈਕਸ ਦੇਣਾ ਚਾਹੀਦਾ ਹੈ ਕਿ ਨਹੀਂ?' ਈਸਾ ਦਾ ਉਤਰ ਸੀ- 'ਬਾਦਸ਼ਾਹ ਦਾ ਬਾਦਸ਼ਾਹ ਨੂੰ ਦਿਓ, ਰੱਬ ਦਾ ਰੱਬ ਨੂੰ ਦਿਓ', ਭਾਵ ਉਹ ਸਜ਼ਾ ਤੋਂ ਡਰ ਗਿਆ ਸੀ। ਯਹੂਦੀਆਂ ਦੇ ਦੁਸ਼ਮਣ ਰੋਮਨ ਬਾਦਸ਼ਾਹ ਦਾ ਵਿਰੋਧ ਕਰਨ ਦਾ ਸਾਹਸ ਉਸ ਵਿਚ ਨਹੀਂ ਸੀ। ਉਸ ਨੇ ਆਪਣੇ-ਆਪ ਨੂੰ ਹੁਕੂਮਤ ਦਾ ਵਫਾਦਾਰ ਸਿਧ ਕਰਨ ਦਾ ਯਤਨ ਕੀਤਾ।

ਹੁਣ ਗੁਰੂ ਗੋਬਿੰਦ ਸਿੰਘ ਦਾ ਔਰੰਗਜ਼ੇਬ ਨੂੰ ਲਿਖਿਆ ਪੱਤਰ ਦੇਖੋ ਜੋ ਉਨ੍ਹਾਂ ਚਾਰੇ ਪੁੱਤਰ ਸ਼ਹੀਦ ਹੋਣ ਪਿਛੋਂ ਲਿਖਿਆ ਹੈ:

ਚਿਹਾ ਸ਼ੁਦ ਕਿ ਚੂੰ ਬਚਗਾਂ ਕੁਸ਼ਤ: ਚਾਰ।
ਕਿ ਬਾਕੀ ਬਮਾਂਦਸਤ ਪੇਚੀਦ: ਮਾਰ।
(ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ, ਅਜੇ ਤਾਂ ਕੁੰਡਲੀਦਾਰ {ਖਾਲਸਾ} ਬਾਕੀ ਹੈ)।

***(ਬਾਕੀ ਅਗਲੇ ਸਫੇ 'ਤੇ)***

ਔਰੰਗਜ਼ੇਬ ਨੂੰ ਦ੍ਰਿੜ੍ਹਤਾ ਨਾਲ ਕਹਿੰਦੇ ਹਨ:
ਨ ਈਮਾਂ ਪ੍ਰਸਤੀ ਨ ਔਜ਼ਾਇ ਦੀਂ।
ਨ ਸਾਹਿਬ ਸ਼ਨਾਸੀ ਨ ਮਹਮਦ ਯਕੀਂ।

ਅਜ ਈਸਾਈ ਪ੍ਰਚਾਰਕ, ਈਸਾ ਦੇ ਨਾਮ ਉਤੇ ਸਭ ਸੰਸਾਰ ਦੇ ਦੁਖ-ਰੋਗ ਦੂਰ ਕਰਦੇ ਫਿਰਦੇ ਹਨ। ਉਹ ਜਦੋਂ ਸੂਲੀ ਟੰਗਿਆ ਸੀ, ਤਾਂ ਕੋਲ ਹੀ ਦੋ ਚੋਰ ਵੀ ਸੂਲੀ ਚੜ੍ਹੇ ਹੋਏ ਸਨ। ਉਹ ਈਸਾ ਨੂੰ ਕਹਿੰਦੇ ਸਨ ਕਿ ਜੇ ਤੇਰੇ ਵਿਚ ਸ਼ਕਤੀ ਹੈ ਤਾਂ ਸਲੀਬ ਤੋਂ ਉਤਰ ਕੇ ਦਿਖਾ। ਅਸਾਂ ਭਾਣੇ ਦੀ ਗੱਲ ਕੀਤੀ ਸੀ। ਗੁਰੂ ਅਰਜਨ ਦੇਵ ਦੀ ਸ਼ਹਾਦਤ 'ਤੇਰਾ ਕੀਆ ਮੀਠਾ ਲਾਗੇ' ਦੇ ਵਿਸ਼ਵਾਸ 'ਤੇ ਦ੍ਰਿੜ੍ਹ ਸੀ। 'ਅਯੂਬ' ਦੇ ਭਾਣਾ ਮੰਨਣ ਦੀ ਕਥਾ ਬਹੁਤ ਉਚੀ ਹੈ, ਪਰ ਈਸਾ ਨੇ ਸੂਲੀ ਉਤੇ ਅੰਤ ਸਮੇਂ ਉਦਾਸੀ ਅਤੇ ਦੁਖ ਵਿਚ ਕਿਹਾ ਸੀ- ਹੇ ਮੇਰੇ ਪਰਮਾਤਮਾ, ਹੇ ਪਰਮਾਤਮਾ! ਤੂੰ ਮੈਨੂੰ ਕਿਉਂ ਭੁਲਾ ਦਿਤਾ ਹੈ? ਫਿਰ ਉਚੀ ਆਵਾਜ਼ ਕੀਤੀ ਅਤੇ ਚਲਾਣਾ ਕਰ ਗਿਆ। ਜਿਸ ਨੂੰ ਈਸਾਈ ਪਰਮੇਸ਼ਰ ਕਹਿੰਦੇ ਹਨ, ਬਾਈਬਲ ਅਨੁਸਾਰ, ਉਸ ਨੂੰ ਲਗਿਆ ਕਿ ਭੀੜ ਵਿਚ ਪਰਮੇਸ਼ਰ ਵੀ ਉਸ ਦਾ ਸਾਥ ਛੱਡ ਗਿਆ ਹੈ, ਅਰਥਾਤ ਉਸ ਨੂੰ ਰੱਬ ਉਤੇ ਵੀ ਕੱਚਾ ਜਿਹਾ ਵਿਸ਼ਵਾਸ ਸੀ।

ਕੇਵਲ ਗੁਰੂ ਨਾਨਕ ਦੇਵ ਦਾ ਧਰਮ ਮਿਸ਼ਨ ਸਭ ਲਈ ਸਾਂਝਾ ਹੈ। ਉਹ ਨਾ ਪੰਜਾਬ ਦੀਆਂ ਸੀਮਾਵਾਂ ਵਿਚ ਕੈਦ ਸੀ, ਨਾ ਭਾਰਤ ਦੀਆਂ। ਨਾ ਕੇਵਲ ਕਿਸੇ ਇਕ ਕੌਮ ਦੇ ਉਥਾਨ ਵਾਸਤੇ ਸੀ, ਨਾ ਕਿਸੇ ਪੰਥ ਦੀ ਧਾਰਮਿਕ ਮਰਯਾਦਾ ਤੀਕ ਸੀਮਿਤ ਹੈ। ਗੁਰੂ ਗ੍ਰੰਥ ਸਾਹਿਬ ਮਨੁੱਖਤਾ ਦੀ ਬੁਨਿਆਦੀ ਸਮਸਿਆ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਉਤੇ ਕੇਂਦ੍ਰਿਤ ਹੈ; ਜਿਸ ਦਾ ਭਾਵ ਹੈ ਮਨੁੱਖ ਸਚ ਦਾ ਧਾਰਨੀ ਕਿਵੇਂ ਬਣੇ ਅਤੇ ਕਿਵੇਂ ਉਸ ਦੀ ਝੂਠ ਤੋਂ ਮੁਕਤੀ ਹੋਵੇ? ਈਸਾਈਅਤ ਦਾ ਨਿਸ਼ਾਨਾ ਲੋਕਾਂ ਨੂੰ ਸਵਰਗ ਵਿਚ ਪਹੁੰਚਾਉਣਾ ਹੈ, ਜਿਥੇ ਈਸਾ ਰੱਬ ਦੇ ਸੱਜੇ ਹੱਥ ਬੈਠਿਆ ਹੈ। ਇਹ ਛੋਟਾ ਜਿਹਾ ਰੱਬ ਹੈ ਈਸਾਈਆਂ ਦਾ, ਜਿਸ ਦਾ ਸੱਜਾ-ਖੱਬਾ ਹੱਥ ਵੀ ਹੈ। ਸਤਵੇਂ ਆਕਾਸ਼ ਤੋਂ ਹੇਠਾਂ ਧਰਤੀ ਤਾਂ ਦਿਸਦੀ ਹੀ ਨਹੀਂ ਹੋਣੀ, ਕਿਉਂਕਿ ਉਹ ਹੇਠਲੇ ਪਾਸੇ ਆ ਜਾਂਦੀ ਹੈ। ਸਿੱਖਾਂ ਦੇ ਅਕਾਲ ਪੁਰਖ਼ ਦੀਆਂ ਦਸੇ ਦਿਸ਼ਾਵਾਂ ਹਨ। ਨਾ ਕੋਈ ਸੱਜਾ ਹੱਥ ਹੈ, ਨਾ ਖੱਬਾ। ਉਹ ਨਾ ਸਿੱਖਾਂ ਦਾ ਪਖਪਾਤੀ ਹੈ, ਨਾ ਹੋਰ ਕਿਸੇ ਦਾ। ਸੱਚ ਦਾ ਪਖ ਪੂਰਦਾ ਹੈ, ਝੂਠ ਸਿਰਫ ਜਗਤ ਦੀ ਖੇਡ ਵਾਸਤੇ ਹੈ। ਉਹ ਆਦਿ-ਅੰਤ ਸੱਚ ਹੈ। ਜਗਤ ਵਿਚ ਵੀ ਸਤਿ-ਸਰੂਪ ਹੈ। ਮਨੁੱਖ ਬਿਨਾਂ ਕਿਸੇ ਭੇਦ-ਭਾਵ ਦੇ ਨਿਰੋਲ ਆਪਣੇ ਅੱਛੇ-ਬੁਰੇ ਕਰਮਾਂ ਕਾਰਨ ਪਰਮੇਸ਼ਰ ਤੋਂ ਨੇੜੇ ਜਾਂ ਦੂਰ ਹੈ।

ਜੇ ਬਾਈਬਲ ਦਾ ਈਸਾਈ ਭਾਗ ਧਿਆਨ ਨਾਲ ਦੇਖੀਏ, ਤਾਂ ਈਸਾ ਕੇਵਲ ਖਿੰਡੇ-ਪੁੰਡੇ ਗ਼ੁਲਾਮ ਯਹੂਦੀਆਂ ਨੂੰ ਇਕੱਠੇ ਕਰ ਕੇ ਉਨ੍ਹਾਂ ਦੀ ਚੜ੍ਹਤਲ ਮੁੜ ਕਾਇਮ ਕਰਨ ਵਾਸਤੇ ਆਇਆ ਸੀ, ਉਹ ਵੀ ਮਾਨਵਵਾਦੀ ਸਰੋਕਾਰਾਂ ਦਾ ਨਿਖੇਧ ਕਰ ਕੇ। ਮੈਥਿਊ (ਮਤੀ) ਅਨੁਸਾਰ, ਈਸਾ ਨੇ ਜਦੋਂ ਧਰਮ ਪ੍ਰਚਾਰ ਤੇ ਲੋਕਾਂ ਦੇ ਦੁਖ ਦੂਰ ਕਰਨ ਲਈ 12 ਚੇਲਿਆਂ ਨੂੰ ਹੱਕ ਦਿਤੇ, ਤਾਂ ਹਦਾਇਤ ਕੀਤੀ ਕਿ ਉਹ (ਗ਼ੈਰ-ਯਹੂਦੀ) ਸਾਮਰੀਆਂ ਦੇ ਨਗਰਾਂ ਵਿਚ ਉਸ ਦਾ ਸੰਦੇਸ਼ ਨਾ ਪਹੁੰਚਾਉਣ, ਸਗੋਂ ਇਸਰਾਈਲ ਦੀਆਂ ਗੁਆਚੀਆਂ ਭੇਡਾਂ ਕੋਲ ਜਾਣ, ਕਿਉਂਕਿ ਉਹਦਾ ਮਿਸ਼ਨ ਯਹੂਦੀਆਂ ਦੇ ਦੁੱਖ ਦੂਰ ਕਰਨ ਤਕ ਸੀ। ਮਤੀ ਦੀ ਇੰਜੀਲ 15/12/15 ਅਤੇ ਮਾਰਕਸ 7/24/30 ਵਿਚ ਈਸਾ ਦੇ ਮਿਸ਼ਨ ਦੀਆਂ ਯਹੂਦੀ ਸੀਮਾਵਾਂ ਦਰਸਾਉਣ ਹਿਤ

***ਮੈਨੂੰ ਬਾਈਬਲ ਅਤੇ ਈਸਾ ਦੀਆਂ ਕਮਜ਼ੋਰੀਆਂ ਲਿਖਣ ਵਿਚ ਪ੍ਰਸੰਨਤਾ ਨਹੀਂ, ਦੁਖ ਹੋ ਰਿਹਾ ਹੈ, ਪਰ ਮੈਂ ਆਪਣੇ ਪੰਥ ਦੀ ਵਾੜ ਨਸ਼ਟ ਕਰਨ ਵਾਲਿਆਂ ਦੀਆਂ ਕਰਤੂਤਾਂ ਨੂੰ ਚੁਪ-ਚਾਪ ਕਿਵੇਂ ਦੇਖਾਂ? ਗੁਰਬਾਣੀ ਤੋੜੋ-ਮਰੋੜੋਗੇ, ਈਸਾਈਅਤ ਨੂੰ ਸਿੱਖੀ ਤੋਂ ਉਤਮ ਦਸੋਗੇ, ਤਾਂ ਕੋਈ ਕਾਨੂੰਨ ਸਿੱਖਾਂ ਦੀ ਜ਼ੁਬਾਨ ਅਤੇ ਲੇਖਣੀ ਨੂੰ ਜ਼ਬਤ ਵਿਚ ਨਹੀਂ ਰੱਖ ਸਕੇਗਾ। ਕਿਸੇ ਈਸਾਈ ਮਿਸ਼ਨਰੀ ਨੇ 1514 ਈਸਵੀ ਵਿਚ ਸਿੱਖ ਕੌਮ ਸਬੰਧੀ ਈਸਾਈ ਮਿਸ਼ਨਰੀਆਂ ਨੂੰ ਸੁਚੇਤ ਕੀਤਾ ਸੀ ਕਿ ਇਨ੍ਹਾਂ ਕੋਲ ਸਾਡੇ ਧਰਮ ਤੋਂ ਵਧੀਕ ਚੰਗਿਆਈਆਂ ਹਨ, ਜੇ ਤੁਹਾਡਾ ਮਕਸਦ ਮਨੁੱਖ ਨੂੰ ਅੱਛਾ ਬਣਾਉਣਾ ਹੀ ਹੈ, ਤਾਂ ਇਹ ਪਹਿਲਾਂ ਹੀ ਸਾਡੇ ਤੋਂ ਚੰਗੇ ਹਨ।***

ਇਕ ਕਹਾਣੀ ਦਿਤੀ ਹੈ। ਫੀਨੀਸ਼ਨ (ਗ਼ੈਰ-ਯਹੂਦੀ) ਔਰਤ ਦੀ ਲੜਕੀ ਨੂੰ ਭੂਤ ਚੰਬੜਿਆ ਸੀ। ਉਹ ਈਸਾ ਦੇ ਕਾਫਲੇ ਦੇ ਪਿਛੇ ਚਲਦੀ ਵਿਰਲਾਪ ਕਰ ਰਹੀ ਸੀ, 'ਹੇ ਪ੍ਰਭੂ, ਤੂੰ ਲੋਕਾਂ ਦੇ ਭੂਤ ਕੱਢ ਦਿੰਦਾ ਹੈਂ, ਮੇਰੀ ਲੜਕੀ ਨੂੰ ਠੀਕ ਕਰ।' ਈਸਾ ਦਾ ਉਤਰ ਦੇਖੋ- 'ਮੈਂ ਇਸਰਾਈਲ ਦੀਆਂ ਗੁਆਚੀਆਂ ਭੇਡਾਂ ਸੰਭਾਲਣ ਆਇਆ ਹਾਂ, ਨਾ ਕਿ ਗ਼ੈਰ-ਯਹੂਦੀਆਂ ਨੂੰ। ਮੈਂ ਆਪਣੇ ਬਚਿਆਂ ਦੇ ਟੁਕੜੇ ਕੁਤਿਆਂ ਅਗੇ ਕਿਵੇਂ ਪਾ ਦੇਵਾਂ?' ਦੇਖੋ ਇੰਜੀਲ ਕਿਵੇਂ ਗ਼ੈਰ-ਯਹੂਦੀ ਔਰਤ ਨੂੰ ਈਸਾ ਦੇ ਮੂੰਹ ਤੋਂ ਕੁੱਤਾ ਅਖਵਾ ਰਹੀ ਹੈ।

ਜਿਸ ਦਾ ਮਿਸ਼ਨ ਇਤਨਾ ਸੰਕੀਰਨ ਸੀ, ਉਸ ਦੀ ਕਿਸੇ ਕੁਰਬਾਨੀ ਅਤੇ ਉਪਕਾਰ ਦਾ ਉਨ੍ਹਾਂ ਪੰਜਾਬੀਆਂ ਨਾਲ ਕੀ ਵਾਸਤਾ ਜਿਨ੍ਹਾਂ ਕੋਲ ਗੁਰੂ ਗੋਬਿੰਦ ਸਿੰਘ ਵਰਗਾ ਇਤਨਾ ਵੱਡਾ ਧਰਮ ਰੱਖਿਅਕ ਸੀ ਜਿਸ ਨੇ ਸਮਾਜ ਦੇ ਸਭ ਤੋਂ ਤੁਛ ਵਰਗਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਫਿਰ ਕਿਹਾ ਹੋਵੇ:

ਇਨ ਪੁਤ੍ਰਨ ਕੇ ਸੀਸ ਪਰ
ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ
ਜੀਵਤ ਕਈ ਹਜ਼ਾਰ।

ਜਿਸ ਤੁਹਾਨੂੰ ਪੁੱਤਰ ਬਣਾਇਆ, ਉਸ ਤੋਂ ਤੁਸੀਂ ਮੁਨਕਰ ਹੋ, ਜਿਸ ਤੁਹਾਡੇ ਸਮੇਤ ਵਿਸ਼ਵ ਦੀਆਂ ਸਭ ਗ਼ੈਰ-ਕੌਮਾਂ ਦੀ ਤੁਲਨਾ ਕੁੱਤਿਆਂ ਨਾਲ ਕੀਤੀ ਹੋਵੇ, ਉਸ ਨੂੰ ਗੁਰੂ ਗੋਬਿੰਦ ਸਿੰਘ ਤੋਂ ਉਚਾ ਜਾਣਦੇ ਹੋ। ਇਸ ਅਕ੍ਰਿਤਘਣਤਾ ਦਾ ਹਿਸਾਬ ਕਿਥੇ ਦੇ ਸਕਾਂਗੇ?... ਸਾਮਰੀ ਔਰਤ ਦੀ ਕਹਾਣੀ ਚੱਲ ਰਹੀ ਸੀ... ਉਸ ਢੀਠ ਔਰਤ ਨੇ ਕਿਹਾ- 'ਕਦੇ-ਕਦੇ ਰੋਟੀ ਖਾਂਦਿਆਂ ਹੇਠਾਂ ਡਿਗੇ ਭੋਰੇ-ਚੋਰੇ ਕੁਤੇ ਵੀ ਖਾ ਲੈਂਦੇ ਹਨ, ਉਹੋ ਦੇ ਦਿਓ'। ਵਿਚਾਰੋ! ਕਦੇ ਗੁਰੂ ਦੇ ਲੰਗਰ ਵਿਚੋਂ ਕਿਸੇ ਨੂੰ ਮੇਜ਼ ਹੇਠ ਬੈਠੇ ਕੁਤਿਆਂ ਵਾਂਗ ਭੋਰੇ-ਚੋਰੇ ਪਰੋਸੇ ਜਾਂਦੇ ਹਨ ਜਾਂ ਆਪਣੇ-ਪਰਾਏ ਦਾ, ਕੌਮਾਂ ਦਾ, ਧਰਮਾਂ ਦਾ, ਜਾਤੀਆਂ ਦਾ, ਦੇਸ਼ਾਂ ਦਾ ਭੇਦ-ਭਾਵ ਤਿਆਗ ਕੇ ਦਾਲ-ਪਰਸ਼ਾਦੇ ਵਰਤਾਏ ਜਾਂਦੇ ਹਨ?

ਕਈ ਦਲਿਤ ਵੀਰ ਕਹਿੰਦੇ ਹਨ ਕਿ ਸਿੱਖੀ ਵਿਚ ਉਨ੍ਹਾਂ ਨੂੰ ਸਨਮਾਨ ਨਹੀਂ ਮਿਲਿਆ। ਬਿਲਕੁਲ ਗ਼ਲਤ ਹੈ। ਕਦੇ ਕਿਸੇ ਨੂੰ ਲੰਗਰ ਵਿਚੋਂ ਉਠਾਇਆ ਨਹੀਂ ਗਿਆ। ਗੁਰੂ ਕੇ ਖ਼ਾਲਸੇ ਨੇ ਦਲਿਤ ਲੋਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਦਰਬਾਰ ਸਾਹਿਬ ਦੇ ਹੈਡ ਗ੍ਰੰਥੀ, ਅਕਾਲ ਤਖ਼ਤ ਦੇ ਜਥੇਦਾਰ ਦੀਆਂ ਮਹਾਨਤਮ ਸੇਵਾਵਾਂ ਸੌਂਪੀਆਂ ਹਨ। ਫਿਰ ਅਸੀਂ ਤਾਂ ਗੁਰੂ ਦੇ ਉਪਕਾਰਾਂ ਨਾਲ ਜੁੜੇ ਹਾਂ ਜਿਨ੍ਹਾਂ ਨੇ ਰਾਜਪੂਤ ਪਹਾੜੀ ਰਾਜਿਆਂ ਦੀਆਂ ਸ਼ਾਨਾਂ ਅਤੇ ਬਾਹੂਬਲ ਨੂੰ ਠੋਕਰ ਮਾਰ ਕੇ ਸਮਾਜ ਦੇ ਸਭ ਤੋਂ ਨੀਵੇਂ ਬੰਦਿਆਂ ਨੂੰ 'ਰੰਗਰੇਟੇ ਗੁਰੂ ਕੇ ਬੇਟੇ' ਕਹਿ ਕੇ ਗਲ ਲਾਇਆ ਸੀ। 'ਰੰਗਰੇਟੇ ਗੁਰੂ ਕੇ ਬੇਟੇ' ਅਤੇ 'ਮੈਂ ਆਪਣੇ ਬਚਿਆਂ ਦੇ ਟੁਕੜੇ ਕੁਤਿਆਂ ਅਗੇ ਕਿਵੇਂ ਪਾ ਦੇਵਾਂ' ਦੀ ਤੁਲਨਾ ਕਰ ਕੇ ਫਰਕ ਤਾਂ ਦੇਖੋ।

ਇਹ ਈਸਾਈ ਵਿਦਵਾਨਾਂ ਦਾ ਲਿਖਿਆ ਇਤਿਹਾਸ ਹੈ, ਮੇਰਾ ਜਾਂ ਈਸਾਈ ਵਿਰੋਧੀਆਂ ਦਾ ਨਹੀਂ ਕਿ ਈਸਾਈਅਤ ਵਿਚ ਸੰਤ ਪੀਟਰਸ ਅਤੇ ਪਾਲ ਦੇ ਦੋ ਧੜੇ ਸਿਰਫ ਇਸ ਕਾਰਨ ਹੋਏ ਸਨ, ਕਿਉਂਕਿ ਈਸਾਈਆਂ ਦੇ ਸਮਾਗਮ ਵਿਚ ਸੰਤ ਪਾਲ ਦੁਆਰਾ ਲਿਆਂਦੇ ਗ਼ੈਰ-ਯਹੂਦੀਆਂ ਨੂੰ ਪੀਟਰਸ ਧੜੇ ਨੇ ਸਮਾਗਮ ਤੋਂ ਬਾਹਰ ਰਖਣ ਵਾਸਤੇ ਕਿਹਾ ਸੀ। ਸੰਤ ਪੀਟਰਸ ਜੋ ਈਸਾ ਦਾ ਸਭ ਤੋਂ ਵਧ ਨਜ਼ਦੀਕੀ ਸੀ, ਉਹ ਕਹਿੰਦਾ ਸੀ ਕਿ ਈਸਾ ਦਾ ਮਿਸ਼ਨ ਕੇਵਲ ਯਹੂਦੀਆਂ ਵਾਸਤੇ ਹੈ, ਜਦੋਂਕਿ ਪਹਿਲਾਂ-ਪਹਿਲ ਈਸਾਈਆਂ ਦਾ ਬੇਰਹਿਮੀ ਨਾਲ ਕਤਲ ਕਰਨ ਵਾਲਾ ਮਗਰੋਂ ਈਸਾਈ ਬਣਿਆ ਸੰਤ ਪਾਲ ਗ਼ੈਰ-ਯਹੂਦੀਆਂ ਨੂੰ ਵੀ ਸੰਗਠਨ ਵਿਚ ਲੈ ਆਇਆ।

ਗੁਰੂ ਨਾਨਕ ਤੋਂ ਦਸਮ ਪਾਤਸ਼ਾਹ ਤੀਕ ਕਿਸੇ ਵੀ ਗੁਰੂ ਪਾਤਸ਼ਾਹ, ਕਿਸੇ ਵੀ ਸਿੱਖ ਨੇ, ਕਦੇ ਵੀ ਇਹ ਨਹੀਂ ਕਿਹਾ ਕਿ ਉਨ੍ਹਾਂ ਦਾ ਮਿਸ਼ਨ ਜੱਟਾਂ ਦਾ ਹੈ, ਖਤਰੀਆਂ ਦਾ ਹੈ, ਦਲਿਤਾਂ ਦਾ ਹੈ, ਬ੍ਰਾਹਮਣਾਂ ਦਾ ਹੈ ਜਾਂ ਕਿਸੇ ਹੋਰ ਵਰਗ ਦਾ ਹੈ। ਇਨਸਾਨੀਅਤ ਦਾ ਮਿਸ਼ਨ ਹੈ, ਜਿਸ ਦੀ ਧੁਰ-ਅੰਤਰ ਆਤਮਾ ਗੁਰੂ ਗ੍ਰੰਥ ਸਾਹਿਬ ਵਿਚ ਸਭ ਜਾਤੀਆਂ ਅਤੇ ਧਰਮ ਮਿਲ ਕੇ ਬੈਠੇ ਹਨ। ਗੁਰੂ ਨਾਨਕ ਅੰਦਰ ਕੇਵਲ ਨਨਕਾਣਾ ਨਹੀਂ, ਉਸ ਦੇ ਹਿਰਦੇ ਵਿਚ ਹਰਿਦੁਆਰ ਦੀ ਗੰਗਾ, ਗੋਰਖ ਮਤੇ ਦੇ ਨਾਥ, ਮਕੇ ਦਾ ਕਾਅਬਾ, ਸੁਮੇਰ ਦੇ ਸਿਧ, ਉੜੀਸਾ ਦਾ ਪੁਰੀ ਮੰਦਿਰ, ਲੰਕਾ ਦੇ ਸਿੰਹਲੀ ਸਭ ਇਕ ਹੋ ਜਾਂਦੇ ਹਨ। ਅਸੀਂ ਕਿਉਂ ਇਹ ਨਹੀਂ ਗਾਂਦੇ- 'ਐਸਾ ਪ੍ਰਭੁ ਛੋਡ ਦੂਜਾ ਅਉਰ ਕਉਨ ਧਿਆਈਐ'।

ਪੰਜਾਬ ਸਾਰਾ ਜਿਉਂਦਾ ਗੁਰੂ ਦੇ ਨਾਮ 'ਤੇ। ਗੁਰੂ ਦੀ ਸਰਵ-ਸਾਂਝੀਵਾਲਤਾ ਇਸ ਦੀ ਆਤਮਾ ਵਿਚ ਹੈ, ਕਿਉਂਕਿ ਇਹ ਸਿੱਖੀ ਦੀ ਆਤਮਾ ਹੈ, ਪਰ ਸਹਿਣਸ਼ੀਲਤਾ ਪੰਥ ਦੀ ਕਮਜ਼ੋਰੀ ਸਮਝ ਕੇ ਗੁਰੂ ਦੇ ਸਿੱਖਾਂ ਨੂੰ ਗੁੰਮਰਾਹ ਨਾ ਕੀਤਾ ਜਾਵੇ। ਈਸਾਈ ਭਰਾ ਉਹ ਸਾਰੇ ਮਨਸੂਬੇ ਛਡ ਕੇ ਪਿਛੇ ਪਰਤ ਜਾਣ। ਸਿੱਖਾਂ ਨੂੰ ਆਪਣੇ ਪੰਥ ਦੀ ਰਾਖੀ ਗੁਰੂ ਨੇ ਸਿਖਾਈ ਹੈ ਅਤੇ ਇਸ ਦਾ ਉਨ੍ਹਾਂ ਨੂੰ ਸੰਵਿਧਾਨਿਕ ਅਤੇ ਦੈਵੀ ਅਧਿਕਾਰ ਹੈ। ਈਸਾਈਆਂ ਨੂੰ ਸਿੱਖੀ ਭੇਖ ਅਤੇ ਸਿੱਖ ਸ਼ਬਦਾਵਲੀ ਦੀ ਦੁਰਵਰਤੋਂ ਤਿਆਗਣੀ ਪਵੇਗੀ।

ਮੈਨੂੰ ਬਾਈਬਲ ਅਤੇ ਈਸਾ ਦੀਆਂ ਕਮਜ਼ੋਰੀਆਂ ਲਿਖਣ ਵਿਚ ਪ੍ਰਸੰਨਤਾ ਨਹੀਂ, ਦੁਖ ਹੋ ਰਿਹਾ ਹੈ, ਪਰ ਮੈਂ ਆਪਣੇ ਪੰਥ ਦੀ ਵਾੜ ਨਸ਼ਟ ਕਰਨ ਵਾਲਿਆਂ ਦੀਆਂ ਕਰਤੂਤਾਂ ਨੂੰ ਚੁਪ-ਚਾਪ ਕਿਵੇਂ ਦੇਖਾਂ? ਗੁਰਬਾਣੀ ਤੋੜੋ-ਮਰੋੜੋਗੇ, ਈਸਾਈਅਤ ਨੂੰ ਸਿੱਖੀ ਤੋਂ ਉਤਮ ਦਸੋਗੇ, ਤਾਂ ਕੋਈ ਕਾਨੂੰਨ ਸਿੱਖਾਂ ਦੀ ਜ਼ੁਬਾਨ ਅਤੇ ਲੇਖਣੀ ਨੂੰ ਜ਼ਬਤ ਵਿਚ ਨਹੀਂ ਰੱਖ ਸਕੇਗਾ। ਕਿਸੇ ਈਸਾਈ ਮਿਸ਼ਨਰੀ ਨੇ 1514 ਈਸਵੀ ਵਿਚ ਸਿੱਖ ਕੌਮ ਸਬੰਧੀ ਈਸਾਈ ਮਿਸ਼ਨਰੀਆਂ ਨੂੰ ਸੁਚੇਤ ਕੀਤਾ ਸੀ ਕਿ ਇਨ੍ਹਾਂ ਕੋਲ ਸਾਡੇ ਧਰਮ ਤੋਂ ਵਧੀਕ ਚੰਗਿਆਈਆਂ ਹਨ, ਜੇ ਤੁਹਾਡਾ ਮਕਸਦ ਮਨੁੱਖ ਨੂੰ ਅੱਛਾ ਬਣਾਉਣਾ ਹੀ ਹੈ, ਤਾਂ ਇਹ ਪਹਿਲਾਂ ਹੀ ਸਾਡੇ ਤੋਂ ਚੰਗੇ ਹਨ। ਉਸ ਲਿਖਿਆ ਸੀ:

"ਇਹ ਬਹੁਤ ਵਚਨਬਧਤਾ ਸਹਿਤ ਚਾਹੀਦਾ ਹੈ ਕਿ ਭਾਰਤ ਦੇਸ਼ ਦੀਆਂ (ਸਿੱਖਾਂ ਵਰਗੀਆਂ) ਕੌਮਾਂ ਵਿਚ ਆਪਣੇ ਧਰਮ ਦਾ ਪ੍ਰਸਾਰ ਕਰਨ ਵਾਸਤੇ ਈਸਾਈ ਕੁਝ ਵੀ ਅਜਿਹਾ ਨਾ ਕਰਨ ਜਿਸ ਤੋਂ ਅਜਿਹਾ ਵਿਸ਼ਵਾਸ ਬਣਨ ਦੀ ਸੰਭਾਵਨਾ ਹੋਵੇ ਕਿ ਈਸਾਈ ਧਰਮ (ਸਿੱਖ ਧਰਮ ਤੋਂ) ਸਹਿਣਸ਼ੀਲਤਾ, ਵਿਸ਼ਾਲ-ਦਿਲੀ ਅਤੇ ਸਦਭਾਵਨਾ ਵਿਚ ਘਟ ਹੈ, ਜਾਂ ਕਿਸੇ ਵੀ ਤਰੀਕੇ ਨਾਲ (ਗੁਰੂ) ਨਾਨਕ ਦੇ ਧਰਮ ਨਾਲੋਂ ਘਟ ਧਾਰਨ ਕਰਨ ਯੋਗ ਹੈ। ਨਾਲ ਹੀ, ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਦੀ ਜੋ ਜਾਣਕਾਰੀ ਸਾਡੇ ਪਾਸ ਹੈ, (ਉਸ ਤੋਂ) ਸਾਡੀ ਕੌਮ ਦੇ ਸਾਂਝੇ ਪਿਤਾ ਪ੍ਰਤੀ ਸਾਡੀ ਸ਼ੁਕਰਗੁਜ਼ਾਰੀ ਉਤਸ਼ਾਹਿਤ ਹੋਣੀ ਚਾਹੀਦੀ ਹੈ, ਕਿ ਉਸ ਨੇ ਇਕ ਜਾਂ ਦੂਜੇ ਤਰੀਕੇ ਨਾਲ ਆਪਣੇ-ਆਪ ਦੀ ਠੀਕ ਸਮਝ ਉਸ ਤੋਂ ਹੋਰ ਗੰਭੀਰਤਾ ਨਾਲ ਪ੍ਰਸਾਰੀ ਹੈ, ਜਿਤਨੀ ਕਿ ਈਸਾਈਆਂ ਨੂੰ ਸਮਝ ਹੈ ਜਾਂ ਜਿਤਨੀ ਉਹ ਕਲਪਨਾ ਕਰਦੇ ਹਨ।"

ਇਸ ਨਸੀਹਤ ਦਾ ਇੰਨ-ਬਿੰਨ ਪਾਲਣ ਹੀ ਸਿੱਖਾਂ ਅਤੇ ਈਸਾਈਆਂ ਵਿਚ ਸੁਹਿਰਦਤਾ ਅਤੇ ਸ਼ਾਂਤੀ ਕਾਇਮ ਕਰ ਸਕੇਗਾ।

***(ਸਮਾਪਤ)***

# ਗੁਰੂ ਤੇਗ ਬਹਾਦਰ ਦਾ ਸੀਸ ਪ੍ਰਾਪਤ ਕਰਨ ਦਾ ਕੰਧ-ਚਿਤਰ

**ਡਾ. ਕੰਵਰਜੀਤ ਸਿੰਘ ਕੰਗ**
**ਫੋਨ: +91-98728-33604**

ਨੌਵੀਂ ਪਾਤਸ਼ਾਹੀ ਗੁਰੂ ਤੇਗ਼ ਬਹਾਦਰ ਜੀ ਨਾਲ ਸਬੰਧਤ ਕੰਧ-ਚਿਤਰ ਬਾਬਾ ਬਕਾਲਾ ਦੇ ਗੁਰਦੁਆਰੇ ਵਿਚ ਦੇਖੇ ਜਾ ਸਕਦੇ ਹਨ, ਪਰ ਉਨ੍ਹਾਂ ਨਾਲ ਸਬੰਧਿਤ ਇਕ ਵਿਸ਼ੇਸ਼ ਇਤਿਹਾਸਕ ਚਿਤਰ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਸੀਸ ਗੰਜ ਦੀ ਕੰਧ ਉਤੇ ਚਿਤਰਿਆ ਗਿਆ ਸੀ ਜੋ ਇਥੇ ਪ੍ਰਕਾਸ਼ਿਤ ਕੀਤਾ ਗਿਆ ਹੈ।

ਇਸ ਚਿਤਰ ਦਾ ਇਹ ਫੋਟੋਗਰਾਫ ਸਾਲ 1972 ਵਿਚ ਖਿੱਚਿਆ ਗਿਆ ਸੀ ਅਤੇ ਉਸ ਸਮੇਂ ਵੀ ਇਸ ਚਿੱਤਰ ਦੀ ਹਾਲਤ ਕਾਫ਼ੀ ਘਸਮੈਲੀ ਹੋ ਚੁੱਕੀ ਸੀ ਅਤੇ ਛੱਤ ਉਤੇ ਕਰਵਾਈ ਸਫੈਦੀ ਦੇ ਛਿੱਟਿਆਂ ਨੇ ਇਸ ਦੀ ਰਹਿੰਦੀ ਸੁੰਦਰਤਾ ਨੂੰ ਹੋਰ ਵਿਗਾੜ ਦਿੱਤਾ ਸੀ। ਬਾਅਦ ਵਿਚ ਇਹ ਕੰਧ-ਚਿਤਰ ਇਸ ਗੁਰਦੁਆਰੇ ਦੇ ਹੋਰ ਕੰਧ-ਚਿਤਰਾਂ ਵਾਂਗ ਕਥਿਤ ਨਵੀਨੀਕਰਨ ਦੀ ਬਲੀ ਚੜ੍ਹ ਗਿਆ।

11 ਨਵੰਬਰ 1675 ਨੂੰ ਜਦੋਂ ਸੂਰਜ ਅਸਤ ਹੋ ਗਿਆ ਸੀ ਤਾਂ ਔਰੰਗਜ਼ੇਬ ਦੇ ਹੁਕਮ ਅਨੁਸਾਰ ਦਿੱਲੀ ਵਿਚ ਚਾਂਦਨੀ ਚੌਕ ਵਿਚ ਤਲਵਾਰ ਚੱਲੀ ਤੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਅਨਿਆਂ ਨਾਲ ਚੱਲੀ ਹਨ੍ਹੇਰੀ ਤੇ ਵਾਵਰੋਲੇ ਵਿਚ ਭਾਈ ਜੈਤਾ ਦਲੇਰੀ ਨਾਲ ਅੱਗੇ ਵਧਿਆ ਅਤੇ ਬਿਜਲੀ ਦੇ ਲਿਸ਼ਕਾਰੇ ਵਾਂਗ ਸਤਿਗੁਰਾਂ ਦੇ ਪਵਿਤਰ ਸੀਸ ਨੂੰ ਲੈ ਕੇ ਅਨੰਦਪੁਰ ਸਾਹਿਬ ਵੱਲ ਸਿਮਰਨ ਕਰਦਾ ਭੀੜ ਵਿਚੋਂ ਲੋਪ ਹੋ ਗਿਆ।

ਇਹ ਸੀਸ ਭਾਈ ਜੈਤਾ ਨੇ ਕੀਰਤਪੁਰ ਸਾਹਿਬ ਲਿਜਾ ਕੇ ਰੱਖਿਆ, ਜਿਥੇ ਬਾਲ ਗੁਰੂ ਗੋਬਿੰਦ ਰਾਇ ਨੇ ਪਹੁੰਚ ਕੇ ਆਪਣੇ ਪਿਤਾ ਦਾ ਸੀਸ ਪ੍ਰਾਪਤ ਕੀਤਾ ਅਤੇ ਬਬਾਣ ਵਿਚ ਰੱਖ ਕੇ, ਸੰਗਤ ਨਾਲ ਸ਼ਬਦ ਕੀਰਤਨ ਗਾਇਨ ਕਰਦਿਆਂ ਅਨੰਦਪੁਰ ਸਾਹਿਬ ਪਹੁੰਚਾਇਆ ਅਤੇ ਚੰਦਨ ਦੀ ਲੱਕੜ ਨਾਲ ਅਗਨ ਭੇਟ ਕੀਤਾ। ਇਸ ਥਾਂ ਉਤੇ ਗੁਰਦੁਆਰਾ ਸੀਸ ਗੰਜ ਉਸਾਰਿਆ ਗਿਆ।

ਇਸ ਕੰਧ-ਚਿਤਰ ਵਿਚ ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਨੂੰ ਸਿੱਖਾਂ ਵੱਲੋਂ ਇਕ ਬਬਾਣ ਜਾਂ ਪਾਲਕੀ ਵਿਚ ਬਾ-ਦਸਤੂਰ ਅਤੇ ਬਾ-ਅਦਬ ਲਿਜਾਂਦਿਆਂ ਚਿਤਰਿਆ ਗਿਆ ਹੈ। ਚਾਰ ਸਿੱਖਾਂ ਨੇ ਆਪਣੇ ਮੋਢਿਆਂ ਉਤੇ ਪਾਲਕੀ ਨੂੰ ਚੁੱਕਿਆ ਹੋਇਆ ਹੈ ਅਤੇ ਇਕ ਸਿੱਖ ਸੀਸ ਉਤੇ ਚੌਰ ਫੇਰਨ ਦੀ ਸੇਵਾ ਕਰ ਰਿਹਾ ਹੈ। ਸ਼ਬਦ ਕੀਰਤਨ ਦੀ ਲੋੜ ਅਨੁਸਾਰ ਦੋ ਸੰਗੀਤਕਾਰ ਸਾਜ਼ ਵਜਾ ਰਹੇ ਹਨ। ਅਗਾਂਹ ਬਾਲ ਗੋਬਿੰਦ ਰਾਇ ਹੱਥ ਜੋੜ ਕੇ ਤੇ ਸਿਰ ਨਿਵਾ ਕੇ ਆਪਣੇ ਪਿਤਾ ਦਾ ਸੀਸ ਸਵੀਕਾਰ ਕਰ ਰਹੇ ਹਨ। ਬਾਲ ਗੁਰੂ ਦੇ ਸਿਰ ਉਤੇ ਵੀ ਇਕ ਸਿੱਖ ਚੌਰ ਫੇਰਨ ਦੀ ਸੇਵਾ ਕਰ ਰਿਹਾ ਹੈ। ਚਿਤਰ ਵਿਚ ਸ੍ਰੀ 108 ਸੀਸ ਪਾਤਸ਼ਾਹੀ ਨੌਵੀਂ ਦਿੱਲੀ ਤੋਂ ਆਇਆ- ਗੁਰਮੁਖੀ ਅੱਖਰਾਂ ਵਿਚ ਲਿਖਿਆ ਗਿਆ ਹੈ।



***ਗੁਰਦੁਆਰਾ ਸੀਸ ਗੰਜ ਦੀ ਕੰਧ ਵਾਲੇ ਚਿਤਰ ਦੀ ਤਸਵੀਰ।***

## ਗੁਰਬਾਣੀ ਗਿਆਨ

# ਕਿਆ ਤੂ ਸੋਚਹਿ ਕਿਆ ਤੂ ਚਿਤਵਹਿ

**ਰਾਗੁ ਮਲਾਰ ਮਹਲਾ ੫**
**ਚਉਪਦੇ ਘਰੁ ੧**
ੴ ਸਤਿਗੁਰ ਪ੍ਰਸਾਦਿ॥
ਕਿਆ ਤੂ ਸੋਚਹਿ ਕਿਆ ਤੂ ਚਿਤਵਹਿ
ਕਿਆ ਤੂੰ ਕਰਹਿ ਉਪਾਏ॥
ਤਾ ਕਉ ਕਹਹੁ ਪਰਵਾਹ ਕਾਹੂ ਕੀ
ਜਿਹ ਗੋਪਾਲ ਸਹਾਏ॥੧॥
ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥
ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ
ਨਵ ਨਿਧਿ ਨਾਮਿ ਸਮਾਏ॥੧॥ਰਹਾਉ॥
ਅਨਿਕ ਪ੍ਰਕਾਰ ਭੋਜਨ ਬਹੁ ਕੀਏ
ਬਹੁ ਬਿੰਜਨ ਮਿਸਟਾਏ॥
ਕਰੀ ਪਾਕਸਾਲ ਸੋਚ ਪਵਿਤ੍ਰਾ
ਹੁਣਿ ਲਾਵਹੁ ਭੋਗੁ ਹਰਿ ਰਾਏ॥੨॥
ਦੁਸਟ ਬਿਦਾਰੇ ਸਾਜਨ ਰਹਸੇ
ਇਹਿ ਮੰਦਿਰ ਘਰ ਅਪਨਾਏ॥
ਜਉ ਗ੍ਰਿਹਿ ਲਾਲੁ ਰੰਗੀਓ ਆਇਆ
ਤਉ ਮੈ ਸਭਿ ਸੁਖ ਪਾਏ॥੩॥
ਸੰਤ ਸਭਾ ਓਟ ਗੁਰ ਪੂਰੇ
ਧੁਰਿ ਮਸਤਕਿ ਲੇਖੁ ਲਿਖਾਏ॥
ਜਨ ਨਾਨਕ ਕੰਤੁ ਰੰਗੀਲਾ ਪਾਇਆ
ਫਿਰਿ ਦੂਖੁ ਨ ਲਾਗੈ ਆਏ॥੪॥੧॥

ਰਗ ਮਲਹਾਰ ਵਰਖਾ ਰੁੱਤ ਦਾ ਰਾਗ ਹੈ। ਗੁਰੂ ਅਰਜਨ ਦੇਵ ਜੀ ਆਖਦੇ ਹਨ, ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥ ਹੇ ਸਖੀ ਵਰਖਾ ਰੁਤ ਵਿਚ ਮੇਘੜਾ ਰਿਮਝਿਮ ਪਿਆ ਵਰਸਦਾ ਹੈ, ਧਰਤੀ ਅਤੇ ਜੀਵਾਂ ਦੀ ਤਪਸ਼ ਮੁਕ ਗਈ ਹੈ, ਸੁਹਾਣਾ ਮੌਸਮ ਹੈ, ਮੇਰੇ ਹਿਰਦੇ ਰੂਪੀ ਘਰ ਵਿਚ ਪ੍ਰਾਹੁਣਾ ਭਾਵ ਪ੍ਰਭੂ ਪਤੀ ਆ ਬੈਠਾ ਹੈ, ਮੇਰੇ ਅੰਦਰ ਉਸ ਦੀ ਮਿਹਰ ਦਾ ਬੱਦਲ ਵੱਸ ਰਿਹਾ ਹੈ ਅਤੇ ਸਾਰੀ ਤਪਸ਼ ਮੁਕ ਗਈ ਹੈ। ਹੇ ਮਿਹਰਾਂ ਦੇ ਖਜ਼ਾਨੇ ਪ੍ਰਭੂ, ਮੈਨੂੰ ਕੰਗਾਲ ਨੂੰ ਆਪਣੇ ਨਾਮ ਵਿਚ ਲੀਨ ਕਰ ਲੈ, ਤੇਰਾ ਨਾਮ ਹੀ ਮੇਰੇ ਲਈ ਨੌਂ ਖਜ਼ਾਨੇ ਹੈ।

ਕਿਆ ਤੂ ਸੋਚਹਿ ਕਿਆ ਤੂ ਚਿਤਵਹਿ
ਕਿਆ ਤੂੰ ਕਰਹਿ ਉਪਾਏ॥
ਤਾ ਕਉ ਕਹਹੁ ਪਰਵਾਹ ਕਾਹੂ ਕੀ
ਜਿਹ ਗੋਪਾਲ ਸਹਾਏ॥੧॥

ਗੁਰਦੇਵ ਜੀ ਆਖਦੇ ਹਨ, ਹੇ ਭਾਈ ਉਸ ਮਿਹਰਬਾਨ ਪ੍ਰਭੂ ਪ੍ਰੀਤਮ ਜੀ ਦੀ ਸ਼ਰਨ ਛੱਡ ਕੇ ਤੂੰ ਹੋਰ ਕੀ ਸੋਚਾਂ ਸੋਚਦਾ ਹੈਂ? ਤੂੰ ਹੋਰ ਕੀ ਉਪਾਓ ਚਿਤਵਦਾ ਹੈਂ? ਤੂੰ ਹੋਰ ਕਿਹੜੇ ਹੀਲੇ ਕਰਦਾ ਹੈਂ? ਭਾਈ ਜਿਸ ਮਨੁੱਖ ਦਾ ਸਹਾਈ ਉਹ ਪਰਮਾਤਮਾ ਆਪ ਆ ਬਣਦਾ ਹੈ, ਉਸ ਨੂੰ ਦੱਸ ਫਿਰ ਹੋਰ ਕਿਸ ਦੀ ਪਰਵਾਹ ਰਹਿ ਜਾਂਦੀ ਹੈ! ਬਸ ਉਸ ਮਾਲਕ ਨਾਲ ਆਪਣੀ ਪ੍ਰੀਤ ਬਣਾਈ ਰੱਖ।

ਅਨਿਕ ਪ੍ਰਕਾਰ ਭੋਜਨ ਬਹੁ ਕੀਏ
ਬਹੁ ਬਿੰਜਨ ਮਿਸਟਾਏ॥
ਕਰੀ ਪਾਕਸਾਲ ਸੋਚ ਪਵਿਤ੍ਰਾ
ਹੁਣਿ ਲਾਵਹੁ ਭੋਗੁ ਹਰਿ ਰਾਏ॥੨॥

ਗੁਰਦੇਵ ਜੀ ਪ੍ਰਭੂ ਪਤੀ ਦੀ ਆਮਦ 'ਤੇ ਵਿਸਮਾਦ ਹੋਏ ਆਖਦੇ ਹਨ, ਹੇ ਪ੍ਰਭ ਜੀਓ! ਤੇਰੇ ਆਉਣ 'ਤੇ ਤੇਰੇ ਪਿਆਰ ਵਿਚ ਮੈਂ ਬੜੀ ਸੁੱਚਮ ਨਾਲ ਹਿਰਦੇ ਰੂਪੀ ਰਸੋਈ ਵਿਚ ਅਨੇਕ ਤਰ੍ਹਾਂ ਦੇ ਮਿੱਠੇ ਸੁਆਦਲੇ ਭੋਜਨ ਤਿਆਰ ਕੀਤੇ ਹਨ। ਹੇ ਪ੍ਰਭ ਜੀ, ਹੁਣ ਇਸ ਰਸੋਈ ਭਾਵ ਭੋਜਨ ਨੂੰ ਪ੍ਰਵਾਨ ਕਰੋ, ਪਹਿਲਾਂ ਤੁਸੀਂ ਖਾਵੋ ਪਾਤਸ਼ਾਹ ਜੀਓ।

ਦੁਸਟ ਬਿਦਾਰੇ ਸਾਜਨ ਰਹਸੇ
ਇਹਿ ਮੰਦਿਰ ਘਰ ਅਪਨਾਏ॥
ਜਉ ਗ੍ਰਿਹਿ ਲਾਲੁ ਰੰਗੀਓ ਆਇਆ
ਤਉ ਮੈ ਸਭਿ ਸੁਖ ਪਾਏ॥੩॥

ਸਤਿਗੁਰੂ ਜੀ ਆਖਦੇ ਹਨ, ਹੇ ਸਖੀ! ਜਦੋਂ ਇਨ੍ਹਾਂ ਸਰੀਰ ਰੂਪੀ ਘਰਾਂ-ਮੰਦਿਰਾਂ ਨੂੰ ਉਹ ਮਿਹਰਬਾਨ ਪ੍ਰਭੂ ਪਤੀ ਅਪਨਾਉਂਦਾ ਹੈ, ਇਨ੍ਹਾਂ ਵਿਚ ਆਪਣਾ ਪ੍ਰਕਾਸ਼ ਕਰਦਾ ਹੈ ਤਾਂ ਉਦੋਂ ਇਨ੍ਹਾਂ ਵਿਚੋਂ ਕਾਮਾਦਿਕ ਦੁਸ਼ਟ ਨਾਸ ਹੋ ਜਾਂਦੇ ਹਨ ਅਤੇ ਦੈਵੀ ਗੁਣ, ਜੋ ਸੱਜਣ ਹਨ, ਉਹ ਪ੍ਰਫੁਲਿਤ ਹੋ ਜਾਂਦੇ ਹਨ। ਹੇ ਸਖੀ, ਜਦੋਂ ਤੋਂ ਮੇਰੇ ਹਿਰਦੇ ਘਰ ਵਿਚ ਰੰਗੀਲਾ ਸੋਹਣਾ ਪ੍ਰਭੂ ਆ ਵੱਸਿਆ ਹੈ, ਮੈਂ ਸਾਰੇ ਸੁੱਖ ਹਾਸਲ ਕਰ ਲਏ ਹਨ।

ਸੰਤ ਸਭਾ ਓਟ ਗੁਰ ਪੂਰੇ
ਧੁਰਿ ਮਸਤਕਿ ਲੇਖੁ ਲਿਖਾਏ॥
ਜਨ ਨਾਨਕ ਕੰਤੁ ਰੰਗੀਲਾ ਪਾਇਆ
ਫਿਰਿ ਦੂਖੁ ਨ ਲਾਗੈ ਆਏ॥੪॥੧॥

ਗੁਰਦੇਵ ਬਚਨ ਕਰਦੇ ਹਨ, ਧੁਰ ਦਰਗਾਹੋਂ ਹੀ ਜਿਸ ਜੀਵ ਦੇ ਮੱਥੇ ਉਤੇ ਸਾਧ ਸੰਗਤ ਵਿਚ ਪੂਰੇ ਗੁਰੂ ਦੀ ਓਟ ਦਾ ਲੇਖ ਲਿਖਿਆ ਹੁੰਦਾ ਹੈ, ਉਸ ਵਡਭਾਗੇ ਜੀਵ ਨੂੰ ਉਹ ਸੋਹਣਾ, ਰੰਗੀਲਾ, ਲਾਲ, ਪ੍ਰਭੂ ਪਤੀ ਆ ਕੇ ਮਿਲ ਪੈਂਦਾ ਹੈ। ਜਦੋਂ ਜੀਵ ਨੂੰ ਉਸ ਪਰਮਾਤਮਾ ਦਾ ਮਿਲਾਪ ਮਿਲ ਜਾਂਦਾ ਹੈ ਤਾਂ ਫਿਰ ਉਸ ਨੂੰ ਕੋਈ ਵੀ ਦੁੱਖ ਪੋਹ ਨਹੀਂ ਸਕਦਾ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਬੀਂਡੇ ਬੋਲਦੇ ਹਨ ਤਾਂ ਨਰਿੰਦਰ ਦੀ ਯਾਦ ਸਤਾਉਂਦੀ ਹੈ

**10ਵੀਂ ਬਰਸੀ 'ਤੇ**

**ਅਮੋਲਕ ਸਿੰਘ ਜੰਮੂ**

ਹੁਣ ਇਨ੍ਹੀਂ ਦਿਨੀਂ ਜਦੋਂ ਬੀਂਡੇ ਬੋਲਦੇ ਹਨ ਤਾਂ ਨਰਿੰਦਰ ਭੁੱਲਰ ਦੀ ਯਾਦ ਮੈਨੂੰ ਇਕਦਮ ਸਤਾਉਣ ਲਗਦੀ ਹੈ। ਜਦੋਂ ਬੀਂਡੇ ਇਕ ਪਿਛੋਂ ਇਕ ਆਵਾਜ਼ ਚੁਕਦੇ ਹਨ ਤਾਂ ਨਰਿੰਦਰ ਦੇ ਇਹ ਸ਼ਬਦ ਮੇਰੇ ਕੰਨਾਂ ਵਿਚ ਗੂੰਜਣ ਲਗਦੇ ਹਨ ਜੋ ਬੀਂਡਿਆਂ ਦੇ ਇੰਜ ਗੂੰਜਣ 'ਤੇ ਉਸ ਦੇ ਮੂੰਹੋਂ ਸੁਤੇਸਿਧ ਨਿਕਲ ਤੁਰਦੇ, "ਯਾਰ ਇਨ੍ਹਾਂ ਬੀਂਡਿਆਂ ਨੇ ਵੀ ਕੰਮ ਚੁਕਿਆ ਪਿਐ।" ਮੈਂ ਅਗੋਂ ਕਹਿਣਾ, ਇਹ ਭਲਾ ਕਿਹੜੀ ਨਵੀਂ ਗੱਲ ਹੈ? ਉਸ ਦਾ ਜਵਾਬ ਹੁੰਦਾ, "ਹਾਂ, ਮੇਰੇ ਲਈ ਤਾਂ ਇਹ ਗੱਲ ਨਵੀਂ ਹੀ ਹੈ, ਹੁਣ ਪੰਜਾਬ ਵਿਚ ਰੁਖ ਹੀ ਨਹੀਂ ਰਹੇ, ਭਲਾ ਬੀਂਡੇ ਕਿਥੋਂ ਬੋਲਣਗੇ?" ਨਰਿੰਦਰ ਮੇਰਾ ਸਾਥੀ ਪੱਤਰਕਾਰ ਹੀ ਨਹੀਂ, ਗੂੜ੍ਹਾ ਦੋਸਤ ਵੀ ਸੀ। ਹੁਣ ਨਰਿੰਦਰ ਨੂੰ ਗਿਆਂ 10 ਸਾਲ ਹੋ ਗਏ ਹਨ ਤਾਂ ਜਦੋਂ ਬੀਂਡੇ ਬੋਲਦੇ ਹਨ ਤਾਂ ਮੈਨੂੰ ਉਸ ਦੀ ਯਾਦ ਹੋਰ ਵੀ ਸਤਾਉਣ ਲਗਦੀ ਹੈ। ਉਸ ਦੇ ਤੁਰ ਜਾਣ ਪਿਛੋਂ ਮੈਂ ਸ਼ਰਧਾਂਜਲੀ ਵਜੋਂ ਲੇਖ ਲਿਖਿਆ ਸੀ, ਜੋ ਦੋਸਤਾਂ ਦੇ ਕਹਿਣ 'ਤੇ ਜਿਉਂ ਦਾ ਤਿਉਂ ਪਾਠਕਾਂ ਦੀ ਨਜ਼ਰ ਹੈ- ਉਸ ਦੇ ਨਾਲ ਬਿਤਾਏ ਦਿਨ ਚੇਤੇ ਕਰਨ ਲਈ:

### ਕਾਹਲੀ ਨਿਕਲੀ ਮੌਤ ਨਰਿੰਦਰ ਭੁੱਲਰ ਤੋਂ

ਨਰਿੰਦਰ ਸਿੰਘ ਭੁੱਲਰ ਇਸ ਜਹਾਨ 'ਤੇ ਨਹੀਂ ਰਿਹਾ। ਅਜੇ 10 ਅਗਸਤ ਨੂੰ ਹੀ ਤਾਂ ਮੈਂ, ਜੈ ਰਾਮ ਸਿੰਘ ਕਾਹਲੋਂ ਅਤੇ ਗੁਰਮੁਖ ਸਿੰਘ ਭੁੱਲਰ ਸ਼ਿਕਾਗੋ ਦੇ ਹਵਾਈ ਅੱਡੇ ਤੋਂ ਦਿੱਲੀ ਲਈ ਚੜ੍ਹਾ ਕੇ ਆਏ ਸਾਂ, ਹਮੇਸ਼ਾ ਵਾਂਗ ਹਸਮੁਖ, ਜੀਵਨ ਨਾਲ ਭਰਪੂਰ ਟਹਿਕਦੇ ਹੋਏ ਨਰਿੰਦਰ ਨੂੰ। ਉਥੇ ਹੀ ਡਾ. ਹਰਜਿੰਦਰ ਸਿੰਘ ਖਹਿਰਾ ਨਾਲ ਫੋਨ 'ਤੇ ਉਸ ਹੱਸ ਹੱਸ ਗੱਲਾਂ ਕੀਤੀਆਂ। ਜਦੋਂ ਉਸ ਦੇ ਇਸ ਜਹਾਨੋਂ ਤੁਰ ਜਾਣ ਦੀ ਖਬਰ ਮਿਲੀ, ਕਿਸੇ ਨੂੰ ਵੀ ਯਕੀਨ ਨਹੀਂ ਸੀ ਆ ਰਿਹਾ ਕਿ ਨਰਿੰਦਰ ਨਹੀਂ ਰਿਹਾ। 12 ਅਗਸਤ ਨੂੰ ਤਾਂ ਉਹ ਚੰਡੀਗੜ੍ਹ ਪਹੁੰਚਿਆ ਸੀ ਕਿ 15 ਨੂੰ ਇਹ ਹਾਦਸਾ ਵਾਪਰ ਗਿਆ। ਅਜੇ ਤਾਂ ਉਸ ਨੇ ਅਮਰੀਕਾ ਵਿਚ ਗੁਜ਼ਾਰੇ ਸਾਢੇ ਤਿੰਨ ਮਹੀਨਿਆਂ ਦੇ ਆਪਣੇ ਅਨੁਭਵ ਆਪਣੇ ਪਰਿਵਾਰ, ਆਪਣੇ ਦੋਸਤਾਂ ਅਤੇ ਆਪਣੇ ਪਾਠਕਾਂ ਨਾਲ ਸਾਂਝੇ ਵੀ ਨਹੀਂ ਸਨ ਕੀਤੇ। ਆਪਣੀ ਮਾਂ ਨੂੰ ਵੀ ਅਜੇ ਨਹੀਂ ਸੀ ਮਿਲਿਆ। ਉਸ ਦਾ ਮੁਰਸ਼ਦਾਂ ਜਿਹਾ ਦੋਸਤ ਗੁਰਦਿਆਲ ਬਲ ਉਸ ਨੂੰ ਪਟਿਆਲੇ ਉਡੀਕ ਰਿਹਾ ਸੀ ਅਤੇ ਜਿਸ ਸ਼ੁਕਰਵਾਰ ਨਰਿੰਦਰ ਨੇ ਬਲ ਨਾਲ ਪਟਿਆਲੇ ਆਉਣ ਦਾ ਵਾਅਦਾ ਕੀਤਾ ਸੀ, ਉਸੇ ਸ਼ੁਕਰਵਾਰ ਬਲ ਨੂੰ ਨਰਿੰਦਰ ਦੇ ਜਨਾਜੇ ਵਿਚ ਸ਼ਾਮਲ ਹੋਣਾ ਪਿਆ। ਹੋਣੀ ਦੀ ਆਪਣੀ ਹੀ ਦਲੀਲ ਹੁੰਦੀ ਹੈ। ਇਹ ਕਦੋਂ ਸੁਣਦੀ ਹੈ ਕਿ ਕਿਸੇ ਦੇ ਮਨ ਵਿਚ ਕੀ ਹੈ?

ਮੈਂ ਨਰਿੰਦਰ ਨੂੰ ਬੜਾ ਜ਼ੋਰ ਪਾ ਕੇ ਕਿਹਾ ਸੀ ਕਿ ਇਕ ਮਹੀਨਾ ਉਹ ਮੇਰੇ ਪਾਸ ਹੋਰ ਰਹਿ ਜਾਵੇ। 25 ਅਗਸਤ ਨੂੰ ਸ਼ਿਕਾਗੋ ਵਿਚ ਹੋ ਰਹੇ ਕਬੱਡੀ ਮੇਲੇ ਤਕ ਰੁਕਣ ਲਈ ਪੰਜਾਬ ਸਪੋਰਟਸ ਕਲੱਬ ਦੇ ਚੇਅਰਮੈਨ ਮਿੱਕੀ ਕਾਹਲੋਂ ਨੇ ਵੀ ਬਥੇਰਾ ਜੋਰ ਪਾਇਆ ਸੀ। ਹੁਣ ਸਾਰੇ ਹੱਥਾਂ 'ਤੇ ਦੰਦੀਆਂ ਵਢ ਰਹੇ ਹਾਂ, ਹਾਏ! ਜੇ ਪਤਾ ਹੁੰਦਾ ਇੰਜ ਹੋਣੀ ਹੈ ਤਾਂ ਉਸ ਨੂੰ ਜਬਰਦਸਤੀ ਹੀ ਰੋਕ ਲੈਂਦੇ। ਹੱਸਮੁਖ ਇਨਾ ਕਿ ਗੁਰਮੁਖ ਭੁੱਲਰ ਨੂੰ ਕਹਿਣ ਲੱਗਾ ਜਿਹੜੀ ਗਲਤੀ ਤੁਸੀਂ 26 ਅਪਰੈਲ ਨੂੰ ਕੀਤੀ ਸੀ, ਉਸ ਨੂੰ 10 ਅਗਸਤ ਨੂੰ ਸੁਧਾਰ ਲਉ। ਇਹ ਗੁਰਮੁਖ ਹੀ ਸੀ ਜਿਹੜਾ 26 ਅਪਰੈਲ ਨੂੰ ਓ-ਹੇਅਰ ਏਅਰਪੋਰਟ ਤੋਂ ਨਰਿੰਦਰ ਨੂੰ ਲੈ ਕੇ ਆਇਆ ਸੀ। ਕੁਝ ਹਫਤੇ ਪਹਿਲਾਂ ਹੀ ਤਾਂ ਜਦੋਂ 'ਜਗਤ ਤਮਾਸ਼ੇ' ਵਾਲੇ ਪੱਤਰਕਾਰ ਦਲਬੀਰ ਦੇ ਦਿਹਾਂਤ ਦੀ ਖਬਰ ਆਈ ਤਾਂ ਮੈਨੂੰ ਉਸ ਵਲੋਂ ਆਪਣੀ ਮੌਤ ਤੋਂ ਛੇ ਹਫਤੇ ਪਹਿਲਾਂ ਲਿਖਿਆ ਲੇਖ 'ਠਹਿਰ ਨੀ ਮੌਤੇ ਕਾਹਲੀਏ' ਇਕਦਮ ਚੇਤੇ ਆਇਆ ਸੀ। ਨਰਿੰਦਰ ਦੇ ਜ਼ਿੰਦਗੀ 'ਤੇ ਵਡੇ ਦਾਈਏ ਸਨ। ਅਮਰੀਕੀ ਕਮਿਊਨਿਸਟ ਬਾਬ ਅਵੇਕੀਅਨ ਦੇ ਹਮਾਇਤੀਆਂ ਵਲੋਂ ਕਿਤਾਬਾਂ ਦੀ ਲਾਈ ਗਈ ਇਕ ਨੁਮਾਇਸ਼ ਦੇਖਣ ਤੋਂ ਬਾਅਦ ਕਿਸੇ ਗੱਲ ਦੇ ਜਵਾਬ ਵਿਚ ਉਸ ਕਿਹਾ ਸੀ, ਜੇ ਬਾਬ ਅਵੇਕੀਅਨ ਨਾਲ ਮੁਲਾਕਾਤ ਹੋ ਜਾਵੇ ਤਾਂ ਜੀਵਨ ਸਫਲਾ ਹੋ ਜਾਵੇ। ਇਸ ਮੁਲਾਕਾਤ ਨੂੰ ਉਡੀਕਣ ਤੋਂ ਪਹਿਲਾਂ ਹੀ ਉਹ ਤੁਰ ਗਿਆ। ਨਰਿੰਦਰ ਨੇ ਅਜੇ 23 ਤਾਰੀਖ ਨੂੰ 50 ਸਾਲਾਂ ਦਾ ਹੋਣਾ ਸੀ। ਸ਼ਿਕਾਗੋ 'ਚ ਉਹ ਕਈਆਂ ਤੋਂ ਵਾਅਦੇ ਲੈ ਗਿਆ ਸੀ ਕਿ ਉਸ ਦੇ 50ਵੇਂ ਜਨਮ ਦਿਨ 'ਤੇ ਉਹ ਉਸ ਨੂੰ ਵਧਾਈ ਦੇਣਗੇ। ਇਨ੍ਹਾਂ ਵਿਚ ਮਦਾਮ ਬਵਾਰੀ ਨਾਵਲ ਦਾ ਅਨੁਵਾਦਕ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਅਮਰੀਕਨ ਗੋਰਾ ਬਾਬ ਅਤੇ ਸੁਰਿੰਦਰ ਸਿੰਘ ਭਾਟੀਆ ਵੀ ਸ਼ਾਮਲ ਹਨ। ਮੌਤ ਨਰਿੰਦਰ ਤੋਂ ਕਾਹਲੀ ਨਿਕਲੀ। ਨਰਿੰਦਰ ਦੀ ਵਿਹਲ ਨਹੀਂ ਉਡੀਕੀ ਕਿ ਕਦੋਂ ਉਹ ਆਪਣਾ 50ਵਾਂ ਜਨਮ ਦਿਨ ਮਨਾਵੇ ਜਾਂ ਫਿਰ ਅਮਰੀਕਾ ਦੇ ਸਫਰ ਦੌਰਾਨ ਕੀਤੀਆਂ ਮੁਲਾਕਾਤਾਂ ਲਿਖਣ ਤੋਂ ਵਿਹਲਾ ਹੋਵੇ। ਨਿਊ ਯਾਰਕ ਵਾਲਾ ਦੀਪ ਮੰਗਲੀ ਤਾਂ ਉਡੀਕਦਾ ਹੀ ਰਹਿ ਗਿਆ ਕਿ ਉਸ ਦੀ ਆਉਣ ਵਾਲੀ ਕਿਤਾਬ ਦਾ ਮੁਖ ਬੰਦ ਨਰਿੰਦਰ ਕਦੋਂ ਲਿਖੂ।

ਨਰਿੰਦਰ ਮੇਰਾ ਦੋਸਤ ਸੀ। ਮੈਨੂੰ ਵਡੇ ਭਰਾਵਾਂ ਤੋਂ ਵੀ ਵੱਧ ਪਿਆਰ ਦੇਣ ਵਾਲਾ ਦੋਸਤ। ਸਾਡੀ ਦੋਸਤੀ ਪੰਜਾਬੀ ਟ੍ਰਿਬਿਊਨ ਵਿਚ ਕੰਮ ਕਰਨ ਦੇ ਸਮੇਂ ਤੋਂ ਪਈ। ਹਾਲਾਤ ਉਤੇ ਕ੍ਰਿਝਣ ਦੀ ਆਦਤ ਸਾਡੀ ਸਾਂਝੀ ਸੀ। ਪੰਜਾਬੀ ਟ੍ਰਿਬਿਊਨ ਦੇ ਨਿਊਜ਼ ਡੈਸਕ 'ਤੇ ਕੰਮ ਕਰਦਿਆਂ ਸਹਿਯੋਗੀ ਸ਼ਮਸ਼ੇਰ ਸਿੰਘ ਸੰਧੂ ਤੇ ਅਰਵਿੰਦਰ ਕੌਰ ਨੇ ਕਹਿਣਾ ਇਹ ਦੋਵੇਂ ਵਡੇ ਕਲੇਸ਼ੀ ਹਨ, ਜੌੜੇ ਭਰਾ। ਮੇਰਾ ਅਗੋਂ ਜਵਾਬ ਹੁੰਦਾ, ਪਰ ਮੈਂ ਘੰਟਾ ਕੁ ਇਸ ਤੋਂ ਵਡਾ ਹਾਂ। 26 ਅਪਰੈਲ ਤੋਂ 10 ਅਗਸਤ ਤਕ ਮੇਰੇ ਪਾਸ ਠਹਿਰਾਓ ਦੌਰਾਨ ਅਸੀਂ ਇਕ ਦੂਜੇ ਨੂੰ ਬਹੁਤ ਕਰੀਬ ਤੋਂ ਜਾਨਣ ਦੀ ਕੋਸ਼ਿਸ਼ ਕੀਤੀ। ਮੇਰੀ ਬਿਮਾਰੀ ਦੇ ਇਸ ਦੌਰ ਦੌਰਾਨ ਨਰਿੰਦਰ ਨੇ ਮੈਨੂੰ ਨਾ ਸਿਰਫ ਬਹੁਤ ਵਡਾ ਸਹਾਰਾ ਦਿਤਾ, ਸਗੋਂ ਮੇਰੇ ਅੰਦਰ ਇਕ ਨਵਾਂ ਉਤਸ਼ਾਹ, ਜਿਊਣ ਦੀ ਇਕ ਨਵੀਂ ਲਲਕ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਉਸ ਵਿਚੋਂ ਪੰਜਾਬ ਟਾਈਮਜ਼ ਦਾ ਅਗਲਾ ਸੰਪਾਦਕ ਵੇਖਣ ਲਗ ਪਿਆ ਸਾਂ। ਨਰਿੰਦਰ ਵੀ ਮਨੋਂ ਇਸ ਜਿੰਮੇਵਾਰੀ ਨੂੰ ਓਟਣ ਲਗ ਪਿਆ ਸੀ। ਨਰਿੰਦਰ ਦੇ ਜਾਣ ਨਾਲ ਮੇਰੇ ਪਾਸੋਂ ਇਕ ਦੋਸਤ ਤਾਂ ਖੁਸਿਆ ਹੀ ਹੈ, ਪੰਜਾਬ ਟਾਈਮਜ਼ ਵੀ ਇਕ ਸੰਭਾਵੀ ਸੰਪਾਦਕ ਤੋਂ ਵਿਰਵਾ ਰਹਿ ਗਿਆ ਹੈ।

ਨਰਿੰਦਰ ਦੇ ਦੋਸਤਾਂ ਦਾ ਦਾਇਰਾ ਬਹੁਤ ਵਸੀਹ ਸੀ। ਇਨ੍ਹਾਂ ਦੋਸਤਾਂ ਵਿਚ ਬਲਦੇਵ ਧਾਲੀਵਾਲ, ਸੰਦੀਪ ਚੌਧਰੀ ਅਤੇ ਬਖਸ਼ਿੰਦਰ ਜਿਹੇ ਉਸ ਦੇ ਹਮਉਮਰ ਵੀ ਸ਼ਾਮਲ ਸਨ, ਜਸਵੀਰ ਸਮਰ ਅਤੇ ਦਲਜੀਤ ਅਮੀ ਜਿਹੇ ਉਮਰ ਤੋਂ ਬਹੁਤ ਛੋਟੇ ਵੀ, ਲੇਖਕ ਤੇ ਪੱਤਰਕਾਰ ਗੁਰਬਚਨ ਭੁੱਲਰ, ਡਾ. ਪ੍ਰੇਮ ਸਿੰਘ ਅਤੇ ਮੋਹਨ ਭੰਡਾਰੀ ਜਿਹੇ ਆਪਣੇ ਬਾਪ ਦੀ ਉਮਰ ਦੇ ਲੋਕ ਵੀ। ਜਿਥੇ ਵੀ ਜਾਂਦਾ ਨਵੇਂ ਦੋਸਤਾਂ ਦੀ ਸੂਚੀ ਵਿਚ ਹੋਰ ਵਾਧਾ ਕਰ ਲੈਂਦਾ। ਵਰਜੀਨੀਆ ਗਿਆ ਤਾਂ ਗੁਰਮੇਲ ਕੰਗ ਨੂੰ ਆਪਣੇ ਦੋਸਤਾਂ ਦੀ ਸੂਚੀ ਵਿਚ ਸ਼ਾਮਲ ਕਰ ਆਇਆ। ਪ੍ਰੋ. ਰਮਦੇਵ ਨੂੰ ਨਰਿੰਦਰ ਨਾਲ ਆਖਰੀ ਮੁਲਾਕਾਤ ਨਹੀਂ ਭੁਲਦੀ ਜਦੋਂ ਨਰਿੰਦਰ ਨੇ ਉਨ੍ਹਾਂ ਦੇ ਪੈਰੀਂ ਹੱਥ ਲਾਇਆ ਸੀ। ਪ੍ਰੋ. ਸਾਹਿਬ ਦੇ ਇਸ ਸਵਾਲ ਕਿ ਅਗੇ ਤਾਂ ਹਮੇਸ਼ਾਂ ਜੱਫੀ ਪਾ ਕੇ ਮਿਲਦਾ ਸੀ, ਅੱਜ ਇਹ ਕਿਉਂ? ਨਰਿੰਦਰ ਦਾ ਜਵਾਬ ਸੀ, ਤੁਸੀਂ ਮੇਰੇ ਪਿਤਾ ਸਮਾਨ ਹੋ, ਆਸ਼ੀਰਵਾਦ ਦਿਓ।



*ਪੰਜਾਬ ਟਾਈਮਜ਼ ਨਾਈਟ-2007 ਦੀ ਇਕ ਯਾਦ (ਖੱਬਿਓਂ ਖੜ੍ਹੇ) ਨਰਿੰਦਰ ਭੁੱਲਰ ਅਤੇ ਸੱਜੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਅਸਿਸਟੈਂਟ ਐਡੀਟਰ ਕਰਮਜੀਤ ਸਿੰਘ, ਜਸਪ੍ਰੀਤ ਕੌਰ, ਹਰਵਿੰਦਰ ਸਿੰਘ ਆਹੂਜਾ, ਮਨਦੀਪ ਸਿੰਘ, (ਬੈਠੇ) ਪ੍ਰੋ. ਜਗਿੰਦਰ ਸਿੰਘ ਰਮਦੇਵ ਅਤੇ ਅਮੋਲਕ ਸਿੰਘ ਜੰਮੂ।*

ਕਿਤਾਬਾਂ ਖਰੀਦਣ ਤੇ ਪੜ੍ਹਨ ਦਾ ਨਰਿੰਦਰ ਨੂੰ ਖਬਤ ਸੀ। ਹਰ ਮਹੀਨੇ ਤਨਖਾਹ ਦਾ ਦਸਵੰਧ ਕਿਤਾਬਾਂ 'ਤੇ ਲਾਉਣਾ ਉਸ ਦਾ ਨੇਮ ਸੀ। ਅਮਰੀਕਾ ਆਏ ਲੋਕ ਆਪਣੇ ਮਿੱਤਰ ਪਿਆਰਿਆਂ ਲਈ ਵੰਨ ਸੁੰਨੇ ਤੋਹਫੇ ਖਰੀਦਦੇ ਹਨ ਪਰ ਨਰਿੰਦਰ ਕਿਤਾਬਾਂ ਖਰੀਦੀ ਗਿਆ। ਵਾਪਸੀ ਲਈ ਜਹਾਜ ਚੜ੍ਹਨ ਸਮੇਂ ਉਸ ਦੇ ਸਾਮਾਨ ਵਿਚ ਬਾਕੀ ਚੀਜ਼ਾਂ ਘੱਟ ਸਨ ਤੇ ਕਿਤਾਬਾਂ ਬਹੁਤੀਆਂ। ਮੈਂ ਹੱਸ ਕੇ ਕਿਹਾ ਤੇਰੀ ਘਰਵਾਲੀ ਤੇਰਾ ਸਾਮਾਨ ਵੇਖ ਕੇ ਗਾਉਣ ਲਗੇਗੀ, "ਸਭ ਲਾਏ ਫੂਲ ਮੇਰਾ ਬੁਢਾ ਗੋਭੀ ਲੇ ਕੇ ਆ ਗਿਆ, ਹਾਏ ਰਾਮ ਮੁਝੇ ਬੁਢਾ ਮਿਲ ਗਿਆ।"

ਕਿਤਾਬਾਂ ਪੜ੍ਹਨ ਦੀ ਆਦਤ ਤਾਂ ਪਹਿਲਾਂ ਤੋਂ ਹੀ ਸੀ ਪਰ ਕਿਤਾਬਾਂ ਨੂੰ ਗੁੜ੍ਹਨ ਲਈ ਉਹ ਹਮੇਸ਼ਾਂ ਆਪਣੇ ਮੁਰਸ਼ਦ ਦੋਸਤ ਗੁਰਦਿਆਲ ਸਿੰਘ ਬਲ ਦਾ ਰਿਣੀ ਰਿਹਾ। ਕੁਝ ਹਫਤੇ ਪਹਿਲਾਂ ਹੀ ਨਰਿੰਦਰ ਨੇ ਕਿਹਾ ਸੀ, ਜ਼ਿੰਦਗੀ ਦੇ ਆਰ ਪਾਰ ਦੇਖਣ ਦੀ ਜਿੰਨੀ ਸੂਝ ਬਲ ਵਿਚ ਹੈ, ਮੈਨੂੰ ਹੋਰ ਕਿਧਰੇ ਨਹੀਂ ਦਿਸੀ। ਮਾਨਵੀ ਸਬੰਧਾਂ ਨੂੰ ਜਾਨਣ ਬਾਰੇ ਕਿਸੇ ਵੀ ਫੈਸਲੇ ਸਮੇਂ ਬਲ ਦੀ ਸਲਾਹ ਤੋਂ ਬਾਹਰ ਜਾ ਕੇ ਮੈਂ ਕੁਝ ਕੀਤਾ ਹੈ ਤਾਂ ਮਾਰ ਖਾਧੀ ਹੈ। ਨਰਿੰਦਰ ਉਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਤੇ ਕਹਾਣੀਕਾਰ ਗੁਰਬਚਨ ਭੁੱਲਰ ਅਤੇ ਗੁਰਦਿਆਲ ਬਲ ਦਾ ਬਹੁਤ ਡੂੰਘਾ ਅਸਰ ਸੀ।

ਨਰਿੰਦਰ ਦਾ ਸਾਰਾ ਜੀਵਨ ਇਕ ਸੰਘਰਸ਼ ਦਾ ਜੀਵਨ ਰਿਹਾ ਹੈ। ਅਜੇ 10-11 ਸਾਲ ਦਾ ਸੀ ਕਿ ਪਿਤਾ ਬਿਮਾਰ ਹੋ ਕੇ ਮੰਜੇ 'ਤੇ ਪੈ ਗਏ ਅਤੇ ਫਿਰ ਛੇਤੀ ਹੀ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਆਪਣੇ ਬਲਬੂਤੇ ਪੜ੍ਹਾਈ ਕੀਤੀ, ਭੈਣਾਂ ਦੇ ਘਰ ਵਸਾਏ। ਅਜੇ ਪਿਛਲੇ ਸਾਲ ਹੀ ਉਸ ਨੇ ਚੰਡੀਗੜ੍ਹ ਤੋਂ ਬਾਹਰਵਾਰ ਜ਼ੀਰਕਪੁਰ ਵਿਚ ਘਰ ਬਣਾਇਆ ਸੀ। ਬੜੇ ਚਾਅ ਨਾਲ ਉਹ ਸਭਨਾਂ ਨੂੰ ਸੱਦੇ ਦਿੰਦਾ ਗਿਆ ਕਿ ਚੰਡੀਗੜ੍ਹ ਆਓ ਤਾਂ ਮੇਰੇ ਪਾਸ ਰੁਕਣਾ। ਹਰ ਕਿਸੇ ਨੂੰ ਆਪਣਾ ਅਤਾ-ਪਤਾ ਲਿਖ ਲਿਖ ਦੇਂਦਾ ਰਿਹਾ ਅਤੇ ਖੁਦ ਕਿਤੇ ਹੋਰ ਹੀ ਜਾ ਵੱਸਿਆ, ਜਿਥੋਂ ਦਾ ਕਿਸੇ ਨੂੰ ਥਹੁ-ਪਤਾ ਨਹੀਂ।

ਅਮਰੀਕਾ ਵਿਚ ਜਿਸ ਗੱਲ ਤੋਂ ਉਹ ਸਭ ਤੋਂ ਵੱਧ ਪ੍ਰਭਾਵਿਤ ਹੋਇਆ, ਉਹ ਸੀ ਇਥੋਂ ਦੀਆਂ ਸੜਕਾਂ ਅਤੇ ਟਰੈਫਿਕ। ਜ਼ਿੰਦਗੀ ਵਿਚ ਜਿਸ ਗੱਲ ਤੋਂ ਉਹ ਸਭ ਤੋਂ ਵੱਧ ਤ੍ਰਹਿੰਦਾ ਸੀ, ਉਹ ਸੀ ਸੜਕ ਹਾਦਸੇ। ਪਿਛਲੇ ਸਾਲ ਠੀਕ 17 ਅਗਸਤ ਨੂੰ ਉਸ ਦਾ ਪੰਜਾਬੀ ਟ੍ਰਿਬਿਊਨ ਵਿਚ ਹਾਦਸਿਆਂ ਬਾਰੇ ਇਕ ਲੰਮਾ ਲੇਖ ਛਪਿਆ ਸੀ। ਇਸ 17 ਅਗਸਤ ਨੂੰ ਨਰਿੰਦਰ ਦਾ ਸਸਕਾਰ ਹੋ ਰਿਹਾ ਸੀ। ਵਿਡੰਬਨਾ ਇਹ ਹੈ ਕਿ ਜਿਸ ਹਾਦਸੇ ਤੋਂ ਉਹ ਡਰਦਾ ਸੀ, ਉਸੇ ਹਾਦਸੇ ਦਾ ਸ਼ਿਕਾਰ ਹੋ ਗਿਆ।

ਨਰਿੰਦਰ ਧੁਰ ਅੰਦਰੋਂ ਕਮਿਊਨਿਸਟ ਸੀ ਪਰ ਆਮ ਕਾਮਰੇਡਾਂ ਵਾਂਗ ਦਰਸ਼ਨੀ ਕਾਮਰੇਡ ਨਹੀਂ। ਧਰਮ ਦੀਆਂ ਵਲਗਣਾਂ ਤੋਂ ਮੁਨਕਰ ਸੀ ਪਰ ਸਿੱਖ ਫਲਸਫੇ ਦੇ ਮਾਨਵਵਾਦ ਵਿਚ ਉਸ ਨੂੰ ਡੂੰਘਾ ਯਕੀਨ ਸੀ। ਉਸ ਨੂੰ ਪੱਕਾ ਯਕੀਨ ਸੀ ਕਿ ਇਨਕਲਾਬ ਆਵੇਗਾ। ਮੈਂ ਉਸ ਨੂੰ ਦਿਨ ਵਿਚ ਕਈ ਕਈ ਵਾਰ ਚਹੇਡ ਕਰਨੀ, 'ਕਾਮਰੇਡ ਤੇਰਾ ਇਨਕਲਾਬ ਨਹੀਂ ਆਉਣ ਲੱਗਾ, ਘਟੋ-ਘੱਟ ਤੇਰੀ ਤੇ ਮੇਰੀ ਜ਼ਿੰਦਗੀ ਵਿਚ ਨਹੀਂ।' ਉਸ ਅਗੋਂ ਹੱਸ ਕੇ ਕਹਿਣਾ, "ਸ਼ਾਇਦ ਤੂੰ ਠੀਕ ਕਹਿਨੈਂ।" ਪਿਛਲੇ ਮਹੀਨੇ ਅਮਰੀਕੀ ਸਿਟੀਜ਼ਨਸ਼ਿਪ ਲਈ ਹਲਫ ਲੈਣ ਦੀਆਂ ਸ਼ਰਤਾਂ ਦੀ ਗੱਲ ਤੁਰੀ ਤਾਂ ਇਨ੍ਹਾਂ ਵਿਚੋਂ ਇਕ ਸ਼ਰਤ ਸੀ ਕਿ ਤੁਸੀਂ ਕਮਿਊਨਿਸਟ ਨਹੀਂ ਹੋ, ਦੂਜੀ ਸੀ ਕਿ ਜੇ ਲੋੜ ਪਈ ਤਾਂ ਤੁਸੀਂ ਆਪਣੇ ਨਵੇਂ ਅਪਨਾਏ ਦੇਸ਼ ਲਈ ਜਾਨ ਵਾਰ ਦਿਉਗੇ। ਮੈਂ ਹੱਸ ਕੇ ਕਿਹਾ, 'ਕਾਮਰੇਡ ਤੇਰਾ ਕੀ ਖਿਆਲ ਹੈ, ਇਨ੍ਹਾਂ ਸ਼ਰਤਾਂ ਨਾਲ ਸਿਟੀਜ਼ਨ ਬਣੇਂਗਾ?' ਕਹਿਣ ਲੱਗਾ, ਕਮਿਊਨਿਸਟ ਹੋਣ ਬਾਰੇ ਤਾਂ ਦਿਲ ਦਿਤੀ ਜਾ ਸਕਦੀ ਹੈ ਪਰ ਜਾਨ ਵਾਲੀ ਗੱਲ 'ਤੇ ਨਹੀਂ। ਜਾਨ ਨੂੰ ਸੌਖੀ ਕਰਨ ਵਾਸਤੇ ਤਾਂ ਅਮਰੀਕਾ ਆਉਣਾ ਹੈ ਅਤੇ ਉਹ ਵੀ ਵਾਰ ਦਿਉ! ਜੇ ਜਾਨ ਹੀ ਵਾਰਨੀ ਹੈ ਤਾਂ ਇੰਡੀਆ ਮਾੜੈ? ਇਸ ਗੱਲ ਤੋਂ ਦੋ ਹਫਤੇ ਬਾਅਦ ਉਹ ਜਾਨ ਵਾਰ ਗਿਆ, ਹਿੰਦੋਸਤਾਨ ਦੀਆਂ ਸੜਕਾਂ ਤੋਂ।



*ਸ਼ਿਕਾਗੋ ਦੇ ਭਾਈਚਾਰੇ ਪਾਸੋਂ ਸਨਮਾਨ ਕਬੂਲ ਕਰਦਿਆਂ ਨਰਿੰਦਰ ਭੁੱਲਰ।*



*ਖੱਬਿਓਂ ... ਹੈਪੀ ਹੀਰ, ਲਖਬੀਰ ਸਿੰਘ ਸੰਧੂ, ਨਰਿੰਦਰ ਭੁੱਲਰ, ਪ੍ਰੋ. ਜਗਿੰਦਰ ਸਿੰਘ ਰਮਦੇਵ ਅਤੇ ਮਹਿੰਦਰ ਸਿੰਘ ਰਕਾਲਾ।*

# ਨਰਿੰਦਰ ਭੁੱਲਰ ਦਾ ਜਾਣਾ: ਦਹਾਕਾ ਲੰਮਾ ਦਰਦ

ਪੂਰੇ ਦਸ ਵਰ੍ਹੇ ਪਹਿਲਾਂ ਝਕਾਨੀ ਜਿਹੀ ਦੇ ਕੇ ਤੁਰ ਜਾਣ ਵਾਲਾ ਯਾਰ ਨਰਿੰਦਰ ਸਿੰਘ ਭੁੱਲਰ ਅੱਜ ਹੁੰਦਾ ਤਾਂ ਉਹਨੇ 'ਪੰਜਾਬੀ ਟ੍ਰਿਬਿਊਨ' ਤੋਂ ਇਸੇ ਮਹੀਨੇ ਰਿਟਾਇਰ ਹੋਣਾ ਸੀ। ਪੁਰਾਣੀਆਂ ਫਾਈਲਾਂ ਫਰੋਲਦਿਆਂ ਉਹਦੀ ਲਿਖੀਆਂ ਰਚਨਾਵਾਂ ਪੜ੍ਹੀਆਂ, ਦੰਗ ਕਰਨ ਵਾਲੇ ਅਹਿਸਾਸ ਇਨ੍ਹਾਂ ਰਚਨਾਵਾਂ ਵਿਚ ਪਰੋਏ ਹੋਏ ਹਨ। ਉਹ ਜਿਸ ਸਹਿਜ, ਸਬਰ, ਸਿਦਕ ਅਤੇ ਸਿਰੜ ਨਾਲ ਪੱਤਰਕਾਰੀ ਦੀ ਪੌੜੀ ਚੜ੍ਹ ਰਿਹਾ ਸੀ, ਉਸ ਦੀਆਂ ਗੱਲਾਂ ਅਜੇ ਹੋਣੀਆਂ ਸਨ, ਪਰ ਇਸ ਅਮਲ ਨੂੰ 16 ਅਗਸਤ 2007 ਵਾਲੇ ਦਿਨ ਇਕਲਖਤ ਵੱਢ ਵੱਜ ਗਿਆ।

ਉਦੋਂ ਉਹ 12 ਅਗਸਤ ਦਿਨ ਐਤਵਾਰ ਨੂੰ ਹੀ ਤਾਂ ਅਮਰੀਕਾ ਰਹਿ ਰਹੇ ਆਪਣੇ ਯਾਰ ਅਮੋਲਕ ਸਿੰਘ ਜੰਮੂ ਕੋਲ ਕੁਝ ਮਹੀਨੇ ਬਿਤਾ ਕੇ ਭਾਰਤ ਪੁੱਜਾ ਸੀ। ਜਿਸ ਤੀਬਰਤਾ ਨਾਲ ਉਸ ਦਾ ਦਫਤਰ, ਪਰਿਵਾਰ ਅਤੇ ਸੱਜਣ-ਮਿੱਤਰ ਉਸ ਨੂੰ ਅਮਰੀਕਾ ਤੋਂ ਉਡੀਕ ਰਹੇ ਸਨ, ਉਨੀ ਹੀ ਤੇਜ਼ੀ ਨਾਲ ਉਹ ਅਗਾਂਹ ਨਿਕਲ ਗਿਆ। ਇੰਨਾ ਨਿਰਮੋਹਾ ਤਾਂ ਉਹ ਕਦੀ ਵੀ ਨਹੀਂ ਸੀ!... ਸਰੀਰ ਅਤੇ ਮਨ ਦੇ ਆਰਾਮ ਖਾਤਰ ਸਿਰਫ 15 ਮਿੰਟਾਂ ਦਾ ਠੌਂਕਾ ਲਾਉਣ ਵਾਲਾ ਨਰਿੰਦਰ ਸਿਰ ਦੀ ਸੱਟ ਕਾਰਨ ਹਸਪਤਾਲ ਵਿਚ 15 ਘੰਟੇ ਲਗਾਤਾਰ ਬੇਹਰਕਤ ਪਿਆ ਰਿਹਾ। ਉਹਦੀ ਇੱਡੀ ਲੰਮੀ ਖਾਮੋਸ਼ੀ ਅੱਜ ਵੀ ਜਾਨ ਕੱਢੀ ਜਾਂਦੀ ਹੈ।

ਉਹਦੇ ਹੁੰਦਿਆਂ ਅਜਿਹੀ ਖਾਮੋਸ਼ੀ ਦਾ ਮਤਲਬ ਹੀ ਕੋਈ ਨਹੀਂ ਸੀ। ਉਹ ਰਾਹ ਜਾਂਦਿਆਂ ਅਣਜਾਣਾਂ ਨਾਲ ਵੀ ਗੱਲੀਂ ਜੁਟ ਜਾਂਦਾ। ਉਸ ਦੇ ਸੰਵਾਦ ਦਾ ਇਹ ਅਮਲ ਬਚਪਨ ਵਿਚ ਹੀ ਸ਼ੁਰੂ ਹੋ ਗਿਆ ਸੀ। ਉਹਨੇ ਛੇਵੀਂ ਵਿਚ ਪੜ੍ਹਦੇ ਨੇ ਪੰਜਾਬੀ ਯੂਨੀਵਰਸਿਟੀ ਦੇ ਵੀ.ਸੀ. ਨੂੰ ਲੰਮੀ ਚਿੱਠੀ ਲਿਖੀ। ਸੱਤਵੀਂ ਵਿਚ ਪੜ੍ਹਦਿਆਂ ਕਹਾਣੀਕਾਰ ਗੁਰਬਚਨ ਭੁੱਲਰ ਨੂੰ ਚਿੱਠੀ ਲਿਖੀ ਤਾਂ ਉਮਰ ਭਰ ਦਾ ਰਿਸ਼ਤਾ ਬਣ ਗਿਆ। ਉਨ੍ਹਾਂ ਨੇ ਹੀ ਉਹਨੂੰ ਦਿੱਲੀ ਬੁਲਾਇਆ, ਨੌਕਰੀ ਦਿਵਾਈ। ਫਿਰ 1992 ਵਿਚ ਚੰਡੀਗੜ੍ਹ 'ਪੰਜਾਬੀ ਟ੍ਰਿਬਿਊਨ' ਵਿਚ ਸਬ ਐਡੀਟਰੀ ਮਿਲ ਗਈ। ਦਸ ਸਾਲ ਪਹਿਲਾਂ ਨਰਿੰਦਰ ਨੂੰ ਸਦਾ-ਸਦਾ ਲਈ ਵਿਦਾ ਕਰਦਿਆਂ ਗੁਰਬਚਨ ਭੁੱਲਰ ਦੀ ਧਾਹ ਨਿਕਲ ਗਈ ਸੀ। ਉਨ੍ਹਾਂ ਲਿਖਿਆ ਸੀ: "ਮੈਨੂੰ ਤਾਂ ਅਜੇ ਤੱਕ ਸਮਝ ਨਹੀਂ ਆਈ, ਮੇਰਾ ਉਹਦੇ ਨਾਲ ਰਿਸ਼ਤਾ ਕੀ ਹੈ/ਸੀ। ਕਦੀ ਪੁੱਤ ਲੱਗਦਾ, ਕਦੀ ਨਿੱਕਾ ਭਰਾ ਅਤੇ ਇੰਨੀਆਂ ਸਿਆਣੀਆਂ ਗੱਲਾਂ ਕਰਦਾ ਕਦੀ ਪਿਓ ਲਗਦਾ।" ਉਹਦੇ ਸਾਰੇ ਰਿਸ਼ਤੇ ਤੇ ਸੰਪਰਕ ਬੱਸ ਇੱਦਾਂ ਦੇ ਹੀ ਸਨ। ਜਿੰਨੀ ਤੇਜ਼ੀ ਨਾਲ ਉਹ ਦੋਸਤੀਆਂ ਪਾਉਂਦਾ, ਸਿਰੇ ਦੇ ਮੱਤਭੇਦ ਹੁੰਦਿਆਂ ਵੀ ਥੋੜ੍ਹੀ ਕੀਤੇ ਦੋਸਤੀ ਦਾ ਪੱਲਾ ਨਾ ਛੱਡਦਾ। ਆਖਦਾ, ਦੋਸਤੀਆਂ ਤੋੜਨ ਲਈ ਨਹੀਂ ਹੁੰਦੀਆਂ।

ਕੰਮ ਦੇ ਮਾਮਲੇ ਵਿਚ ਉਹ ਕਿਸੇ ਦਾ ਸਕਾ ਨਹੀਂ ਸੀ ਹੁੰਦਾ; ਉਹ ਸਿਰਫ ਕਾਮਿਆਂ ਦਾ ਹੀ ਸਕਾ ਬਣਦਾ ਸੀ। ਦਫਤਰ ਦੀ ਯੂਨੀਅਨ ਦੀਆਂ 2000 ਵਾਲੀਆਂ ਚੋਣਾਂ ਮੌਕੇ ਉਹ ਪਹਿਲੀ ਵਾਰ ਸਟੇਜ ਤੋਂ ਬੋਲਿਆ। ਪੰਜ ਮਿੰਟ ਦਾ ਭਾਸ਼ਣ ਕਰ ਕੇ ਸਟੇਜ ਤੋਂ ਹੇਠਾਂ ਉਤਰਿਆ ਤਾਂ ਲੋਕ ਕਹਿਣ: "ਇਸ ਬੰਦੇ ਨੂੰ ਬਣਾਓ ਪ੍ਰਧਾਨ।" ਉਹਨੇ ਵਿਰੋਧੀ ਧੜੇ ਦੇ ਪ੍ਰਧਾਨ ਦੇ ਅਹੁਦੇ ਲਈ ਉਮੀਦਵਾਰ ਦੇ ਤੂੰਬੇ ਹੀ ਉਡਾ ਛੱਡੇ ਸਨ। ਇਹ ਉਮੀਦਵਾਰ ਉਹਦਾ ਮਿੱਤਰ ਸੀ, ਪਰਿਵਾਰਾਂ ਦੀ ਸਾਂਝ ਵੀ ਸੀ, ਪਰ ਨਰਿੰਦਰ ਲਈ ਕੰਮ ਅਤੇ ਦਫਤਰ ਪਹਿਲਾਂ ਸੀ।

ਉਹਦੇ ਸਰੋਕਾਰ ਸਿੱਧੇ ਲੋਕਾਂ ਨਾਲ ਸਨ। ਇਨ੍ਹਾਂ ਸਰੋਕਾਰਾਂ ਖਾਤਰ ਹੀ ਉਹ ਲਿਖਦਾ, ਪੜ੍ਹਦਾ, ਵਿਚਰਦਾ ਅਤੇ ਬਹਿਸਾਂ ਕਰਦਾ ਸੀ। ਸਮਾਜਵਾਦੀਆਂ ਕੋਲੋਂ ਰਹਿ ਗਈਆਂ ਰੜਕਾਂ ਬਾਰੇ ਅਕਸਰ ਗੱਲਾਂ ਤੋਰਦਾ। ਇਹ ਗੱਲਾਂ ਉਹਦੇ 1987 ਵਿਚ ਛਪੇ ਕਹਾਣੀ ਸੰਗ੍ਰਿਹ 'ਚਾਨਣ ਕਤਲ ਨਹੀਂ ਹੁੰਦੇ' ਵਿਚ ਵੀ ਆਈਆਂ। ਟ੍ਰੈਫਿਕ ਦੇ ਮਾੜੇ ਹਾਲਾਤ ਬਾਰੇ ਅਕਸਰ ਗੱਲਾਂ ਕਰਦਾ। ਸਰਕਾਰ ਦੀ ਨਾ-ਅਹਿਲੀਅਤ ਖਿਲਾਫ ਰਿੱਟਾਂ ਪਾਉਣ ਦੀਆਂ ਵਿਉਂਤਾਂ ਬਣਾਉਂਦਾ। ਲਾਪ੍ਰਵਾਹੀ ਵਾਲੀ ਟ੍ਰੈਫਿਕ ਕਾਰਨ ਹੁੰਦੇ ਹਾਦਸਿਆਂ ਬਾਰੇ ਉਹਨੇ ਲੰਮਾ ਲੇਖ ਵੀ ਲਿਖਿਆ ਸੀ। ਭਰੂਣ ਹੱਤਿਆ ਖਿਲਾਫ ਲੇਖ ਹੀ ਨਹੀਂ ਲਿਖਿਆ, ਇਕ ਗੈਰ ਸਰਕਾਰੀ ਸੰਸਥਾ ਰਾਹੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਚਿੱਠੀ ਵੀ ਭੇਜ ਛੱਡੀ। ਉਦੋਂ ਇਹਦਾ ਤੁਰੰਤ ਅਸਰ ਹੋਇਆ ਸੀ।

ਉਹਨੂੰ ਅਮਰੀਕਾ ਤੋਂ ਰਵਾਨਾ ਕਰ ਕੇ ਅਮੋਲਕ ਸਿੰਘ ਜੰਮੂ ਨੇ ਕਿਹਾ ਸੀ, "ਆਹ ਸਾਂਭੋ ਆਪਣਾ ਕਾਮਰੇਡ! 'ਭੇਜੋ ਭੇਜੋ' ਦੀ ਰਟ ਲਾਈ ਸੀ।" ਹੁਣ ਉਨ੍ਹਾਂ (ਅਮੋਲਕ ਸਿੰਘ ਜੰਮੂ) ਦੀ ਆਖੀ ਗੱਲ ਭੁਲਾਇਆਂ ਵੀ ਨਹੀਂ ਭੁੱਲਦੀ, ਸਗੋਂ ਸੀਨੇ ਵਿਚ ਚੀਰ ਪਾਉਂਦੀ ਲੰਘ ਜਾਂਦੀ ਹੈ। ਸੜਕ ਹਾਦਸੇ ਤੋਂ ਬਾਅਦ ਨਰਿੰਦਰ ਦੇ ਤੁਰ ਜਾਣ ਪਿਛੋਂ ਉਨ੍ਹਾਂ ਦਾ ਉਲਾਂਭਾ ਸੀ, "ਇਸੇ ਕੰਮ ਲਈ ਉਹਨੂੰ ਸੱਦ ਰਹੇ ਸੀ...?" ਇਹ ਅਸਲ ਵਿਚ ਯਾਰ ਦਾ ਆਪਣੇ ਯਾਰ ਲਈ ਉਮਰਾਂ ਜਿੱਡਾ ਲੰਮੇਰਾ ਹਉਕਾ ਸੀ! ਨਰਿੰਦਰ ਅੱਜ ਭਾਵੇਂ ਸਾਡੇ ਵਿਚਕਾਰ ਨਹੀਂ, ਪਰ ਆਪਣੀ ਜ਼ਿੰਦਾਦਿਲੀ ਕਰ ਕੇ ਉਹ ਅੱਜ ਵੀ ਆਪਣੇ ਮਿੱਤਰਾਂ ਦੇ ਅੰਗ-ਸੰਗ ਹੈ।

**-ਜਸਵੀਰ ਸਮਰ**

# ਮੀਡੀਆ ਅਤੇ ਰਾਜਨੀਤੀ: ਅੰਤਰਝਾਤ ਦੀ ਲੋੜ

***ਨਿਰਾਲੇ ਤੇ ਨਿਆਰੇ ਸ਼ਖਸ ਨਰਿੰਦਰ ਭੁੱਲਰ ਦਾ ਇਹ ਲੇਖ ਤੇਰਾਂ ਵਰ੍ਹੇ ਪਹਿਲਾਂ, ਜਨਵਰੀ 2004 ਵਿਚ 'ਪੰਜਾਬੀ ਟ੍ਰਿਬਿਊਨ' ਵਿਚ ਛਪਿਆ ਸੀ। ਇਸ ਲੇਖ ਵਿਚ ਉਸ ਨੇ ਤਤਕਾਲੀ ਪੱਤਰਕਾਰੀ ਦਾ ਡੂੰਘਾ ਵਿਸ਼ਲੇਸ਼ਣ ਕਰਦਿਆਂ ਰਾਜਨੀਤਕ ਅਤੇ ਕਾਰਪੋਰੇਟੀ ਦਾਬੇ ਬਾਰੇ ਜਿਹੜਾ ਖਦਸ਼ਾ ਜ਼ਾਹਰ ਕੀਤਾ ਸੀ, ਅੱਜ ਉਹ ਵਿਕਰਾਲ ਰੂਪ ਵਿਚ ਮੀਡੀਆ ਉਤੇ ਕਾਠੀ ਪਾਈ ਬੈਠਾ ਹੈ। ਹੁਣ ਮੀਡੀਆ ਉਤੇ ਰਾਜਨੀਤੀ ਇਸ ਕਦਰ ਭਾਰੂ ਹੋ ਚੁੱਕੀ ਹੈ ਕਿ ਮੀਡੀਆ ਵਾਲੇ ਮਿਸ਼ਨ ਦਾ ਸਾਹ ਹੀ ਸੂਤਿਆ ਗਿਆ ਹੈ। ਨਰਿੰਦਰ ਭੁੱਲਰ ਨੂੰ ਉਸ ਦੀ 10ਵੀਂ ਬਰਸੀ (16 ਅਗਸਤ) ਮੌਕੇ ਯਾਦ ਕਰਦਿਆਂ ਅਸੀਂ ਆਪਣੇ ਸੁਘੜ ਪਾਠਕਾਂ ਨਾਲ ਮੀਡੀਆ ਅਤੇ ਰਾਜਨੀਤੀ ਬਾਰੇ ਇਹ ਲੇਖ ਸਾਂਝਾ ਕਰ ਰਹੇ ਹਾਂ। ਅਗਲੇ ਅੰਕ ਵਿਚ ਉਸ ਦੀ ਇਕ ਕਹਾਣੀ ਵੀ ਸਾਂਝੀ ਕੀਤੀ ਜਾਵੇਗੀ।... ਦਰਦ ਦਾ ਇਕ ਹੋਰ ਦਰਿਆ ਵੀ ਸਾਂਝਾ ਕਰ ਲਈਏ- ਕੁਝ ਦਿਨਾਂ ਬਾਅਦ, ਭਾਵ 23 ਅਗਸਤ ਨੂੰ ਨਰਿੰਦਰ ਦਾ 60ਵਾਂ ਜਨਮ ਦਿਨ ਵੀ ਹੈ। -ਸੰਪਾਦਕ***

ਲਾਤੀਨੀ ਭਾਸ਼ਾ ਦੇ ਸ਼ਬਦ 'ਮੀਡੀਆ' ਦੇ ਸ਼ੁਰੂ ਵਿਚ ਚਾਹੇ ਕੁਝ ਵੀ ਅਰਥ ਰਹੇ ਹੋਣ, ਪਰ 19ਵੀਂ ਸਦੀ ਤੱਕ ਆਉਂਦਿਆਂ ਹਰ ਪ੍ਰਕਾਰ ਦੇ ਰਸਾਲੇ, ਅਖਬਾਰ ਲਈ ਇਹ ਸ਼ਬਦ ਵਰਤਿਆ ਜਾਣ ਲੱਗ ਪਿਆ ਅਤੇ ਹੁਣ ਇਸ ਵਿਚ ਟੀ.ਵੀ. ਚੈਨਲ ਵੀ ਸ਼ਾਮਲ ਹੋ ਗਏ ਹਨ। ਇਹਦੇ ਸ਼ਾਬਦਿਕ ਅਰਥਾਂ- ਮੱਧ, ਵਿਚਕਾਰ, ਸਾਧਨ, ਵਿਚੋਲਾ- ਵੱਲ ਜਾਈਏ ਤਾਂ ਇਹਦਾ ਭਾਵ ਇਹ ਬਣਦਾ ਹੈ ਕਿ ਮੀਡੀਆ ਨੇ ਪਾਠਕ/ਦਰਸ਼ਕ ਦੀ ਸਾਂਝ ਕਿਸੇ ਦੂਜੇ ਸੰਸਾਰ ਨਾਲ ਪੁਆਉਣ ਦਾ ਸਾਧਨ ਬਣਨਾ ਹੈ। ਇਹ ਆਪ ਸਾਧਕ ਨਹੀਂ, ਸੰਚਾਰ ਦਾ ਸਾਧਨ ਹੈ। ਇਸ ਤਰ੍ਹਾਂ ਨੀਲੀ ਛੱਤ ਦੇ ਹੇਠਾਂ ਵਿਚਰਦੀ ਹਰ ਚੀਜ਼ ਨਾਲ ਇਹਦਾ ਰਿਸ਼ਤਾ ਹੈ ਵੀ ਅਤੇ ਨਹੀਂ ਵੀ। ਰਿਸ਼ਤਾ ਇਸ ਕਰ ਕੇ ਹੈ, ਕਿਉਂਕਿ ਇਹਨੇ ਹਰ ਵਰਤਾਰੇ ਤੱਕ ਆਪ ਪਹੁੰਚ ਕਰਨੀ ਹੈ; ਨਹੀਂ ਇਸ

**ਨਰਿੰਦਰ ਸਿੰਘ ਭੁੱਲਰ**

ਕਰ ਕੇ ਹੈ, ਕਿਉਂਕਿ ਇਹਨੇ ਪਾਠਕ/ਸਰੋਤੇ ਨੂੰ ਉਹਦੀ ਠੀਕ ਤਸਵੀਰ ਦਿਖਾ ਕੇ ਆਪ ਲਾਂਭੇ ਹੋ ਜਾਣਾ ਹੈ। ਰਾਜਨੀਤੀ ਨਾਲ ਵੀ ਮੀਡੀਆ ਦਾ ਰਿਸ਼ਤਾ ਇਸੇ ਤਰ੍ਹਾਂ ਦਾ ਹੈ। ਇਨ੍ਹਾਂ ਦੋਹਾਂ ਦਾ ਇਕ ਦੂਜੇ ਦੇ ਬਿਨਾਂ ਸਰਦਾ ਵੀ ਨਹੀਂ ਹੈ ਅਤੇ ਇਹ ਇਕ ਦੂਜੇ ਦੇ ਵਿਰੋਧੀ ਵੀ ਹਨ।

ਮੀਡੀਆ ਨੇ ਸਮਾਜਿਕ, ਆਰਥਿਕ, ਸਭਿਆਚਾਰਕ, ਧਾਰਮਿਕ, ਵਿਗਿਆਨਕ ਅਤੇ ਹੋਰ ਖੇਤਰਾਂ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਸਾਂਝ ਪਾਠਕ/ਸਰੋਤੇ ਨਾਲ ਪੁਆਉਣੀ ਹੁੰਦੀ ਹੈ ਅਤੇ ਇਹਦੇ ਨਾਲ ਹੀ ਰਾਜਨੀਤੀ ਦੇ ਖੇਤਰ ਦੇ ਉਤਾਰ-ਚੜ੍ਹਾਅ ਵੀ ਉਨ੍ਹਾਂ ਦੇ ਰੂ-ਬਰੂ ਕਰਨੇ ਹੁੰਦੇ ਹਨ, ਪਰ ਮੀਡੀਆ ਦੀ ਵਰਤਮਾਨ ਤਸਵੀਰ 'ਤੇ ਝਾਤ ਪਾਈਏ ਤਾਂ ਪਤਾ ਲੱਗਦਾ ਹੈ ਕਿ ਸਮੁੱਚਾ ਮੀਡੀਆ ਰਾਜਨੀਤੀ ਦੇ ਖਬਤ ਦਾ ਸ਼ਿਕਾਰ ਹੋ ਗਿਆ ਹੈ। ਰਾਜਨੀਤੀ ਦੇ ਗਾੜ੍ਹੇ ਕਾਲੇ ਬੱਦਲਾਂ ਨੇ ਮੀਡੀਆ ਦੇ ਲੋਕਮੁਖਤਾ ਦੇ ਮੰਤਵ ਨੂੰ ਲੁਕੋ ਦਿੱਤਾ ਹੈ। ਮੀਡੀਆ ਹੁਣ ਲੋਕਾਂ ਨੂੰ ਰਾਜਨੀਤੀ ਦੇ ਅਖਾੜੇ ਵਿਚ ਵਾਪਰਦੀਆਂ ਘਟਨਾਵਾਂ ਦੇ ਦੀਦਾਰ ਕਰਾਉਣ ਦੀ ਥਾਂ ਆਪ ਰਾਜਨੀਤੀ ਕਰਨ ਲੱਗ ਪਿਆ ਹੈ। ਅਖਬਾਰਾਂ, ਰਸਾਲਿਆਂ ਅਤੇ ਟੀ.ਵੀ. ਚੈਨਲਾਂ 'ਤੇ ਇਸ ਵੇਲੇ ਰਾਜਨੀਤੀ ਭਾਰੂ ਹੈ। ਰਾਜਨੀਤੀ ਨੂੰ ਰਿਪੋਰਟ ਕਰਨਾ, ਮੀਡੀਆ ਦਾ ਇਕ ਕੰਮ ਤਾਂ ਹੈ, ਪਰ ਇਹ ਮੀਡੀਆ ਦਾ ਇਕੋ ਇਕ ਕੰਮ ਨਹੀਂ।

ਮੀਡੀਆ ਉਤੇ ਰਾਜਨੀਤੀ ਦੋ ਢੰਗਾਂ ਨਾਲ ਹਾਵੀ ਹੁੰਦੀ ਹੈ। ਇਨ੍ਹਾਂ ਦੋਹਾਂ ਢੰਗਾਂ 'ਤੇ ਚਰਚਾ ਕਰਨ ਤੋਂ ਪਹਿਲਾਂ ਇਹ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਰਾਜਨੀਤੀ ਤੋਂ ਭਾਵ ਕੇਵਲ ਰਾਜਨੀਤਕ ਪਾਰਟੀਆਂ ਅਤੇ ਰਾਜਨੀਤਕ ਆਗੂ ਨਹੀਂ ਹੈ। ਵੱਡੇ ਪੂੰਜੀਪਤੀ ਤੇ ਜ਼ਿਮੀਂਦਾਰ, ਧਾਰਮਿਕ ਡੇਰਿਆਂ ਦੇ ਆਗੂ, ਮਾਫੀਆ ਸਰਗਨੇ, ਸ਼ਰਾਬ ਦੇ ਠੇਕੇਦਾਰ, ਖੇਤਰ ਜਾਂ ਜਾਤਪਾਤ ਦੇ ਨਾਂ 'ਤੇ ਬਣੇ ਸੱਤਾ-ਕੇਂਦਰ ਅਤੇ ਅਪਰਾਧੀ ਟੋਲੇ ਵੀ ਆਪਣੇ-ਆਪ ਵਿਚ ਰਾਜਨੀਤੀ ਹਨ। ਇਨ੍ਹਾਂ ਦੀ ਰਾਜਨੀਤੀ ਵੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਮੀਡੀਆ 'ਤੇ ਅਸਰਅੰਦਾਜ਼ ਹੋ ਰਹੀ ਹੈ।

**ਪਹਿਲਾ ਢੰਗ:** ਬਹੁਤੇ ਅਖਬਾਰ ਅਤੇ ਟੀ.ਵੀ. ਚੈਨਲ ਹੁਣ ਪੂੰਜੀਪਤੀਆਂ ਦੇ ਹੱਥਾਂ ਵਿਚ ਹਨ। ਉਨ੍ਹਾਂ ਨੇ ਮੀਡੀਆ ਦੇ ਮਿਸ਼ਨ ਨੂੰ ਆਪਣੇ ਮੁਨਾਫੇ ਦੀ ਖਾਤਰ ਬਦਲ ਦਿੱਤਾ ਹੈ। ਉਹ ਮੀਡੀਆ ਵਿਚ ਵੱਡੀਆਂ ਰਕਮਾਂ ਦਾ ਨਿਵੇਸ਼ ਕਰਦੇ ਹਨ ਅਤੇ ਅਖਬਾਰਾਂ-ਰਸਾਲਿਆਂ ਨੂੰ ਕਿਸੇ ਪ੍ਰੋਡਕਟ ਦੀ ਤਰ੍ਹਾਂ ਵੇਚਦੇ ਹਨ। ਆਪਣੇ ਮੁਨਾਫੇ ਦੀ ਖਾਤਰ, ਉਹ ਲੋਕਾਂ ਨੂੰ ਸੰਸਾਰ ਦੀ ਉਹੀ ਤਸਵੀਰ ਦਿਖਾਉਂਦੇ ਹਨ, ਜਿਹੜੀ ਉਨ੍ਹਾਂ ਦੇ ਕਾਰੋਬਾਰੀ ਹਿਤਾਂ ਅਤੇ ਇਸ਼ਤਿਹਾਰ ਦੇਣ ਵਾਲੀਆਂ ਕੰਪਨੀਆਂ ਦੇ ਹਿਤਾਂ ਦੇ ਅਨੁਕੂਲ ਹੁੰਦੀ ਹੈ। ਅਜਿਹੇ ਲੋਕਾਂ ਦੇ ਹੱਥਾਂ ਵਿਚ ਆਇਆ ਮੀਡੀਆ ਕੁਝ ਖਬਰਾਂ ਨੂੰ ਲੋੜ ਤੋਂ ਵੱਧ ਉਭਾਰਦਾ ਹੈ, ਕੁਝ ਨੂੰ ਹਾਸ਼ੀਏ 'ਤੇ ਸੁੱਟ ਦਿੰਦਾ ਹੈ ਅਤੇ ਕੁਝ ਨੂੰ ਬਿਲਕੁਲ ਅੱਖੋਂ ਓਹਲੇ ਕਰ ਦਿੰਦਾ ਹੈ। ਉਦਾਹਰਣ ਵਜੋਂ, ਲੁਧਿਆਣਾ ਦੀਆਂ ਫੈਕਟਰੀਆਂ ਵਿਚ ਕੰਮ ਕਰਦੇ ਮਜ਼ਦੂਰਾਂ ਦੀਆਂ ਦੁੱਖ-ਤਕਲੀਫਾਂ ਬਾਰੇ, ਲੇਬਰ ਟ੍ਰਿਬਿਊਨਲ ਵਿਚ ਚਲਦੇ ਕੇਸਾਂ ਬਾਰੇ ਅਤੇ ਕਿਰਤੀਆਂ ਦੀਆਂ ਯੂਨੀਅਨਾਂ ਬਾਰੇ ਕਦੇ ਹੀ ਕੋਈ ਖਬਰ ਪੜ੍ਹਨ-ਸੁਣਨ ਨੂੰ ਮਿਲਦੀ ਹੈ। ਇਸ ਵਰਤਾਰੇ ਨੂੰ ਨੌਮ ਚੌਮਸਕੀ ਨੇ 'ਫਿਲਟਰ ਆਊਟ ਦਿ ਨਿਊਜ਼' ਕਿਹਾ ਹੈ।

ਰਾਜਨੀਤਕ ਆਗੂਆਂ ਅਤੇ ਪੂੰਜੀਪਤੀਆਂ ਦੇ ਹਿੱਤਾਂ ਵਿਚ ਕੋਈ ਟਕਰਾਅ ਨਹੀਂ ਹੈ। ਪੂੰਜੀਪਤੀਆਂ ਦੇ ਸਾਰੇ ਜਾਇਜ਼-ਨਾਜਾਇਜ਼ ਕੰਮ ਸੱਤਾਧਾਰੀ ਸਿਆਸੀ ਆਗੂਆਂ ਦੀ ਕਿਰਪਾ ਨਾਲ ਹੀ ਸਿਰੇ ਲੱਗਦੇ ਹਨ। ਇਸ ਲਈ ਪੂੰਜੀਪਤੀਆਂ ਦੇ ਅਖਬਾਰਾਂ ਅਤੇ ਟੀ.ਵੀ. ਚੈਨਲਾਂ ਵਿਚ ਉਨ੍ਹਾਂ ਦਾ ਸਿੱਧਾ ਦਖ਼ਲ ਹੁੰਦਾ ਹੈ। ਸੰਪਾਦਕਾਂ ਤੇ ਰਿਪੋਰਟਰਾਂ ਦੀਆਂ ਨਿਯੁਕਤੀਆਂ ਤੇ ਬਰਖਾਸਤਗੀਆਂ ਵਿਚ ਵੀ ਕਈ ਰਾਜਨੀਤਕ ਆਗੂ ਸਿੱਧਾ ਦਖ਼ਲ ਦਿੰਦੇ ਹਨ। ਇਸ ਕਿਸਮ ਦੇ ਹਾਲਾਤ ਵਿਚ ਪ੍ਰੈਸ ਦੀ ਆਜ਼ਾਦੀ ਸੱਚ, ਜਮਹੂਰੀਅਤ ਅਤੇ ਨਿਆਂ ਵਰਗੇ ਸ਼ਬਦਾਂ ਵਾਂਗ ਹੀ ਅਰਥਹੀਣ ਸ਼ਬਦ ਬਣ ਕੇ ਰਹਿ ਗਈ ਹੈ। ਸਿਰਸਾ ਵਿਚ 'ਪੂਰਾ ਸੱਚ' ਦੇ ਸੰਪਾਦਕ ਰਾਮ ਚੰਦਰ ਛਤਰਪਤੀ ਦੀ ਹੱਤਿਆ, 'ਤਹਿਲਕਾ ਡਾਟ ਕਾਮ' ਦੇ ਮੁਖੀ ਤਰੁਣ ਤੇਜਪਾਲ ਤੇ ਹੋਰ ਪੱਤਰਕਾਰਾਂ 'ਤੇ ਪਾਏ ਕੇਸਾਂ, 'ਦਿ ਹਿੰਦੂ', 'ਨਕੀਰਨ' ਤੇ 'ਮੁਰਾਸੋਲੀ' ਅਖਬਾਰਾਂ ਦੇ ਸੰਪਾਦਕਾਂ ਤੇ ਰਿਪੋਰਟਰਾਂ ਨਾਲ ਹੋਈਆਂ ਵਧੀਕੀਆਂ ਅਤੇ ਹਰਿਆਣਾ ਵਿਚੋਂ ਇਕ ਹਿੰਦੀ ਅਖਬਾਰ ਦੇ ਰਿਪੋਰਟਰ ਦੀ ਰਾਜਨੀਤਕ ਦਬਾਅ ਹੇਠ ਹੋਈ ਬਦਲੀ ਤੋਂ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਕੁਝ ਰਾਜਨੀਤਕ ਆਗੂਆਂ ਨੇ ਆਪਣੇ ਟਿੱਪਣੀਕਾਰ/ਵਿਸ਼ਲੇਸ਼ਕ ਰੱਖੇ ਹੋਏ ਹਨ, ਜਿਹੜੇ ਉਨ੍ਹਾਂ ਦਾ ਅਕਸ ਨਿਖਾਰਨ ਲਈ ਪੂੰਜੀਪਤੀਆਂ ਦੇ ਅਖਬਾਰਾਂ ਵਿਚ ਸਮੇਂ-ਸਮੇਂ ਲੇਖ ਲਿਖਦੇ ਰਹਿੰਦੇ ਹਨ। ਅਜਿਹੇ ਆਗੂ ਜਦੋਂ ਸੱਤਾ ਵਿਚ ਹੁੰਦੇ ਹਨ ਤਾਂ ਇਹ ਟਿੱਪਣੀਕਾਰ ਉਨ੍ਹਾਂ ਦੇ ਮੰਤਰਾਲਿਆਂ ਦੀ ਕਥਿਤ ਕਾਇਆ-ਕਲਪ ਬਾਰੇ ਬੜੀ ਗੰਭੀਰਤਾ ਨਾਲ ਲੇਖ ਲਿਖ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਇਸ ਤਰ੍ਹਾਂ ਮੀਡੀਆ ਇਸ ਵੇਲੇ ਪੂੰਜੀਪਤੀਆਂ ਅਤੇ ਰਾਜਨੀਤਕ ਆਗੂਆਂ ਦੇ ਕੰਟਰੋਲ ਵਿਚ ਹੈ। ਕੀ ਛਪਣਾ ਹੈ, ਕੀ ਨਹੀਂ; ਇਸ ਦਾ ਫੈਸਲਾ ਇਨ੍ਹਾਂ ਦੋਹਾਂ ਧਿਰਾਂ ਦੇ ਹਿਤਾਂ ਨੂੰ ਧਿਆਨ ਵਿਚ ਰੱਖ ਕੇ ਹੁੰਦਾ ਹੈ।

**ਦੂਜਾ ਢੰਗ:** ਪੂੰਜੀਪਤੀਆਂ ਨੇ ਜਦੋਂ ਨਿਵੇਸ਼ ਕੀਤਾ ਹੈ ਅਤੇ ਮੀਡੀਆ ਨੂੰ ਇਕ ਪ੍ਰੋਡਕਟ ਬਣਾ ਦਿੱਤਾ ਹੈ ਤਾਂ ਉਨ੍ਹਾਂ ਵੱਲੋਂ ਮੁਨਾਫੇ ਦੀ ਤਵੱਕੋ ਰੱਖਣਾ ਸੁਭਾਵਿਕ ਹੈ। ਉਹ ਮੀਡੀਆ ਨੂੰ ਮਿਸ਼ਨ ਨਹੀਂ, ਇਕ ਧੰਦਾ ਮੰਨਦੇ ਹਨ ਅਤੇ ਧੰਦੇ ਦੀ ਪਹਿਲੀ ਸ਼ਰਤ ਹੀ ਮੁਨਾਫਾ ਹੈ। ਇਸ ਲਈ ਪੂੰਜੀਪਤੀ ਹਰ ਸੱਤਾ ਕੇਂਦਰ ਦੇ ਸਾਹਮਣੇ ਝੁਕਣ ਲਈ ਸਦਾ ਤਤਪਰ ਰਹਿੰਦੇ ਹਨ, ਪਰ ਪੱਤਰਕਾਰਾਂ ਨੇ ਵੀ ਆਪਣੇ ਕੰਮ ਨੂੰ ਮਿਸ਼ਨ ਦੀ ਥਾਂ ਧੰਦਾ ਬਣਾ ਦਿੱਤਾ ਹੈ। ਗੱਲ ਧੰਦੇ ਤੱਕ ਹੀ ਸੀਮਿਤ ਰਹਿੰਦੀ ਤਾਂ ਵੀ ਤਾਂ ਕੁਝ ਇਮਾਨਦਾਰੀ ਬਚੀ ਰਹਿਣੀ ਸੀ, ਪਰ ਬਹੁਤੇ ਪੱਤਰਕਾਰ ਤਾਂ ਸਰਕਾਰ ਤੇ ਪ੍ਰਸ਼ਾਸਨ ਦੇ ਬੁਲਾਰੇ ਬਣ ਕੇ ਰਹਿ ਗਏ ਹਨ। ਮਿਸਾਲ ਵਜੋਂ, ਕਸ਼ਮੀਰ ਮਸਲੇ ਬਾਰੇ ਮੀਡੀਆ ਦਾ ਉਹੀ ਸਟੈਂਡ ਹੈ, ਜੋ ਸਰਕਾਰ ਦਾ ਹੈ। ਸਰਕਾਰ ਦੀ ਬੋਲੀ ਬੋਲਣ ਨੂੰ ਹੀ ਦੇਸ਼ ਭਗਤੀ ਸਮਝ ਲਿਆ ਗਿਆ ਹੈ।

ਮੀਡੀਆ ਨੇ ਕਦੇ ਇਹ ਸਵਾਲ ਨਹੀਂ ਪੁੱਛਿਆ ਕਿ ਸਰਕਾਰ ਦੀ ਨਜ਼ਰ ਵਿਚ ਕਸ਼ਮੀਰ ਮਸਲੇ ਦਾ ਹੱਲ ਕੀ ਹੈ? ਇਸੇ ਤਰ੍ਹਾਂ ਸੁਰੱਖਿਆ ਦਲ ਜੇ ਕਿਸੇ ਨੂੰ ਦਹਿਸ਼ਤਗਰਦ ਕਹਿੰਦੇ ਹਨ ਤਾਂ ਮੀਡੀਆ ਵੀ ਅੱਖਾਂ ਮੀਟ ਕੇ ਉਸ ਨੂੰ ਦਹਿਸ਼ਤਗਰਦ ਦਾ ਲਕਬ ਦੇ ਦਿੰਦਾ ਹੈ। ਪਹਿਲਾਂ-ਪਹਿਲ ਦਹਿਸ਼ਤਗਰਦ ਦੇ ਨਾਲ ਸ਼ਬਦ 'ਸੋ ਕਾਲਡ' ਭਾਵ ਕਥਿਤ ਵਰਤਿਆ ਜਾਂਦਾ ਸੀ, ਪਰ ਹੁਣ ਦਹਿਸ਼ਤਗਰਦ ਦੀ ਸਰਕਾਰੀ ਪਰਿਭਾਸ਼ਾ ਨੂੰ ਮੀਡੀਆ ਨੇ ਸਿਰ ਝੁਕਾ ਕੇ ਮੰਨ ਲਿਆ ਹੈ। ਮੀਡੀਆ ਤੇ ਸਰਕਾਰ ਦੀ ਸੁਰ ਕਿਵੇਂ ਮਿਲੀ ਹੋਈ ਹੈ, ਇਸ ਦੀਆਂ ਤਿੰਨ ਮਿਸਾਲਾਂ ਇਥੇ ਪੇਸ਼ ਹਨ:

ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਦੇ ਭਾਰਤ ਦੌਰੇ ਮੌਕੇ ਚਿੱਠੀ ਸਿੰਘਪੁਰਾ ਵਿਚ ਸਿੱਖਾਂ ਦਾ ਸਮੂਹਿਕ ਕਤਲੇਆਮ (20 ਮਾਰਚ 2000 ਨੂੰ ਇਸ ਪਿੰਡ ਵਿਚ 36 ਸਿੱਖ ਮਾਰ ਦਿੱਤੇ ਗਏ ਸਨ) ਕੀਤਾ ਗਿਆ ਸੀ। ਸੁਰੱਖਿਆ ਦਲਾਂ ਨੇ ਕੁਝ ਦਿਨਾਂ ਬਾਅਦ ਕਤਲੇਆਮ ਦੇ ਕਸੂਰਵਾਰ 5 ਦਹਿਸ਼ਤਗਰਦਾਂ ਨੂੰ ਮਾਰ ਦੇਣ ਦਾ ਦਾਅਵਾ ਕੀਤਾ ਸੀ। ਸਾਰੀਆਂ ਅਖਬਾਰਾਂ ਨੇ ਸਰਕਾਰੀ ਕਥਨ ਛਾਪ ਕੇ ਮਾਸੂਮ ਲੋਕਾਂ ਨੂੰ ਦਹਿਸ਼ਤਗਰਦ ਬਣਾ ਦਿੱਤਾ ਸੀ। ਬਾਅਦ ਵਿਚ ਜਾਂਚ ਤੋਂ ਪਤਾ ਲਗਾ ਕਿ ਮਾਰੇ ਗਏ ਲੋਕ ਤਾਂ ਗਰੀਬ ਪੇਂਡੂ ਸਨ। ਅਸਲ ਕਾਤਲਾਂ ਦਾ ਤਾਂ ਅਜੇ ਤੱਕ ਪਤਾ ਨਹੀਂ ਲਗ ਸਕਿਆ।

'ਕਸ਼ਮੀਰ ਟਾਈਮਜ਼' ਦੇ ਦਿੱਲੀ ਬਿਊਰੋ ਦੇ ਚੀਫ਼ ਇਫ਼ਤਿਖਾਰ ਜੀਲਾਨੀ ਨੂੰ 9 ਜੂਨ 2002 ਨੂੰ ਕੇਵਲ ਇਸ ਲਈ ਗ੍ਰਿਫਤਾਰ ਕਰ ਲਿਆ ਗਿਆ ਕਿ ਉਸ ਦੇ ਕੋਲ ਭਾਰਤੀ ਫੌਜ ਦੀ ਤਾਇਨਾਤੀ ਸਬੰਧੀ ਕੁਝ ਸੀ.ਡੀਜ਼ ਸਨ। ਫੌਜ ਨਾਲ ਸਬੰਧਤ ਇਹ ਜਾਣਕਾਰੀ ਕੋਈ ਗੁਪਤ ਜਾਣਕਾਰੀ ਨਹੀਂ ਸੀ, ਸਗੋਂ ਇੰਟਰਨੈਟ 'ਤੇ ਆਮ ਉਪਲਬਧ ਸੀ। ਮੀਡੀਆ ਨੇ ਇਸ ਪੱਤਰਕਾਰ ਨੂੰ ਵੀ ਸਰਕਾਰ ਦੇ ਕਹੇ ਅਨੁਸਾਰ ਦਹਿਸ਼ਤਗਰਦ ਲਿਖ ਦਿੱਤਾ ਅਤੇ ਫਿਰ ਉਸ ਬਾਰੇ ਚੁੱਪ ਧਾਰ ਲਈ। ਬੀ.ਬੀ.ਸੀ. ਦੀ ਉਰਦੂ ਸਰਵਿਸ ਨੇ 10 ਜਨਵਰੀ 2002 ਨੂੰ ਇਸ ਪੱਤਰਕਾਰ ਦੀ ਹੋਣੀ ਬਾਰੇ ਖ਼ਬਰ ਨਸ਼ਰ ਕੀਤੀ ਤਾਂ ਸੁਪਰੀਮ ਕੋਰਟ ਉਸ ਦੀ ਮਦਦ 'ਤੇ ਆਈ। ਉਹ




*ਸਵਰਗੀ ਨਰਿੰਦਰ ਸਿੰਘ ਭੁੱਲਰ*

ਰਿਹਾਅ ਤਾਂ ਹੋ ਗਿਆ, ਪਰ ਪੱਤਰਕਾਰ ਭਾਈਚਾਰੇ ਵੱਲੋਂ ਉਸ ਦੇ ਪ੍ਰਤੀ ਦਿਖਾਈ ਗਈ ਬੇਰੁਖੀ ਦੀ ਅਤੇ ਰਾਜਧਾਨੀ ਦੀ ਪੁਲਿਸ ਵੱਲੋਂ ਉਸ ਨਾਲ ਕੀਤੇ ਗਏ ਅਣਮਨੁੱਖੀ ਵਿਹਾਰ ਦੀ ਝਰੀਟ ਉਸ ਦੇ ਮਨ 'ਤੇ ਹਮੇਸ਼ਾ ਪਈ ਰਹੇਗੀ।

ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਐਸ.ਏ.ਆਰ. ਜੀਲਾਨੀ ਨੂੰ ਸੰਸਦ 'ਤੇ ਹਮਲੇ ਦੀ ਸਾਜ਼ਿਸ਼ ਘੜਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਕੇਵਲ ਇਕ ਟੈਲੀਫੋਨ ਕਾਲ ਦੇ ਆਧਾਰ ਉਤੇ ਉਸ ਨੂੰ ਖਤਰਨਾਕ ਦਹਿਸ਼ਤਗਰਦ ਬਣਾ ਦਿੱਤਾ ਗਿਆ। ਮੀਡੀਆ ਨੇ ਇਸ ਕੇਸ ਵਿਚ ਵੀ ਪੁਲਿਸ ਦੇ ਕਥਨ ਨੂੰ ਸੱਚ ਮੰਨਿਆ। ਜੇਕਰ ਪ੍ਰੋ. ਜੀਲਾਨੀ ਦੇ ਕੁਝ ਸਹਿਕਰਮੀ ਅਤੇ ਨੰਦਿਤਾ ਹਕਸਰ ਵਰਗੇ ਵਕੀਲ ਉਸ ਦੇ ਹੱਕ ਵਿਚ ਸਰਗਰਮ ਨਾ ਹੁੰਦੇ ਤਾਂ ਉਸ ਦਾ ਸੱਚ ਕਦੇ ਸਾਹਮਣੇ ਹੀ ਨਹੀਂ ਸੀ ਆਉਣਾ। ਅਦਾਲਤ ਸ਼ਾਇਦ ਉਸ ਨੂੰ ਵੀ ਫਾਂਸੀ ਦੀ ਸਜ਼ਾ ਸੁਣਾ ਦਿੰਦੀ।

ਗੋਧਰਾ ਕਾਂਡ, ਗੁਜਰਾਤ ਦੰਗਿਆਂ, ਕਾਰਗਿਲ ਦੀ ਲੜਾਈ, ਮੁੰਬਈ ਦੇ ਬੰਬ ਧਮਾਕਿਆਂ ਬਾਰੇ ਵੀ ਬਹੁਤੀਆਂ ਅਖਬਾਰਾਂ ਤੇ ਟੀ.ਵੀ. ਚੈਨਲਾਂ ਨੇ ਉਹੀ ਕੁਝ ਛਾਪਿਆ/ਪ੍ਰਸਾਰਤ ਕੀਤਾ ਜੋ ਪੁਲਿਸ ਤੇ ਸਰਕਾਰਾਂ ਕਹਿੰਦੀਆਂ ਰਹੀਆਂ ਹਨ। 'ਇੰਡੀਅਨ ਐਕਸਪ੍ਰੈਸ' ਵਰਗੀਆਂ ਕੁਝ ਅਖਬਾਰਾਂ ਅਤੇ ਐਨ.ਡੀ.ਟੀ.ਵੀ. ਵਰਗੇ ਕੁਝ ਟੀ.ਵੀ. ਚੈਨਲਾਂ ਨੇ ਆਜ਼ਾਦ ਸਟੈਂਡ ਲੈ ਕੇ ਉਚ ਦੁਮਾਲੜੀ ਭੂਮਿਕਾ ਨਿਭਾਈ ਹੈ।

ਸਿਆਸਤ ਪ੍ਰਤੀ ਮੀਡੀਆ ਦਾ ਖ਼ਬਤ ਇਸ ਕਦਰ ਹੈ ਕਿ ਬਹੁਤੀਆਂ ਅਖਬਾਰਾਂ ਦੇ ਪਹਿਲੇ ਪੰਨਿਆਂ 'ਤੇ ਹਰ ਰੋਜ਼ ਸਿਆਸੀ ਆਗੂਆਂ ਦੇ ਬਿਆਨ ਹੀ ਛਪੇ ਹੁੰਦੇ ਹਨ। ਮੀਡੀਆ ਨੇ ਇਹ ਸਮਝ ਲਿਆ ਹੈ ਕਿ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਮੁੱਖ ਮੰਤਰੀ ਆਦਿ ਦੇ ਬਿਆਨ ਹੀ ਖਬਰ ਹੁੰਦੇ ਹਨ। ਖਬਰ ਏਜੰਸੀਆਂ ਦਾ ਤਾਂ ਇਹ ਹਾਲ ਹੈ ਕਿ ਪ੍ਰਧਾਨ ਮੰਤਰੀ ਦੇ ਬਿਆਨ ਦੀ ਖਬਰ ਦੇ ਜੇ 10 ਪੈਰੇ ਹਨ ਤਾਂ ਉਹ ਵਾਰੀ ਵਾਰੀ ਦਸਾਂ ਪੈਰਿਆਂ ਦੀ ਇੰਟਰੋ ਬਣਾ ਕੇ ਭੇਜਦੀਆਂ ਹਨ, ਜਿਵੇਂ ਪ੍ਰਧਾਨ ਮੰਤਰੀ ਨੇ ਹਰ ਗੱਲ ਹੀ ਇਕੋ ਜਿਹੇ ਮਹੱਤਵ ਵਾਲੀ ਕਹੀ ਹੋਵੇ। ਆਮ ਲੋਕਾਂ ਦੀਆਂ ਮੁਸ਼ਕਲਾਂ, ਸਰਕਾਰੀ ਨੀਤੀਆਂ ਵਿਚਲੇ ਨੁਕਸਾਂ, ਸਰਕਾਰ ਵਲੋਂ ਉਜਾੜੇ ਜਾ ਰਹੇ ਫੰਡਾਂ, ਚਲਾਕ ਲੋਕਾਂ ਵੱਲੋਂ ਆਮ ਲੋਕਾਂ ਨਾਲ ਕੀਤੇ ਜਾ ਰਹੇ ਧੋਖਿਆਂ, ਬੇਰੁਜ਼ਗਾਰੀ, ਸਿਹਤ ਸੇਵਾਵਾਂ ਦੇ ਨਿਘਾਰ, ਸਿੱਖਿਆ ਖੇਤਰ ਦੀ ਦੁਰਗਤ, ਮਾਦਾ ਭਰੂਣ ਹੱਤਿਆ, ਨਸ਼ਿਆਂ ਦੇ ਤੰਦੂਆਂ ਜਾਲ ਬਾਰੇ ਖੋਜੀ ਖਬਰਾਂ ਬਹੁਤ ਘੱਟ ਪੜ੍ਹਨ ਨੂੰ ਮਿਲਦੀਆਂ ਹਨ। ਅੰਗਰੇਜ਼ੀ ਦੀਆਂ ਕੁਝ ਅਖਬਾਰਾਂ ਨੇ ਪਹਿਲੇ ਪੰਨੇ 'ਤੇ ਵਿਸ਼ੇਸ਼ ਅਤੇ ਸਿਆਸਤ ਤੋਂ ਮੁਕਤ ਖਬਰਾਂ ਛਾਪਣ ਦਾ ਸਵਾਗਤਯੋਗ ਰੁਝਾਨ ਸ਼ੁਰੂ ਕੀਤਾ ਹੈ ਜੋ ਕਿ ਤਸੱਲੀ ਵਾਲੀ ਗੱਲ ਹੈ।

ਸਿਆਸੀ ਆਗੂਆਂ ਵੱਲੋਂ ਪਹੁੰਚ ਕਰਨਾ ਪੱਤਰਕਾਰੀ ਦੇ ਕਿੱਤੇ ਦੀ ਲੋੜ ਹੈ। ਇਹ ਰਿਸ਼ਤਾ ਜੇ ਕਿੱਤੇ ਦੀ ਲੋੜ ਤੱਕ ਸੀਮਿਤ ਰਹੇ ਤਾਂ ਪੱਤਰਕਾਰੀ ਦੀ ਸ਼ਾਨ ਬਣੀ ਰਹਿੰਦੀ ਹੈ, ਪਰ ਬਹੁਤੇ ਪੱਤਰਕਾਰ ਅਜਿਹਾ ਨਹੀਂ ਕਰਦੇ। ਉਹ ਸਿਆਸੀ ਆਗੂਆਂ ਨਾਲੋਂ ਸਤਿਕਾਰਯੋਗ ਦੂਰੀ ਰੱਖਣ ਦੀ ਥਾਂ ਉਨ੍ਹਾਂ ਦੇ ਵੱਧ ਤੋਂ ਵੱਧ ਨੇੜੇ ਜਾਣ ਦਾ ਯਤਨ ਕਰਦੇ ਹਨ। ਮੁੱਖ ਮੰਤਰੀ ਜਾਂ ਮੰਤਰੀਆਂ ਨਾਲ ਸਿੱਧੀ ਵਾਕਫੀ ਬਣਾਉਣ ਦੇ ਉਚੇਚੇ ਯਤਨ ਕੀਤੇ ਜਾਂਦੇ ਹਨ। ਫੀਲਡ ਵਾਲੇ ਪੱਤਰਕਾਰ ਬੀਟ ਦੀ ਉਲੰਘਣਾ ਕਰ ਕੇ ਵੀ ਸਿਆਸੀ ਆਗੂਆਂ ਦੀਆਂ ਖਬਰਾਂ ਭੇਜਦੇ ਹਨ ਅਤੇ ਫੇਰ ਚਾਹੁੰਦੇ ਹਨ ਕਿ ਛਪ ਵੀ ਜਾਣ। ਇਸੇ ਕਾਰਨ, ਕਈ ਵਾਰ ਇਕ ਸਿਆਸੀ ਕਾਨਫਰੰਸ ਦੀਆਂ ਚਾਰ-ਚਾਰ ਖਬਰਾਂ ਨਿਊਜ਼ ਡੈਸਕ 'ਤੇ ਪੁੱਜ ਜਾਂਦੀਆਂ ਹਨ। ਪੱਤਰਕਾਰ ਦੂਰੋਂ ਪੈਂਡਾ ਮਾਰ ਕੇ ਸਿਆਸੀ ਕਾਨਫਰੰਸਾਂ ਵਿਚ ਤਾਂ ਜਾਂਦੇ ਹਨ, ਪਰ ਦੋ ਚਾਰ ਸਕੂਲਾਂ ਵਿਚ ਗੇੜਾ ਮਾਰ ਕੇ ਸਿੱਖਿਆ ਦੀ ਮਾੜੀ ਸਥਿਤੀ ਬਾਰੇ ਸਟੋਰੀ ਕਦੇ ਹੀ ਕਰਦੇ ਹਨ।

ਸਿਆਸੀ ਆਗੂਆਂ ਦੇ ਨੇੜੇ ਲੱਗ ਕੇ ਕਈ ਪੱਤਰਕਾਰ ਨਿੱਜੀ ਕੰਮ ਕਰਵਾਉਂਦੇ ਹਨ, ਬਦਲੀਆਂ ਕਰਾਉਣ ਦਾ ਧੰਦਾ ਕਰਦੇ ਹਨ, ਕੋਟੇ ਦੇ ਪਲਾਟ ਅਲਾਟ ਕਰਵਾ ਕੇ ਵੇਚਦੇ ਹਨ, ਸਰਕਾਰੀ ਤੋਹਫ਼ੇ ਕਬੂਲਦੇ ਹਨ, ਲੋਕ ਸੰਪਰਕ ਵਿਭਾਗ ਦੀਆਂ ਗੱਡੀਆਂ ਵਿਚ ਪਰਿਵਾਰਾਂ ਨੂੰ ਘੁੰਮਾਉਂਦੇ ਹਨ। ਇਸ ਕਿਸਮ ਦੀਆਂ ਸਹੂਲਤਾਂ ਮਾਣ ਕੇ, ਸਰਕਾਰ ਦੇ ਵਿਰੁੱਧ ਖਬਰ ਲਿਖਣ ਦੀ ਹਿੰਮਤ ਉਨ੍ਹਾਂ ਵਿਚੋਂ ਮੁੱਕ ਜਾਂਦੀ ਹੈ।

ਇਸ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਕ ਤਾਂ ਰਾਜਨੀਤੀ ਆਪਣੀ ਲੋੜ ਕਾਰਨ ਮੀਡੀਆ 'ਤੇ ਹਾਵੀ ਹੋਣਾ ਚਾਹੁੰਦੀ ਹੈ, ਦੂਜਾ ਪੱਤਰਕਾਰ ਆਪ ਵੀ ਉਸ ਨੂੰ ਆਪਣੇ 'ਤੇ ਹਾਵੀ ਹੋਣ ਦਿੰਦੇ ਹਨ। ਆਪਣੇ ਸੁਆਰਥਾਂ ਕਾਰਨ ਉਹ ਲੋਕ ਭਲਾਈ, ਪੱਤਰਕਾਰੀ ਦੇ ਬੁਨਿਆਦੀ ਮਿਸ਼ਨ ਨੂੰ ਭੁੱਲ ਜਾਂਦੇ ਹਨ। ਇਸ ਤੋਂ ਇਹ ਸਾਵਲ ਪੈਦਾ ਹੁੰਦਾ ਹੈ ਕਿ ਪੱਤਰਕਾਰ ਅਜਿਹਾ ਕਿਉਂ ਕਰਦੇ ਹਨ? ਮੋਟੇ ਤੌਰ ਇਸ ਦੇ ਦੋ ਕਾਰਨ ਹਨ। ਇਕ, ਪੱਤਰਕਾਰੀ ਦੇ ਖੇਤਰ ਵਿਚ ਜਾਅਲੀ ਪੱਤਰਕਾਰਾਂ ਦੀ ਘੁਸਪੈਠ। ਦੋ, ਬਹੁਤੇ ਪੱਤਰਕਾਰਾਂ ਦਾ ਸਮਾਜਿਕ ਸਰੋਕਾਰਾਂ ਤੋਂ ਕੋਰੇ ਹੋਣਾ।

ਇਸ ਵੇਲੇ ਪੰਜਾਬ ਦੇ ਛੋਟੇ-ਵੱਡੇ ਸ਼ਹਿਰਾਂ ਵਿਚ ਹਲਵਾਈ, ਠੇਕੇਦਾਰ, ਅਖਬਾਰਾਂ ਦੇ ਏਜੰਟ, ਪ੍ਰਾਪਰਟੀ ਡੀਲਰ, ਕੰਟੀਨਾਂ ਦੇ ਮਾਲਕ, ਸਿਆਸੀ ਪਾਰਟੀਆਂ ਦੇ ਕਾਰਕੁਨ, ਨਗਰ ਪਾਲਿਕਾਵਾਂ ਦੇ ਮੈਂਬਰ ਤੇ ਪ੍ਰਧਾਨ, ਸਰਕਾਰੀ ਮੁਲਾਜ਼ਮ, ਕਾਰਾਂ ਦੇ ਏਜੰਟ, ਇਥੋਂ ਤੱਕ ਕਿ ਵਿਹਲੜ ਤੇ ਬਲੈਕ ਮੇਲਰ ਵੀ ਪੱਤਰਕਾਰ ਬਣੇ ਹੋਏ ਹਨ। ਕੁਝ ਅਖਬਾਰਾਂ ਦੇ ਮਾਲਕਾਂ ਨੇ ਤਾਂ 20-25 ਹਜ਼ਾਰ ਰੁਪਏ ਲੈ ਕੇ ਪੱਤਰਕਾਰੀ ਦਾ ਕਾਰਡ ਦੇਣ ਦਾ ਧੰਦਾ ਸ਼ੁਰੂ ਕਰ ਕੇ ਇਸ ਪਵਿੱਤਰ ਖੇਤਰ ਨੂੰ ਬਦਨਾਮ ਕਰ ਦਿੱਤਾ ਹੈ। ਅਜਿਹੇ ਲੋਕਾਂ ਦਾ ਪੱਤਰਕਾਰੀ ਦੇ ਪਵਿੱਤਰ ਕੰਮ ਨਾਲ, ਦੇਸ਼ ਦੇ ਮਸਲਿਆਂ ਨਾਲ, ਲੋਕਾਂ ਦੀਆਂ ਤੰਗੀਆਂ-ਤੁਰਸ਼ੀਆਂ ਨਾਲ ਕੋਈ ਸਬੰਧ ਨਹੀਂ ਹੁੰਦਾ। ਸਿਆਸੀ, ਸਮਾਜਿਕ ਅਤੇ ਭਾਸ਼ਾਈ ਸੂਝ ਤੋਂ ਕੋਰੇ ਇਹ ਲੋਕ ਪੱਤਰਕਾਰੀ ਨੂੰ ਆਪਣਾ ਧੰਦਾ ਚਮਕਾਉਣ, ਸ਼ਹਿਰ ਵਿਚ ਆਮ ਲੋਕਾਂ 'ਤੇ ਰੋਅਬ ਪਾਉਣ, ਸਿਆਸੀ ਲੋਕਾਂ ਤੇ ਅਫਸਰਾਂ ਨਾਲ ਆਪਣੀ ਨੇੜਤਾ ਕਾਇਮ ਕਰਨ ਲਈ ਵਰਤਦੇ ਹਨ। ਅਜਿਹੇ ਪੱਤਰਕਾਰ ਕਿਉਂਕਿ ਹਰ ਅੱਖਰ ਕਿਸੇ ਗਉਂ ਨੂੰ ਮੁੱਖ ਰੱਖ ਕੇ ਲਿਖਦੇ ਹਨ, ਇਸ ਲਈ ਉਸ ਦਾ ਛਪਣਾ ਯਕੀਨੀ ਬਣਾਉਣ ਲਈ ਸੰਪਾਦਕੀ ਅਮਲੇ ਨੂੰ ਵੀ ਭ੍ਰਿਸ਼ਟ ਕਰਨ ਦਾ ਯਤਨ ਕਰਦੇ ਹਨ। ਜਿਹੜੇ ਰਤਾ ਵੱਧ ਚੁਸਤ ਹੁੰਦੇ ਹਨ, ਉਹ ਸੰਪਾਦਕ ਤੱਕ ਵੀ ਪਹੁੰਚ ਕਰ ਲੈਂਦੇ ਹਨ। ਇਸ ਹਨ੍ਹੇਰਗਰਦੀ ਦੇ ਦੌਰ ਵਿਚ ਵੀ ਕੁਝ ਪੱਤਰਕਾਰ ਸੱਚਮੁਚ ਹੀ ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰ ਰਹੇ ਹਨ। ਉਹ ਚਾਹੇ ਹੋਰ ਕੰਮ ਧੰਦੇ ਕਰਦੇ ਹਨ, ਪਰ ਸ਼ੌਕ ਲਈ ਪੱਤਰਕਾਰੀ ਕਰਦਿਆਂ, ਦਿਆਨਤਦਾਰੀ ਦਾ ਪੱਲਾ ਨਹੀਂ ਛੱਡਦੇ।

ਜਿਥੋਂ ਤੱਕ ਸਮਾਜਿਕ ਸਰੋਕਾਰਾਂ ਦਾ ਸਵਾਲ ਹੈ, ਜੇ ਪੰਜਾਬੀ ਪੱਤਰਕਾਰੀ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਇਸ ਦਾ ਮੁੱਢ ਹੀ ਆਪਣੇ ਸਮੇਂ ਦੇ ਸਮਾਜਿਕ ਸਰੋਕਾਰਾਂ ਨੂੰ ਮੁੱਖ ਰੱਖ ਕੇ ਹੋਇਆ ਸੀ। 10 ਨਵੰਬਰ 1880 ਨੂੰ ਲਾਹੌਰ ਤੋਂ ਸ਼ੁਰੂ ਹੋਇਆ ਪਹਿਲਾਂ ਪੰਜਾਬੀ ਪੱਤਰ 'ਗੁਰਮੁਖੀ ਅਖਬਾਰ' ਵਿਸ਼ੇਸ਼ ਮੰਤਵ ਨੂੰ ਲੈ ਕੇ ਹੀ ਸਾਹਮਣੇ ਆਇਆ ਸੀ। ਇਹਦੇ ਸੰਪਾਦਕ ਭਾਈ ਗੁਰਮੁਖ ਸਿੰਘ ਸਨ। ਇਸੇ ਤਰ੍ਹਾਂ 'ਵਿਦਿਆਰਕ', 'ਸੁਧਾਰਕ', 'ਖਾਲਸਾ ਗਜ਼ਟ', 'ਖਾਲਸਾ ਅਖਬਾਰ', 'ਸ਼ਹੀਦ', 'ਖਾਲਸਾ ਸਮਾਚਾਰ', 'ਖਾਲਸਾ ਐਡਵੋਕੇਟ', 'ਅਕਾਲੀ', 'ਵੀਰ ਖਾਲਸਾ', 'ਕੂਕਾ', 'ਦੇਸ਼ ਸੇਵਕ', 'ਜੰਗ-ਏ-ਅਜ਼ਾਦੀ', 'ਪ੍ਰੀਤ ਲੜੀ', 'ਨਵਾਂ ਜ਼ਮਾਨਾ' ਆਦਿ ਪੱਤਰ ਕਿਸੇ ਮੰਤਵ ਨੂੰ ਕਿਸੇ ਸਮਾਜਿਕ ਸਰੋਕਾਰ ਨੂੰ ਸਾਹਮਣੇ ਰੱਖ ਕੇ ਕੱਢੇ ਗਏ ਸਨ। ਇਨ੍ਹਾਂ ਪੱਤਰਾਂ ਦੇ ਸੰਪਾਦਕ ਜਿਵੇਂ ਕਿ ਐਸ.ਐਸ. ਚਰਨ ਸਿੰਘ ਸ਼ਹੀਦ, ਭਾਈ ਗੁਰਮੁਖ ਸਿੰਘ, ਡਾ. ਚਰਨ ਸਿੰਘ, ਅਰਜਨ ਸਿੰਘ ਗੜਗੱਜ, ਭਾਈ ਵੀਰ ਸਿੰਘ, ਕਾਮਰੇਡ ਸੋਹਣ ਸਿੰਘ ਜੋਸ਼, ਹਰਕਿਸ਼ਨ ਸਿੰਘ ਸੁਰਜੀਤ, ਹੀਰਾ ਸਿੰਘ ਦਰਦ, ਗੁਰਬਖਸ਼ ਸਿੰਘ ਪ੍ਰੀਤ ਲੜੀ, ਜਗਜੀਤ ਸਿੰਘ ਆਨੰਦ ਕਿਸੇ ਮਿਸ਼ਨ ਨੂੰ ਲੈ ਕੇ ਕਲਮਕਾਰ ਬਣੇ ਸਨ। ਕਲਮਕਾਰੀ ਉਨ੍ਹਾਂ ਦਾ ਧੰਦਾ ਨਹੀਂ ਸੀ, ਕਲਮਕਾਰੀ ਉਨ੍ਹਾਂ ਲਈ ਮੁਨਾਫੇ ਦਾ ਸਾਧਨ ਨਹੀਂ ਸੀ, ਕਲਮਕਾਰੀ ਉਨ੍ਹਾਂ ਲਈ ਲੋਕ ਸੰਪਰਕ ਵਧਾਉਣ ਦਾ ਸਾਧਨ ਨਹੀਂ ਸੀ; ਪਰ ਹੁਣ ਹੋਰ ਸਾਰੇ ਖੇਤਰਾਂ ਵਾਂਗ ਪੱਤਰਕਾਰੀ ਦੇ ਖੇਤਰ ਵਿਚ ਵੀ ਡੰਗ-ਟਪਾਊ ਰੁਝਾਨ ਹਾਵੀ ਹੋ ਗਿਆ ਹੈ। ਇਸ ਕਿੱਤੇ ਵਿਚੋਂ ਸਮਾਜਿਕ ਸਰੋਕਾਰ ਅਤੇ ਵਿਚਾਰਧਾਰਕ ਦ੍ਰਿਸ਼ਟੀ ਲਗਭਗ ਮਨਫ਼ੀ ਹਨ। ਪੱਤਰਕਾਰੀ ਦੇ ਖੇਤਰ ਵਿਚ ਅਜਿਹੇ ਲੋਕ ਆ ਰਹੇ ਹਨ ਜਿਹੜੇ ਜਾਂ ਤਾਂ ਕੇਵਲ ਨੌਕਰੀ ਕਰਨ ਲਈ ਇਸ ਖੇਤਰ ਵਿਚ ਆਉਂਦੇ ਹਨ, ਜਾਂ ਫਿਰ ਨਿੱਜੀ ਚੜ੍ਹਤ ਲਈ ਸੋਚ ਸਮਝ ਕੇ ਇਸ ਕੰਮ ਨੂੰ ਅਪਣਾਉਂਦੇ ਹਨ। ਸਮਾਜਿਕ ਸਰੋਕਾਰਾਂ ਅਤੇ ਸਿਆਸੀ ਚੇਤਨਾ ਤੋਂ ਕੋਰੇ ਅਜਿਹੇ ਲੋਕਾਂ ਦਾ ਸ਼ਬਦ-ਸਭਿਆਚਾਰ ਨਾਲ ਕੋਈ ਸਬੰਧ ਨਹੀਂ ਹੁੰਦਾ। ਅਜਿਹੇ ਲੋਕ ਦਹਾਕਿਆਂ ਬੱਧੀ ਕਿਸੇ ਕਿਤਾਬ ਨੂੰ ਹੱਥ ਨਹੀਂ ਲਾਉਂਦੇ। ਰਾਜਨੀਤੀ ਉਨ੍ਹਾਂ 'ਤੇ ਬਹੁਤ ਜਲਦੀ ਹਾਵੀ ਹੋ ਜਾਂਦੀ ਹੈ, ਕਿਉਂਕਿ ਆਪਣੇ ਤੋਂ ਅੱਗੇ ਸੋਚਣ ਦੀ ਉਨ੍ਹਾਂ ਵਿਚ ਸੋਚ ਨਹੀਂ ਹੁੰਦੀ। ਇਹ ਲੋਕ ਰਾਜਿਆਂ ਨੂੰ ਸ਼ੀਂਹ ਅਤੇ ਮੁਕੱਦਮਾਂ ਨੂੰ ਕੁੱਤੇ ਕਹਿਣ ਦੀ ਥਾਂ ਰਾਜਿਆਂ ਤੇ ਮੁਕੱਦਮਾਂ ਦੇ ਬੁਲਾਰੇ ਬਣ ਜਾਂਦੇ ਹਨ।

ਇਸ ਵੇਲੇ ਦੇਸ਼ ਦੇ ਜੋ ਹਾਲਾਤ ਹਨ, ਉਨ੍ਹਾਂ ਦੇ ਮੱਦੇਨਜ਼ਰ ਪੱਤਰਕਾਰਾਂ ਨੂੰ ਆਪਣੇ ਮਿਸ਼ਨ ਵੱਲ ਪਰਤਣ ਦੀ ਅਤੇ ਸਿਆਸਤ ਦੇ ਖ਼ਬਤ ਤੋਂ ਖਹਿੜਾ ਛੁਡਾਉਣ ਦੀ ਲੋੜ ਹੈ। ਦੇਸ਼ 'ਤੇ ਕਾਬਜ਼ ਤਾਕਤਾਂ ਆਪਣੀ ਕੁਰਸੀ ਨੂੰ ਕਾਇਮ ਰੱਖਣ ਲਈ ਜਿਵੇਂ ਭਾਈਚਾਰਕ ਏਕਤਾ ਨੂੰ ਤੋੜ ਰਹੀਆਂ ਹਨ, ਜਿਵੇਂ ਮਾਫ਼ੀਆ ਮੰਗ ਕੇ ਜੇਲ੍ਹਾਂ ਵਿਚੋਂ ਬਾਹਰ ਆਉਣ ਵਾਲਿਆਂ ਨੂੰ ਆਜ਼ਾਦੀ ਘੁਲਾਟੀਏ ਬਣਾ ਕੇ ਪੇਸ਼ ਕਰ ਰਹੀਆਂ ਹਨ, ਜਿਵੇਂ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ, ਉਸ ਤੋਂ ਦੇਸ਼ ਦਾ ਭਵਿੱਖ ਉਜਲਾ ਨਜ਼ਰ ਨਹੀਂ ਆਉਂਦਾ। ਇਸ ਵੇਲੇ ਸਰਕਾਰ ਦੇ ਹਰ ਕਦਮ, ਹਰ ਨੀਤੀ ਬਾਰੇ ਸਵਾਲ ਕਰਨ ਦੀ ਲੋੜ ਹੈ।

ਕਹਾਣੀ

# ਹੱਕਦਾਰ

*ਅਫਜ਼ਲ ਅਹਿਸਨ ਰੰਧਾਵਾ ਮਗਰਬੀ ਪੰਜਾਬ ਦਾ ਇਕ ਸਮਰੱਥ ਅਫਸਾਨਾਨਿਗਾਰ ਹੈ। ਇਧਰਲੇ ਪੰਜਾਬ ਵਿਚ ਉਸ ਦਾ ਨਾਂ ਉਦੋਂ ਉਭਰਿਆ ਜਦੋਂ ਕੋਈ ਤਿੰਨ ਦਹਾਕੇ ਪਹਿਲਾਂ ਉਸ ਦਾ ਕਹਾਣੀ ਸੰਗ੍ਰਿਹ 'ਰੰਨ, ਤਲਵਾਰ ਤੇ ਘੋੜਾ' ਸ਼ਾਹਮੁਖੀ ਅਤੇ ਗੁਰਮੁਖੀ ਵਿਚ ਪੰਜਾਬੀ ਪਾਠਕਾਂ ਦੇ ਹੱਥ ਪੁੱਜਾ। ਉਸ ਦੀਆਂ ਕਹਾਣੀਆਂ ਵਿਚ 1947 ਤੋਂ ਪਹਿਲਾਂ ਦਾ ਪੰਜਾਬੀ ਸਭਿਆਚਾਰ, ਖਾਸ ਕਰ ਪੇਂਡੂ ਸਭਿਆਚਾਰ ਝਲਕਾਂ ਮਾਰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਜੱਟਾਂ ਤੇ ਖਾਸ ਕਰ ਵਿਰਕ ਜੱਟਾਂ ਦੀ ਦਲੇਰੀ ਦਾ ਮੁੜ ਮੁੜ ਜ਼ਿਕਰ ਆਉਂਦਾ ਹੈ। ਇਸ ਕਹਾਣੀ ਵਿਚ ਵੀ ਜਨਾਬ ਰੰਧਾਵਾ ਨੇ ਜੱਟਾਂ ਦੀ ਦਲੇਰੀ ਦੀ ਹੀ ਗੱਲ ਕੀਤੀ ਹੈ ਅਤੇ ਇਸ ਦੀ ਸਿਖਰ ਉਦੋਂ ਹੁੰਦੀ ਹੈ ਜਦੋਂ ਇਕ ਖੱਬੀਖਾਨ ਅਖਵਾਉਂਦੇ ਜੱਟ ਬਹਾਦਰ ਸਿੰਘ ਨੂੰ ਵੰਗਾਰਨ ਤੇ ਹਰਾਉਣ ਵਾਲਾ ਸ਼ਖਸ ਅੱਗੋਂ ਜੱਟੀ ਨਿਕਲਦੀ ਹੈ। -ਸੰਪਾਦਕ*

ਅਫਜ਼ਲ ਅਹਿਸਨ ਰੰਧਾਵਾ

ਲਿਪੀਅੰਤਰ:ਹਰਮਹਿੰਦਰ ਚਹਿਲ

ਅੱਧੀ ਰਾਤ ਦਾ ਵੇਲਾ ਸੀ ਜਦੋਂ ਉਨ੍ਹਾਂ ਨੰਗਲ ਵਾਲੇ ਬੇਹ ਦੇ ਬੋਹੜ ਥੱਲੇ ਘੋੜੀ ਖਲ੍ਹਾਰ ਦਿੱਤੀ। ਪਿੱਛੇ ਬੈਠਾ ਬੰਦਾ ਛੇਤੀ ਨਾਲ ਹੇਠਾਂ ਉਤਰਿਆ ਤੇ ਉਹਨੇ ਪਿੰਡ ਵੱਲ ਵੇਖਿਆ, ਜੋ ਰਾਤ ਦੇ ਉਸ ਵਕਤ ਇਸ ਤਰ੍ਹਾਂ ਚੁੱਪ ਚਾਪ ਸੀ ਜਿਵੇਂ ਉਹ ਪਿੰਡ ਵੱਸਦਾ ਈ ਨਾ ਹੋਵੇ। ਐਨੇ ਚਿਰ ਨੂੰ ਅਗਲਾ ਬੰਦਾ ਵੀ ਘੋੜੀ ਤੋਂ ਉਤਰਿਆ। ਉਸ ਆਪਣੀ ਬਲਮ ਥੱਲੇ ਰੱਖ ਕੇ ਘੋੜੀ ਦੇ ਗਲ ਦਵਾਲੇ ਲਪੇਟਿਆ ਰੱਸਾ ਖੋਲ੍ਹ ਕੇ ਬੋਹੜ ਦੀ ਇਕ ਜੜ੍ਹ ਨਾਲ ਬੰਨ ਦਿੱਤਾ। ਫੇਰ ਉਹ ਘੋੜੀ ਨੂੰ ਥਾਪੀ ਦਿੰਦਿਆਂ ਆਖਣ ਲੱਗਾ, "ਲੈ ਭਾਈ ਬੰਤਾ ਸਿਆਂ, ਨੰਗਲ ਵੇਖ ਲੈ।"

ਬੰਤਾ ਸਿੰਘ ਹੌਲੀ ਜਿਹੀ ਹੱਸ ਕੇ ਆਖਣ ਲੱਗਾ, "ਵੇਖ ਲੈਨੇ ਆਂ ਚੱਲ ਕੇ ਪਰ ਬਹਾਦਰ ਸਿੰਘ ਘੋੜੀ ਐਥੇ 'ਕੱਲੀ ਰਹੇਗੀ?" ਬਹਾਦਰ ਸਿੰਘ ਜਿਹੜਾ ਆਪਣਾ ਠਾਠਾ ਘੁੱਟ ਕੇ ਬੰਨੀ ਆਪਣੀ ਬਲਮ ਦੇ ਫਾਲ 'ਤੇ ਉਂਗਲੀ ਫੇਰ ਕੇ ਉਹਦੀ ਧਾਰ ਵੇਖਣ ਡਿਹਾ ਸੀ, ਆਖਣ ਲੱਗਾ, "ਇਹਦਾ ਫਿਕਰ ਨਾ ਕਰ, ਇਹਨੂੰ ਸੱਤੇ ਈ ਖੈਰਾਂ ਨੇ।"

ਤੇ ਉਹ ਦੋਨੋਂ ਠਾਠੇ ਬੰਨ ਬੁੱਕਲਾਂ ਸਵਾਰ ਕੇ ਪਿੰਡ ਵੱਲ ਨੂੰ ਟੁਰ ਪਏ। ਬਹਾਦਰ ਸਿੰਘ ਲੰਬਾ ਚੌੜਾ ਜਵਾਨ ਸੀ ਤੇ ਜਿਹਦੇ ਨਾਲ ਦੀ ਡਾਂਗ ਸਾਰੇ ਮਾਝੇ ਵਿਚ ਕੋਈ ਨਹੀਂ ਸੀ ਮਾਰ ਸਕਦਾ। ਉਹ ਮਾਝੇ ਦਾ ਮੰਨਿਆ-ਪ੍ਰਮੰਨਿਆ ਚੋਰ ਸੀ, ਤੇ ਦਿਲ ਗੁਰਦੇ ਵਾਲਾ ਬੰਦਾ, ਜੋ ਮੌਕਾ ਪੈਂਦਿਆਂ ਪੈਰ ਗੱਡ ਕੇ ਖੜ੍ਹੋ ਜਾਂਦਾ। ਬੰਤਾ ਸਿੰਘ ਨੇ ਅੱਧੀ ਉਮਰ ਕੌਡੀ ਖੇਡਣ ਤੇ ਅੱਧੀ ਜੇਲ੍ਹ ਦੀਆਂ ਰੋਟੀਆਂ ਤੋੜਨ ਵਿਚ ਲੰਘਾ ਛੱਡੀ ਸੀ। ਉਹ ਛੋਟੇ ਜਿਹੇ ਕੱਦ ਦਾ ਪਤਲਾ ਜਿਹਾ ਆਦਮੀ ਸੀ। ਚੋਰੀ ਵਿਚ ਉਹਨੂੰ ਵੀ ਲੋਕ ਉਸਤਾਦ ਮੰਨਦੇ ਸਨ। ਉਂਜ ਉਹ ਵੇਲਾ ਪਛਾਣਨ ਵਾਲਾ ਤੇ ਚਲਾਕ ਜਿਹਾ ਬੰਦਾ ਸੀ। ਅੱਜ ਉਹ ਤੀਹ ਕੋਹ ਦਾ ਪੈਂਡਾ ਮਾਰ ਕੇ ਨੰਗਲ ਗੁਰਮੁਖ ਸਿੰਘ ਸਫੈਦਪੋਸ਼ ਦੀ ਨੁਕਰੀ ਪੋਸ਼ ਦੀ ਚਿੱਟੀ ਬਲੋਚੀ ਘੋੜੀ ਚੋਰੀ ਕਰਨ ਆਏ ਸਨ।

ਸਰਦਾਰ ਗੁਰਮੁਖ ਸਿੰਘ ਸਫੈਦਪੋਸ਼ ਨੂੰ ਸੁਥਰੀਆਂ ਘੋੜੀਆਂ ਰੱਖਣ ਦਾ ਇਸ਼ਕ ਸੀ। ਜਵਾਨੀ ਤੋਂ ਲੈ ਕੇ ਉਸ ਸਦਾ ਈ ਇਕ ਤੋਂ ਇਕ ਚੰਗੀ ਘੋੜੀ ਰੱਖੀ। ਉਹਦੇ ਕਿੱਲੇ 'ਤੇ ਤਿੰਨ-ਚਾਰ ਘੋੜੀਆਂ ਤਾਂ ਸਦਾ ਈ ਲੋਕ ਵੇਖਦੇ ਹੁੰਦੇ ਸਨ, ਪਰ ਉਤੇ ਚੜ੍ਹਨ ਵਾਲਾ 'ਕੱਲਾ ਗੁਰਮੁਖ ਸਿੰਘ। ਵਾਹਿਗੁਰੂ ਨੇ ਉਹਨੂੰ ਇੱਜਤ, ਧਨ ਤੇ ਦੁੱਧ ਤਾਂ ਦਿੱਤਾ ਪਰ ਪੁੱਤ ਨਾ ਦਿੱਤਾ। ਉਹਦੀ ਬੱਸ ਇਕੋ ਈ ਧੀ ਸੀ ਜਿਹਨੂੰ ਉਸ ਪੁੱਤਰਾਂ ਤੋਂ ਵਧ ਕੇ ਪਾਲਿਆ ਸੀ। ਚਿੱਟੇ ਰੰਗ ਦੀ ਉਹ ਬਲੋਚੀ ਘੋੜੀ ਮਹਾਰਾਜਾ ਕਪੂਰਥਲਾ ਦੀ ਘੋੜੀ ਦੀ ਵਛੇਰੀ ਸੀ। ਗੁਰਮੁਖ ਸਿੰਘ ਨੇ ਬੜੀਆਂ ਸਿਫਾਰਸ਼ਾਂ ਤੇ ਮਿੰਨਤਾਂ ਤਰਲਿਆਂ ਨਾਲ ਉਦੋਂ ਅੱਠ ਹਜ਼ਾਰ ਦੀ ਲਿਆਂਦੀ ਸੀ ਜਦੋਂ ਉਹ ਪੰਜਾਂ ਮਹੀਨਿਆਂ ਦੀ ਦੁੱਧ ਪੀਂਦੀ ਵਛੇਰੀ ਸੀ। ਗੁਰਮੁਖ ਸਿੰਘ ਨੇ ਉਸ ਨੂੰ ਮੱਖਣ ਦੁੱਧ ਤੇ ਘਿਉ ਦੀਆਂ ਚੂਰੀਆਂ ਨਾਲ ਪਾਲਿਆ ਸੀ। ਉਸ ਘੋੜੀ ਲਈ ਵੱਡੇ ਵੱਡੇ ਅਫਸਰ ਤੇ ਕਈ ਰਾਜੇ ਗੁਰਮੁਖ ਸਿੰਘ ਨੂੰ ਮੂੰਹ ਮੰਗਿਆ ਮੁੱਲ ਦੇ ਦੇ ਥੱਕ ਗਏ ਪਰ ਉਸ ਉਹ ਘੋੜੀ ਨਾ ਵੇਚੀ। ਵੇਚਣ ਕੀ, ਉਹ ਤੇ ਕਿਸੇ ਨੂੰ ਉਹਦੀ ਗੱਲ ਵੀ ਨਹੀਂ ਸੀ ਕਰਨ ਦਿੰਦਾ। ਦੂਰ ਦਰਾਜ ਦਿਆਂ ਚੋਰਾਂ ਯਾਰਾਂ ਵੀ ਉਹ ਘੋੜੀ ਚੁਰਾਉਣ ਦੇ ਬਥੇਰੇ ਚਾਰੇ ਮਾਰੇ ਪਰ ਉਹ ਘੋੜੀ ਤਾਂ ਕਿਸੇ ਬੰਦੇ ਨੂੰ ਨੇੜੇ ਈ ਨਹੀਂ ਸੀ ਲੱਗਣ ਦਿੰਦੀ। ਤੇ ਸਰਦਾਰ ਗੁਰਮੁਖ ਸਿੰਘ ਕਦੀ ਕਦੀ ਬੜਾ ਆਕੜ ਕੇ ਆਖਦਾ ਹੁੰਦਾ ਸੀ, "ਉਤੇ ਚੜ੍ਹਨਾ ਤਾਂ ਦੂਰ, ਗੈਰ ਬੰਦਾ ਤਾਂ ਉਸ ਘੋੜੀ ਨੂੰ ਲਗਾਮ ਈ ਨੀਂ ਦੇ ਸਕਦਾ।"

ਤੇ ਉਸ ਘੋੜੀ ਪਿੱਛੇ ਲੱਗਿਆਂ ਬਹਾਦਰ ਸਿੰਘ ਨੂੰ ਵੀ ਵਰ੍ਹਾ ਕੁ ਹੋ ਗਿਆ ਸੀ। ਉਹ ਕਈ ਵਾਰੀ 'ਕੱਲਾ ਤੇ ਕਈ ਵਾਰੀ ਬੰਤਾ ਸਿੰਘ ਦੇ ਨਾਲ ਉਸ ਘੋੜੀ ਦੀ ਮਾਰ 'ਤੇ ਆਇਆ ਸੀ ਪਰ ਸੂਤਰ ਨਾ ਬਣਿਆ। ਇਕ ਵਾਰੀ ਤਾਂ ਉਸ ਘੋੜੀ ਨੂੰ ਖੋਲ੍ਹ ਵੀ ਲਿਆ ਸੀ ਪਰ ਹਵੇਲੀ ਵਿਚ ਸੁੱਤੇ ਹੋਏ ਕਾਮੇ ਜਾਗ ਪਏ ਤੇ ਉਹਨੂੰ ਕੰਧ ਟੱਪ ਕੇ ਦੌੜਨਾ ਪਿਆ। ਫਿਰ ਉਸ ਸਹੁੰ ਖਾ ਲਈ, ਪਈ ਹੋਰ ਕੋਈ ਚੋਰੀ ਉਦੋਂ ਈ ਕਰਨੀ ਐ, ਜਦੋਂ ਇਹ ਘੋੜੀ ਥੱਲੇ ਹੋਈ। ਸਾਰੇ ਰਾਹ ਉਹ ਬੰਤਾ ਸਿੰਘ ਨੂੰ ਆਖਦਾ ਆਇਆ ਸੀ, "ਬੰਤਾ ਸਿੰਘ ਅੱਜ ਤੇ ਉਹ ਘੋੜੀ ਲੈ ਕੇ ਈ ਆਵਣਾ ਐ, ਨਹੀਂ ਤੇ ਪਿੰਡ ਨੀਂ ਵੜਨਾ।"

ਤਾਰਿਆਂ ਦੀ ਨਿੰਮੀ ਨਿੰਮੀ ਲੋਅ ਵਿਚ ਹੌਲੀ ਹੌਲੀ ਪੈਰ ਧਰਦੇ ਉਹ ਦੋਵੇਂ ਜਣੇ ਨੰਗਲ ਦੀ ਪਹਿਲੀ ਗਲੀ ਵਿਚ ਜਾ ਵੜੇ, ਜਿਹਦੇ ਆਖਰ 'ਤੇ ਇਕ ਬੰਨੇ ਸਰਦਾਰ ਗੁਰਮੁਖ ਸਿੰਘ ਸਫੈਦਪੋਸ਼ ਦੀ ਹਵੇਲੀ ਦਾ ਬੂਹਾ ਸੀ, ਤੇ ਦੂਜੇ ਬੰਨੇ ਸਾਹਮਣੇ ਹੀ ਉਹਦੇ ਘਰ ਦਾ ਬੂਹਾ ਸੀ।

"ਲਗਾਮ ਲਿਆਂਦੀ ਐ?" ਬਹਾਦਰ ਸਿੰਘ ਨੇ ਨਿਮ ਕੇ ਬੰਤਾ ਸਿੰਘ ਦੇ ਕੰਨ ਕੋਲ ਮੂੰਹ ਕਰਕੇ ਹੌਲੀ ਜਿਹੀ ਆਖਿਆ। ਉਦੋਂ ਉਹ ਗੁਰਮੁਖ ਸਿੰਘ ਸਫੈਦਪੋਸ਼ ਦੀ ਹਵੇਲੀ ਦੇ ਲਹਿੰਦੇ ਪਾਸੇ ਵੱਲ ਦੀ ਕੰਧ ਕੋਲ ਖਲੋਤੇ ਸਨ।

"ਆਹੋ ਲਿਆਂਦੀ ਐ।" ਬੰਤਾ ਸਿੰਘ ਨੇ ਵੀ ਹੌਲੀ ਜਿਹੀ ਜੁਆਬ ਦਿੱਤਾ।

ਉਨ੍ਹਾਂ ਚਾਰ ਚੁਫੇਰੇ ਵੇਖਿਆ। ਫੇਰ ਬੜੀ ਫੁਰਤੀ ਨਾਲ ਹਵੇਲੀ ਦੀ ਕੰਧ ਟੱਪੀ। ਦੋ ਬੰਦੇ ਢਾਰੇ ਵਿਚ ਸੁੱਤੇ ਪਏ ਸਨ, ਖਬਰੇ ਮੱਘਰ ਦੇ ਪਾਲੇ ਕੋਲੋਂ ਬਚਣ ਲਈ। ਬੰਤਾ ਸਿੰਘ ਕਿਰਪਾਨ ਕੱਢ ਕੇ ਉਨ੍ਹਾਂ ਦੇ ਸਿਰ 'ਤੇ ਖਲੋ ਗਿਆ ਤੇ ਬਹਾਦਰ ਸਿੰਘ ਢਾਰੇ ਦੇ ਅਖੀਰ 'ਤੇ ਬੱਧੀਆਂ ਘੋੜੀਆਂ ਵੱਲ ਟੁਰ ਪਿਆ। ਕੰਧ ਨਾਲ ਉਸ ਆਪਣੀ ਬਲਮ ਖੜ੍ਹੀ ਕਰ ਦਿੱਤੀ। ਫੇਰ ਹਨੇਰੇ ਵਿਚ ਅੱਖਾਂ ਪਾੜ ਕੇ ਉਸ ਨੇ ਸਾਹਮਣੇ ਖੜ੍ਹੀਆਂ ਘੋੜੀਆਂ ਵੱਲ ਵੇਖਿਆ, ਤੇ ਉਹਨੇ ਦੋਨਾਂ ਤੋਂ ਪਿਛਾਂਹ ਬੱਧੀ ਚਿੱਟੀ ਬਲੋਚੀ ਘੋੜੀ ਸਿਆਣ ਲਈ। ਉਹ ਨੀਵਾਂ ਹੋ ਕੇ ਹੌਲੀ ਹੌਲੀ ਖਿਸਕਦਾ ਘੋੜੀਆਂ ਦੇ ਪਿਛਾਂਹ ਦੀ ਲੰਘ ਕੇ ਚਿੱਟੀ ਬਲੋਚੀ ਘੋੜੀ ਦੇ ਮੂੰਹ ਕੋਲ ਅੱਪੜ ਗਿਆ। ਘੋੜੀਆਂ ਖੌਰੇ ਗੈਰ ਆਦਮੀ ਦੀ ਵਾਸ਼ਨਾ ਸੁੰਘ ਲਈ ਸੀ। ਪਰ ਬਹਾਦਰ ਸਿੰਘ ਬਿਜਲੀ ਦੀ ਫੁਰਤੀ ਨਾਲ ਉਠਿਆ ਤੇ ਐਸ ਤੋਂ ਪਹਿਲਾਂ ਕਿ ਘੋੜੀਆਂ ਨੂੰ ਗੱਲ ਦੀ ਸਮਝ ਆਉਂਦੀ, ਉਹਨੇ ਬਲੋਚੀ ਘੋੜੀ ਦੀਆਂ ਨਾਸਾਂ ਘੁੱਟ ਕੇ ਫੜੀਆਂ ਤੇ ਦੂਜੇ ਹੱਥ ਨਾਲ ਉਸ ਨੂੰ ਲਗਾਮ ਦੇ ਦਿੱਤੀ। ਇਹ ਸਭ ਕੁਝ ਅੱਖ ਝਮਕਣ ਜਿੰਨੇ ਚਿਰ ਵਿਚ ਹੋ ਗਿਆ। ਬਲੋਚੀ ਘੋੜੀ ਨੂੰ ਗੱਲ ਦੀ ਸਮਝ ਤੇ ਆ ਗਈ ਹੋਵੇਗੀ ਪਰ ਉਦੋਂ ਫਾਇਦਾ ਕੀ? ਉਹਦੇ ਮੂੰਹ ਵਿਚ ਤੇ ਕੰਡਿਆਂ ਵਾਲਾ



ਕੜਿਆਲ ਉਹਦੀ ਸੂਰਤ ਮਾਰ ਚੁੱਕਿਆ ਸੀ।

ਬਹਾਦਰ ਸਿੰਘ ਨੇ ਫੇਰ ਆਪਣੀ ਡੱਬ ਵਿਚੋਂ ਚਾਬੀਆਂ ਦਾ ਗੁੱਛਾ ਕੱਢਿਆ ਤੇ ਘੋੜੀ ਦੇ ਸੰਗਲ ਨੂੰ ਖੋਲ੍ਹਣ ਲੱਗ ਪਿਆ। ਆਖਰ ਇਕ ਚਾਬੀ ਲੱਗ ਗਈ ਤੇ ਉਸ ਅਡੋਲ ਈ ਸੰਗਲ ਲਾਹ ਕੇ ਪਰ੍ਹਾਂ ਰੱਖ ਦਿੱਤਾ। ਫੇਰ ਉਸ ਘੋੜੀ ਦੇ ਪਿੰਡੇ 'ਤੇ ਪਿਆਰ ਨਾਲ ਹੱਥ ਫੇਰਿਆ। ਬਿਗਾਨਾ ਹੱਥ ਸਿਆਣ ਕੇ ਘੋੜੀ ਦਾ ਸਾਰਾ ਸਰੀਰ ਕੰਬ ਗਿਆ। ਬੰਤਾ ਸਿੰਘ ਨੇ ਭੱਜ ਕੇ ਬੂਹਾ ਖੋਲ੍ਹ ਲਿਆ। ਉਨ੍ਹਾਂ ਘੋੜੀ ਬਾਹਰ ਕੱਢੀ ਤੇ ਬੇਹ ਵੱਲ ਟੁਰ ਪਏ।

"ਵਧਾਈਆਂ ਬਈ ਬਹਾਦਰ ਸਿੰਘਾ।" ਬੇਹ ਵਾਲੇ ਬੋਹੜ ਕੋਲ ਪਹੁੰਚ ਕੇ ਬੰਤਾ ਸਿੰਘ ਨੇ ਹੌਲੀ ਜਿਹੀ ਹੱਸ ਕੇ ਆਖਿਆ।

"ਤੂੰ ਵੀ ਵਧ, ਪਰ ਛੇਤੀ ਨਾਲ ਮੇਰੇ ਵਾਲੀ ਘੋੜੀ 'ਤੇ ਤੂੰ ਚੜ੍ਹ ਬਹਿ। ਮੈਂ ਇਸ ਚਿੱਟੀ 'ਤੇ ਚੱਲਾਂਗਾ।" ਬਹਾਦਰ ਸਿੰਘ ਨੇ ਆਖਿਆ। ਬੰਤਾ ਸਿੰਘ ਨੇ ਛੇਤੀ ਨਾਲ ਘੋੜੀ ਖੋਲ੍ਹੀ ਤੇ ਛਾਲ ਮਾਰ ਕੇ ਚੜ੍ਹ ਗਿਆ, ਤੇ ਉਨ੍ਹਾਂ ਘੋੜੀਆਂ ਸੜਕੇ ਪਾ ਕੇ ਭਜਾ ਦਿੱਤੀਆਂ। ਅਜੇ ਉਹ ਕੋਹ ਭਰ ਪੈਂਡਾ ਈ ਗਏ ਹੋਣਗੇ ਕਿ ਉਨ੍ਹਾਂ ਨੂੰ ਪਿਛੋਂ ਕਿਸੇ ਘੋੜੀ ਦੇ ਭੱਜੇ ਆਉਣ ਦਾ ਸ਼ੱਕ ਪਿਆ। ਉਨ੍ਹਾਂ ਜ਼ਰਾ ਘੋੜੀਆਂ ਡੱਕ ਲਈਆਂ ਤੇ ਖੜਾਕ ਸੁਣਿਆ। ਸੱਚੀ ਮੁੱਚੀਂ ਕੋਈ ਘੋੜੀ ਸਰਪੱਟ ਭਜਾਈ ਆਉਂਦਾ ਸੀ, ਤੇ 'ਵਾਜ ਤੋਂ ਲੱਗਦਾ ਸੀ ਜਿਵੇਂ ਘੋੜੀ ਉਕਾ ਈ ਨੇੜੇ ਐ। ਉਨ੍ਹਾਂ ਅੱਖੀਆਂ ਖੋਲ੍ਹ ਖੋਲ੍ਹ ਕੇ ਨੰਗਲ ਵੱਲੋਂ ਆਉਣ ਵਾਲੀ ਸੜਕ 'ਤੇ ਵੇਖਿਆ ਪਰ ਲੱਭਾ ਕੁਝ ਨਾ। ਫੇਰ ਉਨ੍ਹਾਂ ਇਕ ਦੂਜੇ ਵੱਲ ਵੇਖਿਆ। ਬਹਾਦਰ ਸਿੰਘ ਆਖਣ ਲੱਗਾ, "ਘੋੜੀ ਤਾਂ ਇਕ ਈ ਆਉਂਦੀ ਪਈ ਐ ਪਰ ਤੂੰ ਭੱਜ ਈ ਚੱਲ। ਜ਼ਰਾ ਅਗਾਂਹ ਚੱਲ ਕੇ ਵੇਖਾਂਗੇ।"

ਉਨ੍ਹਾਂ ਫੇਰ ਘੋੜੀਆਂ ਨੂੰ ਅੱਡੀਆਂ ਲਾ ਦਿੱਤੀਆਂ। ਦੋਵੇਂ ਘੋੜੀਆਂ ਇਕ ਦੂਜੇ ਦੀ ਖਾਰ ਨਾਲ ਹਵਾ ਨਾਲੋਂ ਵੀ ਤੇਜ਼ ਭੱਜੀਆਂ ਜਾਂਦੀਆਂ ਸਨ। ਪਰ ਪਿਛੋਂ ਆਉਣ ਵਾਲੀ ਘੋੜੀ ਦੋਹਾਂ ਤੋਂ ਤੇਜ਼ ਸੀ। ਪੈਂਡਾ ਅਜੇ ਤਿੰਨ ਕੋਹ ਵੀ ਨਹੀਂ ਸੀ ਮਾਰਿਆ ਕਿ ਪਿਛਲੀ ਘੋੜੀ ਬਹਾਦਰ ਸਿੰਘ ਹੋਰਾਂ ਦੇ ਨੇੜੇ ਪਹੁੰਚ ਗਈ। ਉਹਦੇ 'ਤੇ ਇਕ ਈ ਬੰਦਾ ਸੀ। ਇਕ ਰੱਕੜ ਜਿਹੇ ਵਿਚ ਅੱਪੜ ਕੇ ਉਨ੍ਹਾਂ ਘੋੜੀਆਂ ਡੱਕ ਲਈਆਂ। ਉਹ ਘੋੜੀਆਂ ਦੇ ਮੂੰਹ ਪਿਛਾਂਹ ਨੂੰ ਫੇਰ ਕੇ ਖਲੋ ਗਏ। ਆਉਣ ਵਾਲਾ, ਜਿਹਦਾ ਮੂੰਹ ਠਾਠੇ ਵਿਚ ਲੁਕਿਆ ਹੋਇਆ ਸੀ ਤੇ ਪਿੰਡਾ ਵੱਡੇ ਕੱਪੜੇ ਦੀ ਬੁੱਕਲ ਵਿਚ, ਉਨ੍ਹਾਂ ਦੇ ਕੋਲ ਆ ਕੇ ਖਲੋ ਗਿਆ। ਉਹਦੀ ਬਰਛੀ ਦਾ ਲੰਮਾ ਚੌੜਾ ਫਾਲ ਤਾਰਿਆਂ ਦੀ ਲੋਅ ਵਿਚ ਟਿਮਕਣ ਡਿਹਾ ਸੀ। ਬਹਾਦਰ ਸਿੰਘ ਨੇ ਪੁੱਛਣ ਵਿਚ ਪਹਿਲ ਕੀਤੀ, "ਕਿਹੜਾ ਐਂ ਬਈ?"

"ਤੂੰ ਦੱਸ ਤੂੰ ਕੌਣ ਐਂ?" ਆਉਣ ਵਾਲੇ ਗੱਭਰੂ ਨੇ ਬੜੀ ਤਸੱਲੀ ਨਾਲ ਉਸੇ ਨੂੰ ਪੁੱਛਿਆ।

"ਮੈਂ ਤੇ ਕਾਲਾ ਚੋਰ ਆਂ।" ਬਹਾਦਰ ਸਿੰਘ ਸੜ ਬਲ ਕੇ ਆਖਿਆ।

"ਮੈਂ ਵੀ ਕਾਲਾ ਚੋਰ ਆਂ।" ਗੱਭਰੂ ਹੱਸ ਕੇ ਆਖਣ ਲੱਗਾ।

"ਜਾਹ ਫੇਰ ਆਪਣਾ ਰਾਹ ਫੜ੍ਹ, ਸਾਡਾ ਵਕਤ ਖਰਾਬ ਨਾ ਕਰ।" ਬਹਾਦਰ ਸਿੰਘ ਨੇ ਰੁਖਾਈ ਨਾਲ ਕਿਹਾ।

"ਇਹਦੇ ਨਾਲ ਦੋ ਦੋ ਹੱਥ ਕਰ ਲੈਨੇ ਆਂ, ਬਹਾਦਰ ਸਿੰਘ। ਐਵੇਂ ਪੈਂਡਾ ਖੋਟਾ ਹੋਣ ਡਿਹਾ ਐ।" ਬੰਤਾ ਸਿੰਘ ਨੇ ਆਖਿਆ।

"ਮੈਂ ਵੀ ਤੁਹਾਡੇ ਨਾਲ ਦੋ ਦੋ ਹੱਥ ਈ ਕਰਨ ਆਇਆ ਆਂ।" ਆਉਣ ਵਾਲੇ ਗੱਭਰੂ ਨੇ ਬਰਛੀ ਖੜ੍ਹੀ ਕਰਕੇ ਘੋੜੀ ਪਰਤਾ ਕੇ ਉਨ੍ਹਾਂ ਦੇ ਹੋਰ ਨੇੜੇ ਕਰ ਲਈ ਤੇ ਫੇਰ ਆਖਣ ਲੱਗਾ, "ਭਾਵੇਂ 'ਕੱਠੇ ਵੇਖ ਲਉ ਤੇ ਭਾਵੇਂ 'ਕੱਲਾ 'ਕੱਲਾ।"

"ਤੂੰ ਸਾਨੂੰ ਜਾਣਦਾ ਨੀਂ ਚੋਬਰਾ।" ਬਹਾਦਰ ਸਿੰਘ ਨੇ ਆਪਣੀ ਡਾਂਗ ਉਪਰ ਹੱਥ ਫੇਰਿਆ ਜਿਸ 'ਤੇ ਉਹਨੂੰ ਬੜਾ ਮਾਣ ਸੀ। ਉਹ ਅਗਾਂਹ ਬੋਲਿਆ, "ਸਾਰੇ ਮਾਝੇ ਵਿਚ ਮੇਰੇ ਸਾਹਮਣੇ ਕੋਈ ਨੀਂ ਖਲੋਂਦਾ। ਮੇਰਾ ਨਾਂ ਬਹਾਦਰ ਸਿੰਘ ਵਿਰਕ ਐ, ਬਹਾਦਰ ਸਿੰਘ ਵਿਰਕ।"

ਪਰ ਇਹ ਨਾਂ ਸੁਣ ਕੇ ਗੱਭਰੂ 'ਤੇ ਕੋਈ ਅਸਰ ਨਾ ਹੋਇਆ ਤੇ ਉਹ ਹੱਸ ਕੇ ਆਖਣ ਲੱਗਾ, "ਫੇਰ ਕੀ ਹੋਇਆ ਜੇ ਤੂੰ ਬਹਾਦਰ ਸਿੰਘ ਵਿਰਕ ਐਂ ਤੇ...।"

"ਪਰ ਤੂੰ ਆਖਰ ਚਾਹੁਨਾਂ ਕੀ ਏਂ?" ਬੰਤਾ ਸਿੰਘ ਨੇ ਉਹਦੀ ਗੱਲ ਵਿਚਕਾਰੋਂ ਹੀ ਟੋਕ ਕੇ ਪੁੱਛਿਆ।

"ਚਿੱਟੀ ਬਲੋਚੀ ਘੋੜੀ ਜਿਹੜੀ ਤੁਸੀਂ ਚੋਰੀ ਕਰਕੇ ਲਿਆਏ ਹੋ...।" ਉਹ ਬੋਲ ਈ ਰਿਹਾ ਸੀ ਕਿ ਬਹਾਦਰ ਸਿੰਘ ਨੇ ਉਹਦੀ ਗੱਲ ਟੋਕਦਿਆਂ ਤੇ ਤਿੜਦਿਆਂ ਕਿਹਾ, "ਉਏ ਕਿਹੜੀ ਚਿੱਟੀ ਬਲੋਚੀ ਘੋੜੀ ਚੰਨ ਮੱਖਣਾ, ਇਹ ਤੇ ਹੁਣ ਮੈਥੋਂ ਅੰਗਰੇਜ਼ ਵੀ ਨੀਂ ਲੈ ਸਕਦਾ।"

"ਮੈਂ ਤੇ ਫੇਰ ਅੱਜ ਲੈ ਕੇ ਹੀ ਜਾਵਾਂਗਾ।" ਗੱਭਰੂ ਨੇ ਫੇਰ ਹੱਸ ਕੇ ਆਖਿਆ।

"ਘੋੜੀਓਂ ਥੱਲੇ ਉਤਰ ਆ ਤੇ ਆ ਜਾ ਫੇਰ ਤਮਾਸ਼ਾ ਵੇਖ ਲੈ।" ਇੰਨਾ ਕਹਿੰਦਿਆਂ ਬਹਾਦਰ ਸਿੰਘ ਆਪ ਵੀ ਘੋੜੀਓਂ ਛਾਲ ਮਾਰ ਕੇ ਹੇਠਾਂ ਉਤਰ ਪਿਆ। ਉਹਨੇ ਬੰਤਾ ਸਿੰਘ ਨੂੰ ਕਿਹਾ, "ਤੂੰ ਵਿਚ ਨਾ ਆਵੀਂ, ਏਹ ਗੱਭਰੂ ਨੂੰ ਮੈਂ 'ਕੱਲਾ ਵੀ ਵਾਧੂ ਆਂ।"

ਗੱਭਰੂ ਵੀ ਛਾਲ ਮਾਰ ਕੇ ਘੋੜੀ ਤੋਂ ਉਤਰ ਗਿਆ ਤੇ ਉਸ ਆਪਣੀ ਬਰਛੀ ਦੇ ਫਾਲ ਦੇ ਪੇਚ ਖੋਲ੍ਹ ਕੇ ਫਾਲ ਸੁੱਟ ਦਿੱਤਾ ਤੇ ਕਹਿਣ ਲੱਗਾ, "ਮੈਂ 'ਕੱਲੀ ਡਾਂਗ ਨਾਲ ਈ ਲੜਨਾ ਹੁੰਨਾ ਆਂ। ਸੁਣਿਐਂ ਡਾਂਗ ਤੇ ਕਦੀ ਕਦੀ ਤੂੰ ਵੀ ਚੰਗੀ ਵਾਹ ਲੈਨਾ ਐਂ, ਬਹਾਦਰ ਸਿੰਘਾ।" ਉਸ ਨੇ ਬਹਾਦਰ ਸਿੰਘ ਨੂੰ ਚਿੜਾ ਕੇ ਕਿਹਾ।

ਬਹਾਦਰ ਸਿੰਘ ਜਿਹੜਾ ਬਲਮ ਦਾ ਫਾਲ ਲਾਹੁਣ ਡਿਹਾ ਸੀ, ਆਖਣ ਲੱਗਾ, "ਜੇ ਜਿੱਤ ਜਾਵੇਂ ਤਾਂ ਇਹ ਘੋੜੀ ਲੈ ਜਾਵੀਂ ਚੰਨ ਮੱਖਣਾ! ਚੰਗਾ ਲੈ ਤਕੜਾ ਹੋ ਲੈ।" ਇੰਨਾ ਕਹਿੰਦਿਆਂ ਉਸ ਡਾਂਗ ਚਲਾਈ। ਉਧਰੋਂ ਗੱਭਰੂ ਨੇ ਵੀ ਡਾਂਗ ਵਾਹੀ ਤਾਂ ਬਹਾਦਰ ਸਿੰਘ ਨੂੰ ਛੇਤੀ ਪਤਾ ਲੱਗ ਗਿਆ ਕਿ ਗੱਭਰੂ ਡਾਂਗ ਬੜੀ ਸੁਥਰੀ ਵਾਹੁੰਦਾ ਐ। ਤੇ ਗੱਭਰੂ ਸੱਚੀ ਮੁੱਚੀ ਈਂ ਬਿਜਲੀ ਵਾਂਗੂੰ ਤ੍ਰਿਖਾ ਤੇ ਤੇਜ਼ ਸੀ। ਇੰਜ ਲੱਗਦਾ ਸੀ ਜਿਵੇਂ ਉਹ ਸਾਰੀ ਉਮਰ ਡਾਂਗ ਵਾਹੁਣ ਦੀ ਈ ਜਾਚ ਸਿੱਖਦਾ ਰਿਹਾ ਹੋਵੇ। ਘੜੀ ਭਰ ਵਿਚ ਈ ਉਸ ਬਹਾਦਰ ਸਿੰਘ ਦਾ ਸੱਜਾ ਗੁੱਟ ਵੀ ਤੋੜ ਦਿੱਤਾ ਤੇ ਉਹਦੀ ਡਾਂਗ ਵੀ। ਬਹਾਦਰ ਸਿੰਘ ਨੇ ਦੂਜੀ ਬਾਂਹ ਖੜ੍ਹੀ ਕਰਕੇ ਆਖਿਆ, "ਤੂੰ ਜਿੱਤ ਗਿਆ ਐਂ ਜਵਾਨਾ।" ਤੇ ਉਸ ਗੁੱਟ ਫੜ੍ਹ ਕੇ ਦਰਦ ਨਾਲ ਕਰਾਹੁੰਦਿਆਂ ਬੰਤਾ ਸਿੰਘ ਨੂੰ ਕਿਹਾ, "ਬੰਤਾ ਸਿੰਘ, ਐਸ ਘੋੜੀ 'ਤੇ ਹੁਣ ਇਹ ਗੱਭਰੂ ਦਾ ਹੱਕ ਐ।"

"ਤੂੰ ਵੀ ਕੋਈ ਹੱਥ ਵੇਖਣਾ ਐਂ, ਭਈ ਬੰਤਾ ਸਿਆਂ?" ਗੱਭਰੂ ਨੇ ਘੋੜੀ 'ਤੇ ਚੜ੍ਹਦਿਆਂ ਪਰਤ ਕੇ ਬੰਤਾ ਸਿੰਘ ਵੱਲ ਵੇਂਹਦਿਆਂ ਕਿਹਾ। ਤੇ ਬੰਤਾ ਸਿੰਘ ਨੇ ਛੇਤੀ ਨਾਲ ਆਖਿਆ, "ਨਹੀਂ, ਨਹੀਂ! ਗੱਭਰੂਆ ਤੂੰ ਘੋੜੀ ਲੈ ਜਾਹ।"

ਗੱਭਰੂ ਨੇ ਹੱਥ ਵਧਾ ਕੇ ਬੰਤਾ ਸਿੰਘ ਕੋਲੋਂ ਚਿੱਟੀ ਬਲੋਚੀ ਘੋੜੀ ਦੀ ਲਗਾਮ ਫੜ੍ਹ ਲਈ, ਤੇ ਘੋੜੀਆਂ ਦੇ ਮੂੰਹ ਨੰਗਲ ਵੱਲ ਨੂੰ ਕਰ ਲਏ।

"ਪਰ ਤੂੰ ਆਪਣਾ ਨਾਂ ਨਹੀਂ ਦੱਸਿਆ ਜਵਾਨਾ?" ਬਹਾਦਰ ਸਿੰਘ ਨੇ ਕੋਲ ਜਾ ਕੇ ਆਪਣਾ ਹੱਥ ਪਿਆਰ ਨਾਲ ਉਹਦੇ ਪੱਟ 'ਤੇ ਰੱਖ ਕੇ ਪੁੱਛਿਆ। ਗੱਭਰੂ ਨੇ ਛੇਤੀ ਨਾਲ ਨਿਮ ਕੇ ਆਪਣੇ ਪੱਟ ਤੋਂ ਬਹਾਦਰ ਸਿੰਘ ਦਾ ਹੱਥ ਝਟਕ ਦਿੱਤਾ, ਤੇ ਉਦੋਂ ਹੀ ਉਹਨੇ ਆਪਣਾ ਠਾਠਾ ਲਾਹ ਦਿੱਤਾ। ਬਹਾਦਰ ਸਿੰਘ ਦੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ। ਗੱਭਰੂ ਉਚੀ ਸਾਰੀ ਹੱਸਿਆ। ਉਦੋਂ ਉਹਦੀ ਆਵਾਜ਼ ਹੋਰ ਤਰ੍ਹਾਂ ਦੀ ਸੀ ਤੇ ਉਸ ਆਖਿਆ, "ਮੈਂ ਗੁਰਮੁਖ ਸਿੰਘ ਸਫੈਦਪੋਸ਼ ਦੀ ਧੀ ਆਂ ਜਵਾਨੋ।" ਇੰਨਾ ਕਹਿੰਦਿਆਂ ਉਸ ਘੋੜੀਆਂ ਨੂੰ ਅੱਡੀ ਲਾ ਦਿੱਤੀ।

## *ਮਿਨੀ ਕਹਾਣੀ*

# ਚਾਹ ਪਾਣੀ

"ਗੋਰਿਆ! ਸਿਲੰਡਰ ਵਾਲਾ ਸਿਲੰਡਰ ਦੇ ਗਿਆ ਸੀ?" ਘਰ ਵੜ੍ਹਦਿਆਂ ਹੀ ਮੈਂ ਆਪਣੇ ਛੋਟੇ ਮੁੰਡੇ ਸੁਖਜੀਵਨ ਜਿਸ ਦਾ ਲਾਡਲਾ ਨਾਂ ਗੋਰਾ ਹੈ, ਨੂੰ ਪੁੱਛਿਆ।

"ਹਾਂ ਪਾਪਾ! ਦੇ ਗਿਆ ਸੀ, ਸਵੇਰੇ ਸਵੇਰੇ ਈ।" ਉਸ ਨੇ ਉਤਰ ਦਿੱਤਾ।

"ਕਿੰਨੇ ਪੈਸੇ ਲੈ ਗਿਆ?"

"ਛੇ ਸੌ ਸੱਠ ਰੁਪਏ।"

"ਲਿਆ ਪਰਚੀ ਤਾਂ ਦਿਖਾ।"

ਜਦੋਂ ਉਸ ਨੇ ਪਰਚੀ ਦਿਖਾਈ ਤਾਂ ਉਸ ਉਤੇ ਰੇਟ 651 ਰੁਪਏ ਲਿਖੇ ਹੋਏ ਸਨ ਜੋ ਕਿ ਗੈਸ ਸਿਲੰਡਰ ਦਾ ਸਹੀ ਰੇਟ ਸੀ। ਸਿਲੰਡਰ ਵਾਲਾ ਭੱਈਆ ਗੋਰੇ ਨੂੰ ਨਿਆਣਾ ਮੁੰਡਾ ਦੇਖ ਕੇ ਮਿਥੀ ਕੀਮਤ ਤੋਂ ਨੌਂ ਰੁਪਏ ਵੱਧ ਲੈ ਗਿਆ ਸੀ। ਜ਼ਾਹਰ ਹੈ ਜੋ ਉਸ ਦੀ ਆਪਣੀ ਜੇਬ ਵਿਚ ਜਾ ਪੈਣੇ ਸਨ। ਸਿਲੰਡਰ ਵਾਲੇ ਦੀ ਇਸ ਠੱਗੀ 'ਤੇ ਸਿਲੰਡਰ ਵਾਲੇ ਨਾਲੋਂ ਵੱਧ ਗੁੱਸਾ ਆਪਣੇ ਮੁੰਡੇ ਗੋਰੇ 'ਤੇ ਆਇਆ ਜਿਸ ਦੀ ਬੇਧਿਆਨੀ-ਲਾਪਰਵਾਹੀ ਕਾਰਨ ਸਿਲੰਡਰ ਵਾਲਾ ਭੱਈਆ ਦਾਅ ਲਾ ਗਿਆ ਸੀ।

ਗੋਰੇ ਦੀ ਇਸ ਨਾਲਾਇਕੀ 'ਤੇ ਉਸ ਨੂੰ ਬੁਰਾ-ਭਲਾ ਵੀ ਬਥੇਰਾ ਕਹਿ ਲਿਆ ਪਰ ਕੁਝ ਹੱਥ-ਪੱਲੇ ਨਾ ਪਿਆ। ਉਹ ਭਲਾ ਹੁਣ ਕਰ ਵੀ ਕੀ ਸਕਦਾ ਸੀ, ਅੱਜ ਨੌਂ ਰੁਪਏ ਕੋਈ ਵੱਡੀ ਰਕਮ ਨਹੀਂ ਪਰ ਫਿਰ ਵੀ 'ਭੰਗ ਦੇ ਭਾੜੇ' ਗਏ ਇਨ੍ਹਾਂ ਨੌਂ ਰੁਪਿਆਂ ਦੀ ਰੜਕ ਪੈਣੋਂ ਨਹੀਂ ਹੱਟ ਰਹੀ ਸੀ। ਇਸ ਰੜਕ ਦੇ ਅਸਰ ਹੇਠ ਮੈਂ ਗੈਸ ਏਜੰਸੀ ਦੇ ਮੈਨੇਜਰ ਕੋਲ ਚਲਾ ਗਿਆ। ਗੈਸ ਸਿਲੰਡਰ ਦੇ ਕੁਝ ਲੇਟ ਹੋਣ ਕਾਰਨ ਮੈਂ ਦੋ ਵਾਰੀ ਪਹਿਲਾਂ ਵੀ ਇਸ ਮੈਨੇਜਰ ਕੋਲ ਜਾ ਚੁੱਕਾ ਸਾਂ। ਦਫਤਰ ਦੀ ਦਹਿਲੀਜ਼ 'ਤੇ ਮੇਰਾ ਪੈਰ ਪੈਂਦਿਆਂ ਹੀ ਮੈਨੇਜਰ ਬੋਲਿਆ, "ਕੀ ਗੱਲ! ਪਹੁੰਚਿਆ ਨਹੀਂ ਅਜੇ ਤੁਹਾਡਾ ਸਿਲੰਡਰ?"

"ਪਹੁੰਚ ਤਾਂ ਗਿਆ ਪਰ ਸਿਲੰਡਰ ਦਾ ਰੇਟ ਕੀ ਹੈ?" ਮੈਂ ਪਰਚੀ ਉਪਰ ਲਿਖੇ ਅਤੇ ਭੱਈਏ ਵੱਲੋਂ ਲਏ ਪੈਸਿਆਂ ਵਿਚਲੇ ਫਰਕ ਦੀ ਪੁਸ਼ਟੀ ਕਰਵਾਉਣ ਲਈ ਪੁੱਛਿਆ।

"ਛੇ ਸੌ ਇਕਵੰਜਾ ਰੁਪਏ। ਪਹਿਲਾਂ ਨਾਲੋਂ ਘੱਟ ਗਿਆ ਨਾ।" ਮੈਨੇਜਰ ਨੇ ਕਿਹਾ। "ਪਰ ਤੁਹਾਡਾ ਬੰਦਾ ਤਾਂ ਛੇ ਸੌ ਸੱਠ ਰੁਪਏ ਲੈ ਕੇ ਆਇਆ।" ਮੈਂ ਆਪਣੇ ਨਾਲ ਹੋਈ ਮਾਇਕ ਵਧੀਕੀ ਦਾ ਜ਼ਿਕਰ ਕਰਦਿਆਂ ਕਿਹਾ।

"ਫਿਰ ਕੀ ਹੋਇਆ ਉਸ ਨੇ 'ਚਾਹ-ਪਾਣੀ' ਨਹੀਂ ਸੀ ਪੀਣਾ?" ਆਪਣੇ ਭੱਈਏ ਦੀ ਠੱਗੀ ਦਾ ਪੱਖ ਪੂਰਦਿਆਂ ਮੈਨੇਜਰ ਨੇ ਕਿਹਾ।

"ਕੀ ਗੱਲ ਚਾਹ-ਪਾਣੀ ਤੁਸੀਂ ਨਹੀਂ ਪਿਆਉਂਦੇ?" ਮੈਂ ਉਸ ਦੇ ਇਸ ਗੈਰ ਜ਼ਿੰਮੇਵਾਰ ਜਵਾਬ 'ਚ ਕਿਹਾ।

"ਕਿੱਥੇ ਜੀ! ਸਗੋਂ ਮੈਂ ਤਾਂ ਆਪ ਇਨ੍ਹਾਂ ਕੋਲੋਂ ਪੀਨਾਂ।" ਮੈਨੇਜਰ ਦੇ ਇਸ ਸਾਫਗੋਈ ਵਾਲੇ ਬਿਆਨ ਨੂੰ ਮੈਂ ਮਜ਼ਾਕੀਆ ਸਮਝਾਂ ਕਿ 'ਰਲੀਆਂ ਚੁੱਗਣ' ਵਾਲਾ, ਇਸ ਦਾ ਫੈਸਲਾ ਕਰਨਾ ਮੇਰੇ ਲਈ ਬਹੁਤ ਔਖਾ ਹੋ ਗਿਆ।

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

## ਲਤੀਫਾ

### ਪੁਲਿਸ ਵਿਚ ਭਰਤੀ


ਇਕ ਨੌਜਵਾਨ ਪੁਲਿਸ 'ਚ ਭਰਤੀ ਹੋਣ ਗਿਆ। ਸਰੀਰਕ ਟੈਸਟ ਵਿਚੋਂ ਉਹ ਪਾਸ ਹੋਣ ਪਿਛੋਂ ਇੰਟਰਵਿਊ ਦੇਣੀ ਸੀ। ਇੰਟਰਵਿਊ ਲੈਂਦਿਆਂ ਡੀ.ਐਸ.ਪੀ. ਨੇ ਸਵਾਲ ਕੀਤਾ, "ਫਰਜ਼ ਕਰ ਲੈ, ਤੂੰ ਬਾਜ਼ਾਰ 'ਚੋਂ ਸੇਬ ਲੈਣ ਗਿਆ। ਰੇੜ੍ਹੀ ਵਾਲੇ ਨੇ ਸੇਬ ਦਾ ਭਾਅ 50 ਰੁਪਏ ਕਿਲੋ ਦੱਸਿਆ। ਸੌ ਗ੍ਰਾਮ ਸੇਬ ਦੇ ਕਿੰਨੇ ਪੈਸੇ ਦੇਵੇਂਗਾ?"

"ਜੇ ਸੌ ਗ੍ਰਾਮ ਸੇਬ ਦੇ ਹੀ ਪੈਸੇ ਦੇਣੇ ਪੈਣ ਤਾਂ ਪੁਲਿਸ ਵਿਚ ਕਾਹਦੇ ਲਈ ਭਰਤੀ ਹੋਣਾ।" ਮੁੰਡੇ ਦਾ ਜਵਾਬ ਸੀ।

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਹਾਥੀਚੱਕ ਦੇ ਫੱਟੇ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਹਾਥੀਚੱਕ ਇਕ ਕੰਡਿਆਰੀ ਕਿਸਮ ਦਾ ਬੂਟਾ ਹੈ ਜਿਸ ਦੇ ਡੰਡਲ ਨੂੰ ਫੁੱਲ ਗੋਭੀ ਦੀ ਤਰ੍ਹਾਂ ਡੋਡੀਆਂ ਦਾ ਗੋਲ ਮਟੋਲ ਗੁੱਛਾ ਲਗਦਾ ਹੈ। ਇਸ ਦੇ ਪੱਤੇ ਪੋਹਲੀ ਵਾਂਗ ਕੰਡਿਆਲੇ ਹੁੰਦੇ ਹਨ ਅਤੇ ਇਸ ਦੀਆਂ ਪੰਖੜੀਆਂ ਦੇ ਸਿਰਿਆਂ 'ਤੇ ਵੀ ਕੰਡੇ ਲੱਗੇ ਹੁੰਦੇ ਹਨ। ਇਹ ਬੂਟਾ ਵਧ ਕੇ ਆਦਮੀ ਦੇ ਕੱਦ ਜਿੰਨਾ ਉਚਾ ਹੋ ਸਕਦਾ ਹੈ। ਡੋਡੀਆਂ ਦਾ ਗੁੱਛਾ ਸਬਜ਼ੀ ਜਾਂ ਸਲਾਦ ਵਜੋਂ ਖਾਧਾ ਜਾਂਦਾ ਹੈ। ਇਸ 'ਚ ਮੈਗਨੀਸ਼ੀਅਮ, ਪੋਟਾਸ਼ੀਅਮ, ਵਿਟਾਮਿਨ ਸੀ, ਬੀ, ਲੋਹਾ ਅਤੇ ਕੁਝ ਜ਼ਰੂਰੀ ਤੇਜ਼ਾਬ ਹੁੰਦੇ ਹਨ। ਇਸ ਲਈ ਇਸ ਨੂੰ ਸਿਹਤ ਲਈ ਬਹੁਤ ਗੁਣਕਾਰੀ ਮੰਨਿਆ ਜਾਂਦਾ ਹੈ। ਰਵਾਇਤੀ ਤੌਰ 'ਤੇ ਇਸ ਨੂੰ ਪੇਟ ਅਤੇ ਕਰੂਰੇ ਦੀਆਂ ਬੀਮਾਰੀਆਂ ਲਈ ਮੁਫੀਦ ਸਮਝਿਆ ਗਿਆ ਹੈ।

ਗੋਰੇ ਲੋਕ ਇਸ ਦਾ ਸੂਪ ਜਾਂ ਸ਼ੋਰਬਾ ਵੀ ਬਣਾਉਂਦੇ ਹਨ। ਜੇ ਗੁੱਛੇ ਵਿਚਲੀਆਂ ਡੋਡੀਆਂ ਨੂੰ ਨਾ ਤੋੜਿਆ ਜਾਵੇ ਤਾਂ ਇਨ੍ਹਾਂ ਵਿਚੋਂ ਜਾਮਨੀ ਰੰਗ ਦੇ ਸੁੰਦਰ ਫੁੱਲ ਖਿੜਦੇ ਹਨ ਪਰ ਇਹ ਫੁੱਲ ਖਾਣਯੋਗ ਨਹੀਂ ਹੁੰਦੇ। ਪਹਿਲਾਂ ਪਹਿਲਾਂ ਇਹ ਪੌਦਾ ਭੂ ਮਧ ਸਾਗਰ ਦੇ ਆਸ-ਪਾਸ ਦੇ ਦੇਸ਼ਾਂ ਵਿਚ ਹੁੰਦਾ ਸੀ। ਅੱਜ ਕਲ੍ਹ ਇਹ ਵਧੇਰੇ ਤੌਰ 'ਤੇ ਫਰਾਂਸ, ਇਟਲੀ, ਸਪੇਨ ਅਤੇ ਕੈਲੀਫੋਰਨੀਆ (ਅਮਰੀਕਾ) ਵਿਚ ਉਗਾਇਆ ਜਾਂਦਾ ਹੈ।

ਇਕ ਦੰਦ ਕਥਾ ਅਨੁਸਾਰ ਗਰੀਸ ਦੇ ਇਕ ਟਾਪੂ ਜ਼ਿਨਾਰੀ ਵਿਚ Cynara ਨਾਮਕ ਬਹੁਤ ਸੁੰਦਰ ਲੜਕੀ ਰਹਿੰਦੀ ਸੀ ਜਿਸ 'ਤੇ ਜ਼ੂਅਸ ਦੇਵਤਾ ਮੋਹਿਤ ਹੋ ਗਿਆ। ਉਹ ਉਸ ਨੂੰ ਦੇਵੀ ਬਣਾ ਕੇ ਦੇਵਲੋਕ ਦੀ ਧਰਤੀ ਉਲਿੰਪਸ ਵਿਚ ਲੈ ਗਿਆ ਪਰ ਉਥੇ ਉਸ ਦਾ ਦਿਲ ਨਾ ਲੱਗਾ ਤੇ ਉਹ ਚੋਰੀ ਛੁਪੇ ਕੁਝ ਦੇਰ ਲਈ ਧਰਤੀ 'ਤੇ ਆ ਗਈ। ਜਦ ਉਹ ਵਾਪਸ ਮੁੜੀ ਤਾਂ ਜ਼ੂਅਸ ਨੂੰ ਉਸ ਦੀ ਅਵੱਗਿਆ ਕਾਰਨ ਬਹੁਤ ਗੁੱਸਾ ਆਇਆ। ਉਸ ਨੇ ਕਾਇਨਾਰਾ ਨੂੰ ਹਾਥੀਚੱਕ ਦਾ ਪੌਦਾ ਬਣਾ ਕੇ ਧਰਤੀ ਵਿਚ ਗੱਡ ਦਿੱਤਾ।

ਪੌਦਿਆਂ ਦੇ ਪਿਛੋਕੜ ਬਾਰੇ ਅਜਿਹੀਆਂ ਦੰਦ-ਕਥਾਵਾਂ ਆਮ ਹੀ ਹਨ। ਜ਼ਿਨਾਰੀ ਟਾਪੂ ਦਾ ਨਾਂ ਇਸੇ ਦੇ ਨਾਂ 'ਤੇ ਪਿਆ ਦੱਸਿਆ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਹਾਥੀਚੱਕ ਦਾ ਗਰੀਕ ਵਿਚ ਨਾਂ ਵੀ ਇਹੋ Cynara ਹੈ। ਅੱਜ ਇਸ ਦੇ ਵਿਗਿਆਨਕ ਨਾਂ Cynara Cardunculus ਵਿਚ ਵੀ ਇਹੋ ਸ਼ਬਦ ਬੋਲਦਾ ਹੈ। ਕਲਾਸੀਕਲ ਗਰੀਕ ਵਿਚ ਇਸ ਲਈ ਸ਼ਬਦ ਕਾਕਟੋਸ ਹੈ ਜਿਸ ਤੋਂ ਅੰਗਰੇਜ਼ੀ ਸ਼ਬਦ ਕੈਕਟਸ (ਕੰਡਿਆਰਾ) ਬਣਿਆ।

ਰੋਮਨ ਸਾਮਰਾਜ ਸਮੇਂ ਲਾਤੀਨੀ ਵਿਚ ਇਸ ਦੀ ਸਬਜ਼ੀ ਨੂੰ Carduus ਕਿਹਾ ਜਾਂਦਾ ਸੀ ਜਦਕਿ ਪੌਦੇ ਨੂੰ Cardoon. ਇਹ ਸ਼ਬਦ ਅੰਗਰੇਜ਼ੀ ਵਿਚ ਵੀ ਚਲਦਾ ਹੈ ਜੋ ਫਰਾਂਸੀਸੀ ਰਾਹੀਂ ਅੰਤਮ ਤੌਰ 'ਤੇ ਲਾਤੀਨੀ ਵਿਚੋਂ ਆਇਆ। ਅੰਗਰੇਜ਼ੀ ਕਾਰਡਿੰਗ ਦਾ ਇਕ ਅਰਥ ਪਿੰਜਣਾ, ਧੁਣਕਣਾ ਹੁੰਦਾ ਹੈ। ਵਿਦਵਾਨਾਂ ਦਾ ਮਤ ਹੈ ਕਿ ਸਖਤ, ਖੁਰਦਰਾ ਦੇ ਅਰਥਾਂ ਵਾਲਾ ਅੰਗਰੇਜ਼ੀ Harsh ਸ਼ਬਦ ਵੀ Carduus ਦਾ ਸੁਜਾਤੀ ਹੈ, ਯਾਨਿ 'ਕ' ਧੁਨੀ 'ਹ' ਵਿਚ ਬਦਲ ਗਈ ਹੈ। ਧੁਨੀ ਅਤੇ ਅਰਥ ਪੱਖੋਂ ਇਸ ਨਾਲ ਮਿਲਦੇ-ਜੁਲਦੇ ਕਈ ਸ਼ਬਦ ਹੋਰ ਭਾਸ਼ਾਵਾਂ ਜਿਵੇਂ ਡੈਨਿਸ਼, ਨਾਰਵੇਜੀਅਨ, ਜਰਮਨ, ਲਿਥੂਏਨੀਅਨ, ਰੂਸੀ ਆਦਿ ਵਿਚ ਵੀ ਲੱਭਦੇ ਹਨ। ਇਸ ਦਾ ਭਾਰੋਪੀ ਮੂਲ 'Kars' ਕਲਪਿਆ ਗਿਆ ਹੈ ਜਿਸ ਵਿਚ ਖੁਰਚਣ ਦੇ ਭਾਵ ਹਨ। ਇਸ ਤੋਂ ਬਣਦੇ ਸ਼ਬਦਾਂ ਦੇ ਅਰਥ ਕੰਘੀ ਕਰਨਾ, ਖਾਜ ਕਰਨਾ, ਮਲਣਾ, ਰਗੜਨਾ, ਕੁਰੇਦਣਾ ਆਦਿ ਹਨ।

ਲਾਤੀਨੀ Carduus ਜਿਸ ਦਾ ਅਰਥ ਕੰਡਿਆਰੀ ਹੈ, ਵਿਚ ਇਹ ਭਾਵ ਚੁਭਣ ਦੇ ਗੁਣ ਕਾਰਨ ਹੈ। ਸੰਸਕ੍ਰਿਤ ਸ਼ਬਦ ਕਸ਼ ਇਸ ਦਾ ਸੁਜਾਤੀ ਹੈ ਜਿਸ ਵਿਚ ਕੁਰੇਦਣ, ਰਗੜਨ, ਮਲਣ, ਖਾਜ ਕਰਨ ਦੇ ਭਾਵ ਹਨ। ਕਸ਼ ਧਾਤੂ ਤੋਂ ਕੁਖ, ਕੋਸ਼ਿਕਾ, ਕੱਛੂ, ਕਸੌਟੀ ਆਦਿ ਸ਼ਬਦ ਬਣੇ ਹਨ, ਸਮਝੋ ਇਹ ਚੀਜ਼ਾਂ ਕੁਰੇਦ ਕੇ ਬਣਦੀਆਂ ਹਨ।

ਗਰੀਸ ਵਿਚ ਅੱਜ ਤੋਂ 2300 ਸਾਲ ਪਹਿਲਾਂ ਇਸ ਪੌਦੇ ਦੀ ਹੋਂਦ ਦੇ ਪ੍ਰਮਾਣ ਮਿਲਦੇ ਹਨ। ਉਥੋਂ ਦੇ ਹਕੀਮਾਂ ਨੇ ਆਪਣੇ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਕੀਤਾ ਹੈ। ਇਸ ਨੂੰ ਕਾਮ ਉਤੇਜਕ ਅਤੇ ਪੁੱਤਰ ਜਨਕ ਬੂਟੀ ਮੰਨਿਆ ਜਾਂਦਾ ਸੀ। ਗਰੀਸ ਅਤੇ ਰੋਮ ਦੇ ਅਮੀਰ ਲੋਕ ਇਸ ਨੂੰ ਸ਼ਹਿਦ, ਸਿਰਕਾ ਅਤੇ ਜੀਰੇ ਵਿਚ ਮਿਲਾ ਕੇ ਕੁਸ਼ਤੇ ਵਜੋਂ ਖਾਇਆ ਕਰਦੇ ਸਨ। ਨੌਂਵੀਂ ਸਦੀ ਦੇ ਕਰੀਬ ਸਪੇਨ ਉਤੇ ਉਤਰੀ ਅਫਰੀਕੀ ਅਰਬ ਮੁਸਲਮਾਨਾਂ ਦਾ ਬੋਲਬਾਲਾ ਹੋ ਗਿਆ ਤਾਂ ਇਹ ਪੌਦਾ ਇਟਲੀ ਅਤੇ ਸਪੇਨ ਵਿਚ ਉਗਾਇਆ ਜਾਣ ਲੱਗਾ। ਫਿਰ ਤਾਂ ਇਹ ਹੋਰ ਯੂਰਪੀ ਦੇਸ਼ਾਂ ਵਿਚ ਵੀ ਫੈਲ ਗਿਆ।

ਇਟਲੀ ਦੀ ਕੈਥਰੀਨ ਦਾ ਵਿਆਹ ਹੈਨਰੀ ਦੂਜੇ ਨਾਲ 14 ਸਾਲ ਦੀ ਉਮਰੇ ਹੋ ਗਿਆ ਤਾਂ ਉਸ ਨੇ ਇਸ ਨੂੰ ਇਟਲੀ ਤੋਂ ਫਰਾਂਸ ਲੈ ਆਂਦਾ। ਡੱਚਾਂ ਨੇ ਇਹ ਪੌਦਾ ਇੰਗਲੈਂਡ ਪਹੁੰਚਾਇਆ। ਫਰਾਂਸ ਦੇ ਪਰਵਾਸੀਆਂ ਨੇ ਹੀ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਹਾਥੀਚੱਕ ਅਮਰੀਕਾ ਲੈ ਆਂਦਾ। ਇਉਂ ਲਗਦਾ ਹੈ ਕਿ ਯੂਰਪੀ ਸ਼ਾਸਕਾਂ ਖਾਸ ਤੌਰ 'ਤੇ ਅੰਗਰੇਜ਼ਾਂ ਨੇ ਇਹ ਪੌਦਾ ਭਾਰਤ ਵਿਚ ਲਿਆਂਦਾ।



ਸੰਕੇਤ ਮਿਲਦੇ ਹਨ ਕਿ ਪਹਿਲਾਂ ਪਹਿਲਾਂ ਇਸ ਦੀ ਕਾਸ਼ਤ ਗੋਰੇ ਸ਼ਾਸਕਾਂ ਲਈ ਹੀ ਕੀਤੀ ਗਈ।

ਪੰਜਾਬੀ, ਹਿੰਦੀ ਤੇ ਹੋਰ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਇਸ ਪੌਦੇ ਲਈ ਸ਼ਬਦ ਆਮ ਤੌਰ 'ਤੇ ਹਾਥੀਚੱਕ ਹੀ ਹੈ। ਇਹ ਅੰਗਰੇਜ਼ੀ ਸ਼ਬਦ ਆਰਟੀਚੋਕ (Artichoke) ਦਾ ਦੇਸੀਕਰਣ ਹੈ। ਚਲੋ ਜਾਣੀਏ ਕਿ ਅੰਗਰੇਜ਼ੀ ਸ਼ਬਦ ਆਰਟੀਚੋਕ ਕਿਵੇਂ ਪ੍ਰਗਟ ਹੋਇਆ। ਉਤਰੀ ਅਫਰੀਕਾ ਦੀ ਅਰਬੀ ਭਾਸ਼ਾ ਵਿਚ ਇਸ ਚਰਚਿਤ ਪੌਦੇ ਦਾ ਨਾਂ ਹੈ 'ਅਲ-ਹਰਸੂਫ।' ਜਦ ਉਤਰੀ ਅਫਰੀਕੀਆਂ ਦਾ ਸਪੇਨ ਵਿਚ ਰਾਜ ਹੋ ਗਿਆ ਤਾਂ ਉਨ੍ਹਾਂ ਇਹ ਸ਼ਬਦ ਸਪੇਨ ਵਿਚ ਲੈ ਆਂਦਾ। ਅਰਬੀ ਵਿਚ 'ਅਲ' ਤਾਂ ਅੰਗਰੇਜ਼ੀ The ਦੀ ਤਰ੍ਹਾਂ ਇਕ ਆਰਟੀਕਲ ਹੀ ਹੈ ਜਦ ਕਿ 'ਹਰਸੂਫ' ਦਾ ਅਰਥ ਸਖਤ ਦੱਸਿਆ ਜਾਂਦਾ ਹੈ। ਯੂਰਪੀ ਅਤੇ ਕਈ ਹੋਰ ਭਾਸ਼ਾਵਾਂ ਵਿਚ ਇਸ ਪੌਦੇ ਦਾ ਨਾਂ ਇਸੇ ਸ਼ਬਦ ਤੋਂ ਵਿਗੜ ਕੇ ਬਣਿਆ ਹੈ।

ਸਪੈਨਿਸ਼ ਭਾਸ਼ਾ ਵਿਚ ਅਲ-ਹਰਸੂਫ ਸ਼ਬਦ ਨੂੰ ਆਪਣੇ ਲਹਿਜੇ ਅਨੁਸਾਰ Alcarchofa ਵਜੋਂ ਉਚਾਰਿਆ ਗਿਆ। ਉਥੋਂ ਇਹ ਸ਼ਬਦ ਉਤਰੀ ਇਟਲੀ ਵਿਚ ਆਰਟੀਚਿਓਕੋ (Articiocco) ਵਜੋਂ ਦਾਖਲ ਹੋਇਆ। ਇਤਾਲਵੀ ਵਿਚ 'ਆਰਟੀ' ਸ਼ਬਦ ਦਾ ਅਰਥ ਹੈ, ਉਚਾ ਅਤੇ ਚਿਓਕੋ ਦਾ ਅਰਥ ਹੈ, ਡੰਡਲ। ਇਸ ਲਈ ਇਸ ਨੂੰ ਉਚਾ ਡੰਡਲ ਸਮਝ ਲਿਆ ਗਿਆ। ਉਥੋਂ ਇਹ ਇੰਗਲੈਂਡ ਦੀ ਭਾਸ਼ਾ ਅੰਗਰੇਜ਼ੀ ਵਿਚ ਗਿਆ ਤਾਂ ਇਸ ਨੇ Artichoke ਦਾ ਰੂਪ ਧਾਰਿਆ। ਕਿਸੇ ਪਰਾਏ ਸ਼ਬਦ ਨੂੰ ਅਪਨਾਉਣ ਲੱਗਿਆਂ ਕਈ ਵਾਰ ਲੋਕ ਇਸ ਨੂੰ ਆਪਣੇ ਸ਼ਬਦਾਂ ਜਾਂ ਅਰਥਾਂ ਨਾਲ ਜੋੜ ਕੇ ਸ਼ਬਦ ਨੂੰ ਹੋਰ ਦਾ ਹੋਰ ਬਣਾ ਦਿੰਦੇ ਹਨ। ਅੰਗਰੇਜ਼ੀ ਵਿਚ ਇਸ ਨੂੰ ਪਹਿਲਾਂ ਪਹਿਲਾਂ Hartichoke ਵੀ ਉਚਾਰਿਆ ਗਿਆ ਕਿਉਂਕਿ ਇਸ ਦੀ ਅੰਦਰੂਨੀ ਸ਼ਕਲ ਹਰਟ (ਦਿਲ) ਨਾਲ ਮਿਲਦੀ ਜੁਲਦੀ ਹੈ। ਇਹ ਵੀ ਲੱਖਣ ਲਾਇਆ ਗਿਆ ਕਿ ਇਸ ਦੇ ਖਾਣ ਨਾਲ ਗਲੇ ਵਿਚ ਚੋਕ ਆ ਜਾਂਦਾ ਹੈ, ਪੰਜਾਬੀ ਵਿਚ ਕਹੀਏ ਤਾਂ ਗੱਚ ਭਰ ਜਾਂਦਾ ਹੈ। ਇਸ ਸ਼ਬਦ ਵਿਚੋਂ ਹਰ ਭਾਸ਼ਾ ਦੇ ਲੋਕਾਂ ਨੇ ਆਪੋ ਆਪਣੇ ਅਰਥ ਕੱਢੇ।

ਇਕ ਹੋਰ ਦਿਲਚਸਪ ਗੱਲ ਹੈ ਕਿ ਅਰਬੀ ਤੋਂ ਇਹ ਸ਼ਬਦ ਅਲ-ਹਰਸੂਫ ਵਜੋਂ ਯੂਰਪੀ ਭਾਸ਼ਾਵਾਂ ਵਿਚ ਦਾਖਲ ਹੋਇਆ ਪਰ ਮੁੜ ਅਰਬੀ ਵਿਚ ਯੂਰਪੀ ਪਾਹ ਸਮੇਤ 'ਅਰਜ਼ੀ ਸ਼ੌਕੀ' ਵਜੋਂ ਆ ਪਧਾਰਿਆ। ਹੰਸ ਵੇਹਰ ਦੇ ਅਰਬੀ ਕੋਸ਼ ਵਿਚ ਦੋਵੇਂ ਸ਼ਬਦ 'ਅਰਜ਼ੀ ਸ਼ੌਕੀ' ਅਤੇ 'ਹੁਰਸੂਫ' ਮਿਲਦੇ ਹਨ। ਫਾਰਸੀ ਵਿਚ ਵੀ ਹਰਸੂਫ ਸ਼ਬਦ ਹੀ ਹੈ। ਅੱਜ ਅਰਬੀ ਵਿਚ ਇਸ ਲਈ ਸ਼ਬਦ ਹੈ, ਅਰਜ਼ੀ ਸ਼ੌਕੀ। ਫਾਰਸੀ ਵਿਚ ਆ ਕੇ ਇਹ ਸ਼ਬਦ 'ਅਰਦੇ ਸ਼ਾਹੀ' ਬਣ ਗਿਆ ਜਿਸ ਦੇ ਅੱਖਰੀ ਅਰਥ ਹਨ, ਸ਼ਾਹੀ ਜ਼ਮੀਨ।

ਭਾਰਤ ਵਿਚ ਇਸ ਪੌਦੇ ਦੇ ਪਹੁੰਚਣ ਨਾਲ ਮਾਨੋ ਇਸ ਨੂੰ ਹਾਥੀ ਦੀ ਸੁੰਡ ਨੇ ਸਿਰ 'ਤੇ ਚੁੱਕ ਲਿਆ। ਇਥੇ ਇਸ ਨੂੰ ਹਾਥੀਚੱਕ ਦਾ ਖਿਤਾਬ ਮਿਲਿਆ। ਹਿੰਦੀ ਦੇ ਇਕ ਕੋਸ਼ ਵਿਚ ਹਾਥੀਚੱਕ ਸ਼ਬਦ ਨੂੰ ਹਾਥੀਚੱਕਰ ਤੋਂ ਬਣਿਆ ਵਿਗੜਿਆ ਦੱਸਿਆ ਗਿਆ ਹੈ। ਅਸਲ ਵਿਚ ਇਸ ਪੌਦੇ ਦਾ ਡੋਡੀਆਂ ਵਾਲਾ ਗੁੱਛਾ ਗੋਲ-ਮਟੋਲ ਹੋਣ ਕਾਰਨ ਇਸ ਨੂੰ ਗਲੋਬ ਅਰਟੀਚੋਕ ਵੀ ਕਿਹਾ ਜਾਂਦਾ ਹੈ। ਸੋ ਸੰਭਵ ਹੈ, ਕੋਸ਼ਕਾਰ ਨੇ ਇਸ ਗਲੋਬ ਕਾਰਨ ਇਸ ਦਾ ਪੂਰਵਵਰਤੀ ਰੂਪ ਹਾਥੀਚੱਕਰ ਸਮਝਿਆ ਹੋਵੇ ਪਰ ਇਹ ਅਨੁਮਾਨ ਗਲਤ ਹੈ। ਅੰਗਰੇਜ਼ੀ ਵਿਚ ਇਸ ਲਈ ਹਾਰਟੀਚੋਕ ਸ਼ਬਦ ਵੀ ਚਲਦਾ ਸੀ, ਇਸ ਲਈ ਹਾਰਟੀ ਤੋਂ ਹਾਥੀ ਬਣਾ ਦਿੱਤਾ ਗਿਆ। ਹੁਣ ਲੋਕਾਂ ਦੀ ਕਲਪਨਾ ਵਿਚ ਇਹ ਹਾਥੀ ਜਿਹਾ ਭਾਰੀ ਭਰਕਮ ਗੁੱਛੇ ਵਾਲਾ ਪੌਦਾ ਹੈ। 'ਹਾਬਸਨ ਜਾਬਸਨ' ਅਨੁਸਾਰ ਇਹ ਹਿੰਦੁਸਤਾਨੀ ਸ਼ਬਦ ਅੰਗਰੇਜ਼ ਸਾਹਿਬਾਂ ਦੇ ਨੌਕਰਾਂ ਅਤੇ ਮਾਲੀਆਂ ਨੇ ਬਣਾਇਆ।

'ਜੈਰੂਸਲਮ ਆਰਟੀਚੋਕ' ਦੇ ਜ਼ਿਕਰ ਤੋਂ ਬਿਨਾ ਹਾਥੀਚੱਕ ਦੀ ਕਹਾਣੀ ਅਧੂਰੀ ਹੈ। ਅਮਰੀਕਾ ਵਿਚ ਇਕ ਹੋਰ ਪੌਦਾ ਹੈ ਜਿਸ ਨੂੰ 'ਜੈਰੂਸਲਮ ਆਰਟੀਚੋਕ' ਕਿਹਾ ਜਾਂਦਾ ਹੈ। ਪਰ ਇਸ ਦਾ ਸਾਡੇ ਹਾਥੀਚੱਕ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਪੌਦਾ ਸੂਰਜਮੁਖੀ ਵਰਗਾ ਹੁੰਦਾ ਹੈ ਅਤੇ ਇਸ ਦੀ ਪ੍ਰਜਾਤੀ ਵੀ ਇਹੋ ਹੈ। ਪਰ ਇਸ ਦਾ ਇਸਰਾਈਲ ਫਲਸਤੀਨ ਦੇ ਜੈਰੂਸਲਮ (ਪੰਜਾਬੀ ਯੋਰੋਸ਼ਲਮ) ਨਾਲ ਕੋਈ ਸਬੰਧ ਨਹੀਂ। ਅਮਰੀਕਾ ਵਿਚ ਇਤਾਲਵੀ ਅਬਾਦਕਾਰਾਂ ਨੇ ਇਸ ਪੌਦੇ ਦੀ ਸ਼ਕਲ ਸੂਰਜ ਮੁਖੀ ਵਰਗੀ ਹੋਣ ਕਰਕੇ ਇਸ ਦਾ ਨਾਂ Girasole ਰੱਖਿਆ ਕਿਉਂਕਿ ਇਤਾਲਵੀ 'ਚ ਇਸ ਸ਼ਬਦ ਦਾ ਅਰਥ ਸੂਰਜਮੁਖੀ ਹੈ। ਅੰਗਰੇਜ਼ ਅਮਰੀਕੀਆਂ ਨੇ ਇਸ ਨੂੰ ਜੈਰੂਸਲਮ ਸਮਝਿਆ। ਫਿਰ ਇਸ ਜੈਰੂਸਲਮ ਨਾਲ ਆਰਟੀਚੋਕ ਸ਼ਬਦ ਇਸ ਲਈ ਲਾਇਆ ਕਿਉਂਕਿ ਇਸ ਦੇ ਕੰਦ ਦਾ ਸੁਆਦ ਇਸੇ ਵਰਗਾ ਹੁੰਦਾ ਹੈ।

ਭਾਰਤ ਦੇ ਉਤਰ ਪੱਛਮੀ ਪ੍ਰਾਂਤਾਂ ਬਾਰੇ 1869 ਵਿਚ ਛਪੀ ਇਕ ਅੰਗਰੇਜ਼ੀ ਪੁਸਤਕ ਵਿਚ ਹਾਥੀਚੱਕ ਸ਼ਬਦ ਮੌਜੂਦ ਹੈ। ਪਰ ਇਸ ਦੀ ਵਿਆਖਿਆ ਤੋਂ ਇਹ ਜੈਰੂਸਲਮ ਵਾਲਾ ਹਾਥੀਚੱਕ ਸਹੀ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਇਹ ਪੌਦਾ ਵੀ ਭਾਰਤ ਵਿਚ ਬਹੁਤ ਚਿਰ ਤੋਂ ਮੌਜੂਦ ਸੀ ਤੇ ਇਸ ਨੂੰ ਅਮਰੀਕਾ ਤੋਂ ਲਿਆਂਦਾ ਗਿਆ ਹੋਵੇਗਾ। 1866 ਵਿਚ ਡੰਕਨ ਫੋਰਬਜ਼ ਦੀ ਹਿੰਦੁਸਤਾਨੀ-ਅੰਗਰੇਜ਼ੀ ਡਿਕਸ਼ਨਰੀ ਵਿਚ ਇਸ ਬਾਰੇ ਇਸ ਤਰ੍ਹਾਂ ਲਿਖਿਆ ਮਿਲਦਾ ਹੈ, "ਹਾਥੀਚੱਕ: ਇਕ ਘਾਹ ਜੋ ਪਸ਼ੂਆਂ ਦੇ ਚਾਰੇ ਲਈ ਵਰਤਿਆ ਜਾਂਦਾ ਹੈ।" ਪਰ ਪਲੈਟਸ ਨੇ 'ਜੈਰੂਸਲਮ ਆਰਟੀਚੋਕ' ਲਈ ਹਾਥੀਪਿਚ ਸ਼ਬਦ ਦੱਸਿਆ ਹੈ। ਕੁਝ ਕੋਸ਼ਾਂ ਵਿਚ ਜਿਮੀਕੰਦ ਲਈ ਹਾਥੀਚੱਕ ਸ਼ਬਦ ਵੀ ਮਿਲਦਾ ਹੈ। ਅਜਿਹਾ ਘੜਮੱਸ ਕਈ ਸ੍ਰੋਤਾਂ ਵਿਚ ਹੈ। ਹਾਥੀਚੱਕ ਨਾਂ ਦੇ ਦੋ ਪਿੰਡ ਵੀ ਹਨ, ਇਕ ਬਿਹਾਰ ਵਿਚ ਅਤੇ ਇਕ ਯੂ.ਪੀ. ਵਿਚ। ਪਰ ਇਥੇ ਚੱਕ ਸ਼ਬਦ ਓਹੀ ਹੈ ਜੋ ਪਿੰਡਾਂ ਦੇ ਨਾਂਵਾਂ ਪਿੱਛੇ ਹੁੰਦਾ ਹੈ। ਸੰਭਵ ਹੈ, ਇਨ੍ਹਾਂ ਪਿੰਡਾਂ ਦਾ ਕਿਸੇ ਤਰ੍ਹਾਂ ਹਾਥੀਆਂ ਨਾਲ ਵਾਸਤਾ ਹੋਵੇ।

# ਬੱਚਿਆਂ ਲਈ ਸਵੈ-ਰੱਖਿਆ ਨੁਕਤੇ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਆਈ.ਏ.ਐਸ. ਅਫਸਰ ਵੀਰੇਂਦਰ ਕੁੰਡੂ ਦੀ ਬੇਟੀ ਨਾਲ ਹਰਿਆਣਾ ਭਾਜਪਾ ਪ੍ਰਧਾਨ ਦੇ ਬੇਟੇ ਵਿਕਾਸ ਬਰਾਲਾ ਤੇ ਉਹਦੇ ਮਿੱਤਰ ਅਸ਼ੀਸ਼ ਕੁਮਾਰ ਵਲੋਂ ਕੀਤੀ ਛੇੜ ਛਾੜ ਨੇ ਦਿਨੋ ਦਿਨ ਵਧ ਰਹੇ ਸ਼ਰਮਨਾਕ ਵਰਤਾਰਿਆਂ ਨੂੰ ਜੱਗ ਜ਼ਾਹਰ ਕੀਤਾ ਹੈ। ਇਹ ਵੀ ਕਿ ਵੱਡੇ ਬੰਦਿਆਂ ਦੇ ਪੁੱਤਰਾਂ ਦੇ ਬਚਾਓ ਲਈ ਪੁਲਿਸ ਕਿਸ ਤਰ੍ਹਾਂ ਦੇ ਹੱਥ ਕੰਡੇ ਵਰਤਦੀ ਹੈ। ਇਹ ਚੰਗੀ ਗੱਲ ਹੈ ਕਿ ਜਨਤਕ ਦਬਾਓ ਅਤੇ ਵੀਰੇਂਦਰ ਕੁੰਡੂ ਦੇ ਨਿਜੀ ਰਸੂਖ ਨੇ ਵਿਕਾਸ ਤੇ ਅਸ਼ੀਸ਼ ਨੂੰ ਮੁੜ ਠਾਣੇ ਪਹੁੰਚਾ ਦਿੱਤਾ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜੇ ਵੱਡੇ ਬੰਦਿਆਂ ਦੇ ਪੁੱਤਰਾਂ ਦੀਆਂ ਕਰਤੂਤਾਂ ਇਸ ਤਰ੍ਹਾਂ ਅਣਗੌਲੀਆਂ ਰਹਿ ਸਕਦੀਆਂ ਹਨ ਤਾਂ ਆਮ ਬੰਦੇ ਦੇ ਧੀਆਂ ਪੁੱਤਰ ਕਿਸ ਦੇ ਪਾਣੀਹਾਰ ਹਨ।

ਅਜਿਹੀਆਂ ਘਟਨਾਵਾਂ ਇੰਨੀਆਂ ਵਧ ਗਈਆਂ ਹਨ ਕਿ ਸਵੈ ਸੇਵੀ ਸੰਸਥਾਵਾਂ ਨੂੰ ਅੱਗੇ ਵਧਣਾ ਪੈ ਗਿਆ ਹੈ। ਹਾਲ ਵਿਚ ਹੀ ਭਾਰਤੀ ਪਰਿਵਾਰ ਨਿਯੋਜਨ ਸੰਸਥਾ ਦੀ ਮੁਹਾਲੀ ਸ਼ਾਖਾ ਨੇ ਆਪਣੇ ਖੇਤਰ ਦੇ ਮੁੰਡੇ-ਕੁੜੀਆਂ ਨੂੰ ਜਾਗ੍ਰਿਤ ਕਰਨ ਲਈ ਇਕ ਪ੍ਰੋਗਰਾਮ ਅਰੰਭਿਆ। ਇਸ ਸਮੇਂ ਦਸ਼ਮੇਸ਼ ਸਪੋਰਟਸ ਕਲੱਬ ਫੇਜ਼ 99 ਮੁਹਾਲੀ ਦੇ ਉਘੇ ਕਾਰਕੁਨ ਜਸਵਿੰਦਰ ਸਿੰਘ ਨੇ ਆਪਣੀ ਪੰਜ ਮੈਂਬਰੀ ਟੀਮ ਲਿਜਾ ਕੇ ਹਾਜ਼ਰ ਮੁਟਿਆਰਾਂ ਨੂੰ ਪ੍ਰਦਰਸ਼ਨ ਰਾਹੀਂ ਸਵੈ-ਰੱਖਿਆ ਦੇ ਜ਼ਰੂਰੀ ਨੁਕਤੇ ਅਮਲ ਅਤੇ ਐਕਟਿੰਗ ਕਰਕੇ ਸਮਝਾਏ। ਦਰਸ਼ਕਾਂ ਨੂੰ ਇਹ ਵੀ ਦਿਖਾਇਆ ਗਿਆ ਕਿ ਬੰਦੇ ਦੀਆਂ ਅੱਖਾਂ, ਨੱਕ ਤੇ ਧੌਣ ਹੀ ਨਹੀਂ, ਛਾਤੀ ਦਾ ਹੇਠਲਾ ਭਾਗ ਤੇ ਚੱਡੇ ਵੀ ਏਨੇ ਨਰਮ ਤੇ ਕੋਮਲ ਹੁੰਦੇ ਹਨ ਕਿ ਵੱਟ ਕੇ ਕਿੱਕ, ਮੁੱਕਾ ਜਾਂ ਗੋਡਾ ਮਾਰਿਆਂ ਬੰਦਾ ਬੌਂਦਲ ਜਾਂਦਾ ਹੈ ਤੇ ਕੋਈ ਹਰਕਤ ਨਹੀਂ ਕਰ ਸਕਦਾ। ਜਸਵਿੰਦਰ ਨੇ ਇਹ ਸਿਖਲਾਈ ਟਾਈਕੌਂਡੋ ਐਸੋਸੀਏਸ਼ਨ ਆਫ ਚੰਡੀਗੜ੍ਹ ਤੋਂ ਲੈ ਕੇ ਆਪਣੇ ਬੇਟੇ ਇਕਜੋਤ ਤੇ ਬੇਟੀ ਪ੍ਰਭਜੋਤ ਨੂੰ ਹੀ ਨਹੀਂ, ਗਵਾਂਢ ਦੇ ਰੌਬਿਨ ਤੇ ਅਨਵਾਰ ਨੂੰ ਵੀ ਆਪਣੀ ਟੀਮ ਵਿਚ ਸ਼ਾਮਲ ਕਰ ਲਿਆ। ਉਸ ਦਾ ਕਹਿਣਾ ਹੈ ਕਿ ਬਚਪਨ ਤੋਂ ਮਾਰਸ਼ਲ ਆਰਟਸ ਦੀ ਪ੍ਰੈਕਟਿਸ ਕੀਤਿਆਂ ਬੱਚੇ ਆਪਣੀ ਰੱਖਿਆ ਆਪ ਕਰ ਸਕਦੇ ਹਨ। ਖਬਰਾਂ ਅਨੁਸਾਰ ਕੁੰਡੂ ਪਰਿਵਾਰ ਨੇ ਵੀ ਇਹ ਸਿਖਲਾਈ ਲਈ ਹੋਈ ਸੀ ਜੋ ਵਰਣਿਕਾ ਦੇ ਕੰਮ ਆਈ।

ਪਰਿਵਾਰ ਨਿਯੋਜਨ ਸੰਸਥਾ ਨੇ ਮੁੰਡੇ-ਕੁੜੀਆਂ ਦੀ ਸਵੈ-ਰੱਖਿਆ ਦੇ ਹੋਰ ਪ੍ਰੋਗਰਾਮ ਵੀ ਵਿਉਂਤ ਰੱਖੇ ਹਨ ਪਰ ਉਪਰੋਕਤ ਘਟਨਾ ਦੇ ਪ੍ਰਤੀਕਰਮ ਵਜੋਂ ਇਸ ਵਾਰੀ ਦੀ ਹਾਜ਼ਰੀ ਕਿਤੇ ਵੱਧ ਸੀ। ਅਜੋਕੇ ਸ਼ਰਮਨਾਕ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਜਨਤਕ ਦਬਾਓ ਹੀ ਕਾਰਗਰ ਸਾਬਤ ਹੁੰਦੇ ਹਨ ਜਿਸ ਵਿਚ ਸਮਾਜ ਸੇਵੀ ਸੰਸਥਾਵਾਂ ਅਹਿਮ ਰੋਲ ਅਦਾ ਕਰ ਸਕਦੀਆਂ ਹਨ।

**ਵਕੀਲ, ਜੱਜ ਤੇ ਸਿਆਸਤਦਾਨ:** ਪੰਜਾਬ ਦੇ ਵੱਡੇ ਪਿੰਡ ਰੁੜਕਾ ਦੀ ਜੰਮਪਲ ਤੇ ਪੰਜਾਬੀ ਦੇ ਜਾਣੇ ਪਛਾਣੇ ਸਾਹਿਤਕਾਰ ਰਵਿੰਦਰ ਰਵੀ ਦੀ ਨੂੰਹ ਪਲਬਿੰਦਰ ਕੌਰ ਸ਼ੇਰਗਿੱਲ ਕੈਨੇਡੀਅਨ ਸੁਪਰੀਮ ਕੋਰਟ ਦੀ ਜੱਜ ਨਿਯੁਕਤ ਹੋਈ ਹੈ। ਉਹ ਦੁਨੀਆਂ ਦੀ ਪਹਿਲੀ ਦਸਤਾਰਧਾਰੀ ਤੇ ਅੰਮ੍ਰਿਤਧਾਰੀ ਜੱਜ ਹੈ। ਉਸ ਦਾ ਪਤੀ



ਪਲਬਿੰਦਰ ਕੌਰ ਸ਼ੇਰਗਿੱਲ

ਅੰਮ੍ਰਿਤਪਾਲ ਸਿੰਘ ਸ਼ੇਰਗਿੱਲ ਕੈਨੇਡਾ ਦਾ ਪ੍ਰਸਿੱਧ ਮਨੋਵਿਗਿਆਨੀ ਹੈ ਤੇ ਪਿਤਾ ਗਿਆਨ ਸਿੰਘ ਸੰਧੂ ਕੈਨੇਡਾ ਦਾ ਅੱਧੀ ਸਦੀ ਤੋਂ ਨਾਗਰਿਕ। ਉਸ ਨੇ ਕੈਨੇਡਾ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਵਕਾਲਤ ਕਰਦਿਆਂ ਕੈਨੇਡੀਅਨ ਭਾਈਚਾਰੇ ਨੂੰ ਲੰਮਾ ਸਮਾਂ ਸੇਵਾਵਾਂ ਦਿੱਤੀਆਂ।

ਪਲਬਿੰਦਰ ਸ਼ੇਰਗਿੱਲ ਨੇ ਵਕਾਲਤ ਕਰਦਿਆਂ ਰਾਜਨੀਤੀ ਵਿਚ ਵੀ ਹਿੱਸਾ ਲਿਆ। ਉਸ ਨੇ ਇੱਕ ਵਾਰ ਗਰਭਵਤੀ ਹੋਣ ਦੇ ਬਾਵਜੂਦ ਫੈਡਰਲ ਕੈਨੇਡਾ ਦੀਆਂ ਚੋਣਾਂ ਲੜੀਆਂ ਅਤੇ ਬਹੁਤ ਥੋੜ੍ਹੀਆਂ ਵੋਟਾਂ ਤੇ ਹਾਰੀ। ਕੈਨੇਡਾ ਵਿਚ ਧਾਰਮਿਕ ਤੇ ਖੇਤਰੀ ਸੁਤੰਤਰਤਾ ਦਾ ਪੱਖ ਪੂਰਦਿਆਂ ਉਸ ਨੇ ਚੀਨ ਦੇ ਟਿਆਨਾਮਾਨ ਸੁਕੇਅਰ ਕਤਲ-ਏ-ਆਮ ਪਿੱਛੋਂ ਚੀਨੀ ਸ਼ਰਨਾਰਥੀਆਂ ਦੇ ਮੁਕੱਦਮੇ ਬੜੀ ਸਫਲਤਾ ਨਾਲ ਲੜੇ।

ਤੁਸੀਂ ਜਾਣਨਾ ਚਾਹੋਗੇ ਕਿ ਪਲਬਿੰਦਰ ਸ਼ੇਰਗਿੱਲ ਦੇ ਜੀਵਨ ਬਾਰੇ ਹਾਂ ਪੱਖੀ ਜਾਣਕਾਰੀ ਦੇਣ ਵਾਲੀ ਕੌਣ ਹੈ। ਉਹ ਹੈ, 'ਸਿਰਜਣਾ' ਵਾਲੇ ਰਘਬੀਰ ਸਿੰਘ ਦੀ ਬੇਟੀ ਰਚਨਾ ਸਿੰਘ ਜੋ ਅੱਜ ਕਲ ਕੈਨੇਡਾ ਤੋਂ ਆਪਣੇ ਮਾਪਿਆਂ ਕੋਲ ਚੰਡੀਗੜ੍ਹ ਆਈ ਹੋਈ ਹੈ। ਰਚਨਾ ਖੁਦ ਬ੍ਰਿਟਿਸ਼ ਕੋਲੰਬੀਆ ਦੀਆਂ ਮਈ 2017 ਵਿਚ ਹੋਈਆਂ ਚੋਣਾਂ ਸਮੇਂ ਜਿਤ ਕੇ ਅਸੈਂਬਲੀ ਦੀ ਮੈਂਬਰ ਬਣੀ ਹੈ। ਵੱਡੀ ਗੱਲ ਇਹ ਕਿ ਉਹ ਖੁਦ ਨਿਊ ਡੈਮੋਕਰੈਟਿਕ ਪਾਰਟੀ ਦੀ ਮੈਂਬਰ ਹੋਣ ਦੇ ਬਾਵਜੂਦ ਪਲਬਿੰਦਰ ਸ਼ੇਰਗਿੱਲ ਦੀ ਲਿਬਰਲ ਪਾਰਟੀ ਨੂੰ ਨਫਰਤ ਨਹੀਂ ਕਰਦੀ। ਮੈਨੂੰ ਨਿਜੀ ਤੌਰ 'ਤੇ ਇਸ ਗੱਲ ਦੀ ਖੁਸ਼ੀ ਹੈ ਕਿ ਕੈਨੇਡਾ ਖਾਸ ਕਰਕੇ ਬ੍ਰਿਟਿਸ਼ ਕੋਲੰਬੀਆ ਵਿਚ ਰਾਜਨੀਤਕ ਪਾਰਟੀਆਂ ਇੱਕ ਦੂਜੇ ਨਾਲ ਈਰਖਾ ਕਰਨ ਦੀ ਥਾਂ ਵਿਰੋਧੀ ਪਾਰਟੀ ਦੇ ਮੈਂਬਰਾਂ ਬਾਰੇ ਏਦਾਂ ਹੁੱਬ ਕੇ ਗੱਲਾਂ ਕਰਦੀਆਂ ਹਨ ਜਿਵੇਂ ਇਹ ਉਨ੍ਹਾਂ ਦੀ ਆਪਣੀ ਪਾਰਟੀ ਦੇ ਮੈਂਬਰ ਹੋਣ।

**ਅੰਤਿਕਾ: ਹਬੀਬ ਜਾਲਿਬ**
*(ਹੁਸ਼ਿਆਰਪੁਰ ਦਾ ਪਾਕਿਸਤਾਨੀ ਕਵੀ)*

ਜਾਲਿਬ ਸਾਈਂ ਕਦੇ ਕਦਾਈਂ
ਚੰਗੀ ਗੱਲ ਕਹਿ ਜਾਂਦਾ ਏ।
ਲੱਖ ਪੂਜੇ ਚੜ੍ਹਦੇ ਸੂਰਜ ਨੂੰ,
ਆਖਿਰ ਨੂੰ ਲਹਿ ਜਾਂਦਾ ਏ।
ਹਾਏ ਦੁਆਬੇ ਦੀ ਉਹ ਦੁਨੀਆਂ,
ਜਿੱਥੇ ਮੁਹੱਬਤ ਵਸਦੀ ਸੀ
ਹੰਝੂ ਬਣ ਕੇ ਦੁੱਖ ਵਤਨਾਂ ਦਾ,
ਅੱਖੀਆਂ 'ਚੋਂ ਵਹਿ ਜਾਂਦਾ ਏ।

ਪਰਦੇਸ ਪੁੱਜਣ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ



ਸ਼ੌਰਟ ਕੱਟ ਵਾਇਆ ਲੌਂਗ ਰੂਟ

5

ਅਮਰੀਕ ਸਿੰਘ ਬਲ
ਫੋਨ: 34602835897

### ਤੁਸੀਂ ਪੜ੍ਹ ਚੁੱਕੇ ਹੋ...

*ਟ੍ਰੈਵਲ ਏਜੰਟ ਵੱਲੋਂ ਤੁਰੰਤ ਦਿੱਲੀ ਪੁੱਜਣ ਦੇ ਸੁਨੇਹੇ ਨਾਲ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜਦੋਂ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ ਕਿ ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਰ ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਅਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ, ਉਹ ਵੀ ਲੁਕ-ਛੁਪ ਕੇ ਅਤੇ ਬਹੁਤ ਘੱਟ ਮਿਲਦੇ ਪਾਣੀ ਅਤੇ ਰੋਟੀ ਦੇ ਸਹਾਰੇ। ਹੁਣ ਪੜ੍ਹੋ ਇਸ ਤੋਂ ਅੱਗੇ...*

# 'ਸਹਾਰਾ' ਵਿਚ ਬੇਸਹਾਰਾ

*ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਉਹਨੇ ਜਿਸ ਤਰ੍ਹਾਂ ਸ਼ਬਦਾਂ ਅਤੇ ਘਟਨਾਵਾਂ ਦੀ ਤਫਸੀਲ ਰਾਹੀਂ ਪਿੜ ਬੰਨ੍ਹਿਆ ਹੈ, ਉਹ ਲਾਮਿਸਾਲ ਹੈ। ਇਹ ਘਟਨਾਵਾਂ ਮੂੰਹ-ਜ਼ੋਰ ਅਤੇ ਅੱਥਰੀਆਂ ਹਨ, ਪਰ ਨਾਲ ਹੀ ਪਰਵਾਜ਼ ਭਰਨ ਲਈ ਤਾਂਘਦੀ ਜ਼ਿੰਦਗੀ ਦੇ ਪੈਰੀਂ ਪਹਾੜ ਬੱਝਣ ਦਾ ਦਰਦ ਵੀ ਹੰਢਾਅ ਰਹੀਆਂ ਹਨ... ਤੇ ਪੈਰੀਂ ਬੱਝੇ ਪਹਾੜ ਨਾਲ ਲੈ ਕੇ ਉਡਣਾ ਅਜੇ ਤਕ ਕਿਸੇ ਦੇ ਹਿੱਸੇ ਤਾਂ ਨਹੀਂ ਆਇਆ, ਪਰ ਅਮਰੀਕ ਨੂੰ ਸ਼ਾਇਦ ਇਸ ਪਹਾੜ ਸਣੇ ਉਡਣਾ ਪਿਆ! ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਪੰਜਵੀਂ ਕਿਸ਼ਤ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ*

ਚੌਥੇ ਰੋਜ਼ ਵੀ ਦਿਸਹੱਦੇ ਤੋਂ ਸੂਰਜ ਦੇ ਝਾਕਣ ਤੋਂ ਬਹੁਤ ਪਹਿਲਾਂ, ਸੁਸਤ ਸੁਬ੍ਹਾ ਦੀ ਪਹਿਲੀ ਅੰਗੜਾਈ ਤੋੜਨ ਤੋਂ ਵੀ ਪਹਿਲਾਂ ਸਾਡਾ ਕਾਫਲਾ ਅਜਨਬੀ, ਬੇਦਿਲਾਸਾ ਰਾਹਾਂ 'ਤੇ ਦੌੜ ਪਿਆ। ਤਿੰਨਾਂ ਗੱਡੀਆਂ 'ਚ ਸਭ ਰੇਤ ਦੇ ਤਰਾਸ਼ੇ ਬੁੱਤਾਂ ਵਾਂਗ ਸੁੰਨ, ਅਹਿਲ ਪਏ ਸਨ। ਦੁਪਹਿਰ ਤਕ ਰੇਗਿਸਤਾਨ ਦੇ ਸੁਭਾਅ ਵਿਚ ਤਬਦੀਲੀ ਆਉਣ ਲੱਗੀ। ਫਿਰ ਉਚੀਆਂ-ਨੀਵੀਆਂ ਥਾਂਵਾਂ ਸ਼ੁਰੂ ਹੋ ਗਈਆਂ, ਸਖਤ ਪਥਰੀਲੀ ਜ਼ਮੀਨ ਆ ਗਈ, ਫਿਰ ਕਦੇ ਕਿਤੇ ਛੋਟੀ-ਵੱਡੀ ਪਥਰੀਲੀ ਪਹਾੜੀਨੁਮਾ ਚੱਟਾਨ ਆ ਜਾਂਦੀ, ਜਿਵੇਂ ਸਦੀਆਂ ਤੋਂ ਅਡੋਲ ਖਲੋਤੀਆਂ ਇਸ ਆਸ ਨਾਲ ਸਹਾਰਾ 'ਚ ਦੂਰ ਦੂਰ ਤਕ ਦੇਖ ਰਹੀਆਂ ਹੋਣ: ਕੋਈ ਤਾਂ ਆਵੇਗਾ ਉਨ੍ਹਾਂ ਦਾ ਯੁੱਗਾਂ ਲੰਮੇਰਾ ਇਕਲਾਪਾ ਵੰਡਾਉਣ!

ਛੇਤੀ ਹੀ ਰੇਤਲੇ ਟਿੱਬਿਆਂ ਦਾ ਸਿਲਸਿਲਾ ਚਲ ਪਿਆ। ਡੌਂਕਰਾਂ ਦੀ ਮੁਸਤੈਦੀ ਨੇ ਭਾਂਪ ਲਿਆ ਕਿ ਹੁਣ ਅਸੀਂ ਇਕੱਲੇ ਨਹੀਂ ਸਾਂ, ਹੋਰ ਅਜਨਬੀ ਵੀ ਆਸ-ਪਾਸ ਹੀ ਹਨ, ਸ਼ਾਇਦ। ਤਿੰਨ ਜੋੜੀਆਂ ਅੱਖਾਂ ਆਪਸ ਵਿਚ ਮਿਲੀਆਂ, ਇਸ਼ਾਰੇ ਹੋਏ, ਜੀਪਾਂ ਇਕ ਪਾਸੇ ਗਹਿਰਾਈ 'ਚ ਉਤਰ ਕੇ ਖੜ੍ਹ ਗਈਆਂ। ਡੌਂਕਰ ਉਠਾਂ ਤੇ ਹੋਰ ਗੱਡੀਆਂ ਦੀਆਂ ਪੈੜਾਂ ਵਲੋਂ ਚੌਕੰਨੇ ਹੋ ਗਏ ਸਨ। ਮਸ਼ਵਰੇ ਹੋਏ, ਤਰਈਆ-ਸੈਟ (ਵਾਇਰਲੈਸ ਫੋਨ) ਤੋਂ ਕਿਤੇ ਸੰਪਰਕ ਕਾਇਮ ਹੋਏ। ਸਭ ਖਾਮੋਸ਼ ਬੈਠੇ ਸਨ, ਸਾਹ ਸੂਤੀ।

ਸਾਡੇ ਲਈ ਸਫਰ ਭਾਵੇਂ ਕਿੰਨਾ ਵੀ ਅਹਿਮ ਸੀ, ਸਾਡੇ ਵਜੂਦ ਮਹੱਤਵਹੀਣ ਹੀ ਸਨ। ਅਸੀਂ ਸਿਰਫ ਸਿਫਰ ਸਾਂ। ਸਾਡੀ ਕਿਸੇ ਜ਼ਰੂਰਤ ਦੇ ਮਾਇਨੇ ਨਹੀਂ ਸਨ, ਇੱਛਾ ਦਾ ਮਤਲਬ ਨਹੀਂ ਸੀ; ਕਿਸੇ ਸੋਚ-ਵਿਚਾਰ ਦਾ ਨਾ ਵਜ਼ਨ ਸੀ, ਨਾ ਮੁੱਲ।

ਅੱਧੇ ਕੁ ਘੰਟੇ ਬਾਅਦ ਜੀਪਾਂ ਫਿਰ ਤੋਰ ਲਈਆਂ, ਸ਼ਾਇਦ ਨਾਮਲੂਮ ਖਤਰਾ ਟਲ ਗਿਆ ਸੀ। ਇਹ ਕੋਈ ਸਰਹੱਦੀ ਇਲਾਕਾ ਸੀ। ਅਸੀਂ ਮਾਲੀ, ਮੁਅਰਤਾਨੀਆ, ਸਹਾਰਾ-ਓਕਸੀਡੈਂਟਲ, ਮੋਰੱਕੋ, ਅਲਜੀਰੀਆ ਆਦਿ ਮੁਲਕਾਂ ਦਰਮਿਆਨ ਫੈਲਦਿਆਂ ਮਿਸਰ, ਲੀਬੀਆ, ਟਿਊਨੀਸ਼ੀਆ, ਚਾਡ, ਨਾਈਜਰ, ਸੁਡਾਨ ਤਕ ਇਸ ਅਤਿ-ਵਿਸ਼ਾਲ ਮਰੂਥਲ ਦੇ ਖੌਰੇ ਕਿਹੜੇ ਇਲਾਕਿਆਂ ਵਿਚ ਭਟਕ ਰਹੇ ਸਾਂ! ਕਿਥੇ ਕਿਥੇ, ਕਿਹੜੇ ਕਿਹੜੇ ਮੁਲਕ ਦੀ ਸਰਹੱਦ ਸ਼ੁਰੂ ਜਾਂ ਖਤਮ ਹੁੰਦੀ ਸੀ, ਕੁਝ ਨਹੀਂ ਸੀ ਪਤਾ। ਮੁਲਕਾਂ ਦੇ ਨਾਂ 'ਤੇ ਸਿਰਫ ਰੇਤ ਹੀ ਰੇਤ ਸੀ, ਪੱਥਰ ਹੀ ਪੱਥਰ, ਵੀਰਾਨਗੀ ਹੀ ਵੀਰਾਨਗੀ।

ਥੋੜ੍ਹਾ ਅੱਗੇ ਜਾ ਕੇ ਸਾਨੂੰ ਕੁਝ ਮਟਮੈਲੇ ਰੰਗੇ ਕੱਚੇ ਮਕਾਨ ਅਤੇ ਕਾਲੇ ਰੰਗਾਂ ਦੇ ਪੱਕੇ ਇਨਸਾਨ ਦਿਖਾਈ ਦਿੱਤੇ। ਇਸ ਤੋਂ ਪਹਿਲਾਂ ਕਿ ਸਾਡੀਆਂ ਉਤਸਕ ਸੋਚਾਂ ਉਤੇਜਨਾ ਮਹਿਸੂਸ ਕਰਦੀਆਂ, ਜੀਪਾਂ ਦੂਰੋਂ ਦੂਰੋਂ ਲੰਘ ਗਈਆਂ। ਮਾਨਵੀ ਰਿਹਾਇਸ਼ ਦੇਖ ਕੇ ਲੱਗਾ, ਸ਼ਾਇਦ ਮੰਜ਼ਿਲ ਹੁਣ ਜ਼ਿਆਦਾ ਦੂਰ ਨਹੀਂ ਹੋਣੀ।

ਬਕੌਲ ਏਜੰਟਾਂ- 'ਥੋੜ੍ਹਾ ਸਫਰ ਬਾਇ-ਰੋਡ ਹੈ', ਅਸਲ ਵਿਚ ਮੌਤ ਦਾ ਸਫਰ ਬਣਦਾ ਗਿਆ ਸੀ। ਪਹਿਲੀ ਰਾਤ ਨਹਿਰ ਕੰਢੇ ਜਿੰਮੀ ਨਾਂ ਦੇ ਬੰਦੇ ਨੇ ਫੋਨ 'ਤੇ ਕਿਹਾ ਸੀ ਕਿ ਤੀਜੇ ਦਿਨ ਡੌਂਕਰਾਂ ਕੋਲੋਂ ਲਿਜਾ ਕੇ ਮੋਰੱਕੋ ਪ੍ਰਵੇਸ਼ ਕਰਵਾ ਦੇਵੇਗਾ। ਇਹੀ ਦਿਲਾਸਾ ਸਾਡੀਆਂ ਆਸਾਂ ਦਾ ਸਹਾਰਾ ਸੀ।

ਸੂਰਜ ਸਿਰਾਂ 'ਤੇ ਲਟ-ਲਟ ਬਲਦਾ ਹੁਣ ਪੱਛਮ ਵੱਲ ਸਰਕ ਰਿਹਾ ਸੀ। ਗੱਡੀਆਂ ਰੋਕ ਕੇ ਪਾਣੀ ਪਿਲਾਇਆ ਗਿਆ। ਇਕ ਗੱਡੀ 'ਚ ਸ਼ੋਰ ਜਿਹਾ ਉਠਿਆ, ਮੈਂ ਉਧਰ ਲਪਕਿਆ। ਵੀਹ ਕੁ ਸਾਲਾ ਮੁੰਡਾ ਅਧਲੇਟਿਆ ਪਿਆ, ਨੇਤਰ ਮੀਟੀ, ਰੋਂਦਾ ਬੁੜਬੁੜਾ ਰਿਹਾ ਸੀ। ਦੂਜੇ ਮੁੰਡੇ ਉਸ ਨੂੰ ਉਠਾ ਰਹੇ ਸਨ, 'ਜਗ੍ਹਾ ਥੋੜ੍ਹੀ ਏ, ਉਠ ਕੇ ਬੈਠੇ।'

ਗੰਜੇ ਮਾਮੇ ਦਾ ਚਾਲੂਪੁਣਾ ਭੜਕਿਆ, "ਐਵੇਂ ਸਾਲਾ, ਡਰਾਮਾ ਕਰਦੈ...।" ਉਹਨੇ ਮੁੰਡੇ ਦੇ ਦੋ-ਤਿੰਨ ਥੱਪੜ ਵੀ ਮਾਰ ਛੱਡੇ। ਮੁਲਜ਼ਮ ਠਹਿਰਾਇਆ ਮੁੰਡਾ ਹੁਸ਼ਿਆਰਪੁਰ ਦੇ 'ਹਿਮਾਚਲ' ਪਿੰਡ ਦਾ ਸੋਨੂੰ ਸੀ। ਇਹ ਉਨ੍ਹਾਂ 8-9 ਮੁੰਡਿਆਂ ਵਿਚ ਸ਼ਾਮਿਲ ਸੀ ਜਿਨ੍ਹਾਂ ਨੂੰ ਏਜੰਟ ਨੇ ਸਿੱਧੀ ਫਲਾਈਟ ਦਾ ਕਹਿ ਕੇ ਅਫਰੀਕਾ ਲਿਆ ਸੁੱਟਿਆ ਸੀ ਤੇ ਪੈਸੇ ਵੀ ਕਿਤੇ ਵੱਧ ਹੜੱਪ ਲਏ ਸਨ। ਸੋਨੂੰ ਨੀਂਦ 'ਚ ਬੋਲ ਰਿਹਾ ਸੀ, "ਮੰਮੀ ਨੇ ਫੋਨ ਕੀਤਾ ਸੀ, ਗੱਲ ਨਹੀਂ ਹੋਈ। ਮੈਂ ਫੋਨ ਕਰਨਾ ਏ, ਮਾਮੇ ਨੇ ਮੈਨੂੰ ਮੀਟ ਨਹੀਂ ਦਿੱਤਾ।" ਲੱਗਾ ਬੁਖਾਰ ਸਿਰ ਨੂੰ ਚੜ੍ਹ ਗਿਆ ਸੀ।

ਮੈਂ ਫੈਸਲਾਕੁਨ ਲਫਜ਼ਾਂ 'ਚ ਕਿਹਾ, "ਇਕ ਮੁੰਡਾ ਸਾਡੀ ਜੀਪ 'ਚ ਭੇਜ ਦਿਓ ਤੇ ਇਹਨੂੰ ਲੰਮਾ ਪੈ ਲੈਣ ਦਿਓ।" ਇਕ ਜਣਾ ਉਸ ਦੇ ਮੱਥੇ 'ਤੇ ਪਾਣੀ ਦੀ ਪੱਟੀ ਰੱਖ ਰਿਹਾ ਸੀ, ਸੋ ਉਸ ਨੂੰ ਪੱਟੀ ਰੱਖਦੇ ਰਹਿਣ ਦੀ ਹਦਾਇਤ ਕੀਤੀ। 86 ਅਤੇ ਕਮੀਨੇ ਹਾਵ-ਭਾਵ ਵਾਲੇ ਮਾਮੇ ਨੇ ਮੂੰਹ ਬਿਚਕਾਏ ਅਤੇ ਖਿਝ ਕੇ ਕੁਝ ਅਸਪਸ਼ਟ ਜਿਹੇ ਸ਼ਬਦ ਬੋਲੇ। ਮੈਂ ਸਖਤ ਲਹਿਜ਼ੇ 'ਚ ਉਨ੍ਹਾਂ ਨੂੰ ਕਹਿਣ ਲੱਗਾ, "ਹੋ ਸਕਦਾ ਇਹ ਡਰਾਮਾ ਕਰਦਾ ਹੋਵੇ; ਪਰ ਜੇ ਜ਼ਰਾ ਵੀ ਸੱਚਾ ਹੋਇਆ ਤਾਂ ਵਿਚਾਰੇ ਦਾ ਕੀ ਬਣੂ।" ਪਤਾ ਨਹੀਂ ਉਹ ਸਮਝੇ ਜਾਂ ਨਹੀਂ, ਮੈਂ ਇਕ ਮੁੰਡਾ ਆਪਣੀ ਜੀਪ 'ਚ ਲਿਆ ਬਿਠਾਇਆ।

ਅੱਧਾ ਘੰਟਾ ਵੀ ਨਹੀਂ ਸੀ ਹੋਇਆ, ਜੀਪ ਵਿਚ ਫਿਰ ਰੌਲਾ ਉਠਿਆ। ਜੀਪ ਰੁਕ ਗਈ। ਸੋਨੂੰ ਬੇਸੁਧ ਵਿਰਲਾਪ ਕਰ ਰਿਹਾ ਸੀ। ਡੌਂਕਰ ਕਲਪਦੇ ਅਰਬੀ ਬੋਲਣ ਲੱਗੇ। ਅਸੀਂ ਮਿੰਨਤਾਂ, ਤਰਲੇ ਕਰਦੇ ਟੁੱਟੀ-ਫੁੱਟੀ ਅਰਬੀ 'ਚ ਕਿਹਾ, 'ਪਾਣੀ ਦਿਓ, ਤਾਪ-ਨਾਸ਼ਕ ਗੋਲੀਆਂ ਦਿਓ, ਇਹ ਮਰ ਜਾਵੇਗਾ।'

ਬੰਟੀ ਨੇ ਅਰਬੀ ਸਮਝ ਕੇ ਸਾਨੂੰ ਸਮਝਾਇਆ, "ਇਹ ਗਾਲ੍ਹਾਂ ਕੱਢਦੇ ਕਹਿੰਦੇ ਨੇ, ਜੇ ਇਸ ਨੇ ਰੌਲਾ ਪਾਉਣਾ ਬੰਦ ਨਾ ਕੀਤਾ ਤਾਂ ਇਥੇ ਹੀ ਸੁੱਟ ਜਾਵਾਂਗੇ, ਕੋਈ ਦਵਾਈ ਨਹੀਂ ਹੈ।" ਡੌਂਕਰ ਸੱਚੀਂ ਹੀ ਸੋਨੂੰ ਦੁਆਲੇ ਜਾ ਜੁੜੇ, ਉਹਨੂੰ ਫੜ ਕੇ ਥੱਲੇ ਖਿੱਚਣ ਲੱਗੇ। ਸਾਡੇ ਮੂੰਹ ਅੱਡੇ ਗਏ, ਬੇਰਹਿਮੀ ਦੀ ਹੱਦ ਸੀ! ਹੁਣ ਤਕ ਸੋਨੂੰ ਦੇ ਸਿਰ ਨੂੰ ਚੜ੍ਹਦੇ ਬਖਾਰ ਦਾ ਸਭ ਨੂੰ ਇਤਬਾਰ ਹੋ ਗਿਆ ਸੀ। ਹੱਥ ਜੋੜ ਕੇ ਡੌਂਕਰਾਂ ਨੂੰ ਸ਼ਾਂਤ ਕੀਤਾ ਤੇ ਸੋਨੂੰ ਨੂੰ ਚੁੱਪ ਕਰਾਉਣ ਲੱਗੇ।

ਡੌਂਕਰ ਪੱਕੇ ਮੁਸਲਮਾਨ, ਪੰਜ ਵਕਤ ਦੇ ਨਮਾਜ਼ੀ ਸਨ, ਪਰ ਸਾਬਿਤ ਹੋ ਗਿਆ ਕਿ ਉਹ ਤਾਂ ਇਨਸਾਨ ਹੀ ਨਹੀਂ ਸਨ। ਚਾਰ ਦਿਨਾਂ ਤੋਂ ਸਾਨੂੰ ਥੋੜ੍ਹੀ ਹਿਚਕ ਸੀ, ਕਿਉਂਕਿ ਉਹ ਰੱਬ ਨੂੰ ਯਾਦ ਕਰਦੇ ਸਨ, ਪਰ ਇਸ ਵਹਿਸ਼ੀਆਨਾ ਹਰਕਤ ਨੇ ਸਾਨੂੰ ਹਰ ਦੁਚਿਤੀ ਵਿਚੋਂ ਕੱਢ ਦਿੱਤਾ। ਉਹ ਸਿਰਫ ਡੌਂਕਰ ਸਨ, ਸਿਰਫ ਮੁਸਲਮਾਨ ਸਨ, ਹੋਰ ਸਭ ਕੁਝ ਸਨ, ਪਰ ਇਨਸਾਨ ਹਰਗਿਜ਼ ਨਹੀਂ ਸਨ!

ਸੋਨੂੰ ਨੂੰ ਬੇਇਖ਼ਤਿਆਰ ਬੜਬੜਾਉਂਦੇ ਨੂੰ ਡੌਂਕਰਾਂ ਦੀ ਬੇਰਹਿਮੀ ਦਾ ਹਵਾਲਾ ਦਿੰਦਿਆਂ ਚੁੱਪ ਰਹਿਣ ਦੇ ਤਰਲੇ ਪਾਏ, ਪਰ ਜਿਵੇਂ ਸੋਨੂੰ ਅੰਦਰ ਕੁਝ ਬਹੁਤ ਘਿਨੌਣਾ ਸੜਦਾ-ਬਲਦਾ ਜਿਹਾ ਸਮਾ ਗਿਆ ਸੀ ਤੇ ਉਹ ਉਸ ਨੂੰ ਪਾਗਲ ਕਰ ਰਿਹਾ ਸੀ। ਉਹ ਚੀਕ ਕੇ ਜੀਪ ਤੋਂ ਉਤਰ ਗਿਆ ਤੇ ਜਿਵੇਂ ਫਟ ਪਿਆ, "ਤੁਸੀਂ ਚਲੇ ਜਾਓ, ਮੈਨੂੰ ਮਰਨ ਦਿਓ ਇਥੇ ਈ।" ਫਿਰ ਰੋਣ ਲੱਗ ਪਿਆ। ਦਿਲ ਕੀਤਾ ਉਸ ਨੂੰ ਗਲੇ ਲਾ ਕੇ ਖੁਦ ਵੀ ਰੋਣ ਲੱਗ ਪਵਾਂ। ਸਭ ਦੇ ਦਰਦ ਇਕ ਸਨ, ਤਕਲੀਫਾਂ ਇਕ ਸਨ। ਅੰਦਰ ਵਗਦੇ ਦਰਦ ਦੇ ਲਾਵੇ ਵਿਚ ਹਮਦਰਦੀ ਦਾ ਉਬਾਲ ਆਇਆ।

ਮੈਂ ਬਿੱਕਰ ਨੂੰ ਕਿਹਾ, "ਗਿੱਲੀ ਪੱਟੀ ਦੀ ਵਾਰੀ ਟੁੱਟਣੀ ਨਹੀਂ ਚਾਹੀਦੀ ਤੇ ਪਾਣੀ ਪਿਲਾਉਂਦਾ ਰਹੀਂ।" ਗੁਸੈਲ ਡੌਂਕਰ ਗੱਡੀਆਂ ਵਿਚ ਜਾ ਬੈਠੇ। ਕਾਫਲਾ ਫਿਰ ਰਿੜ੍ਹ ਪਿਆ। ਡੌਂਕਰਾਂ ਦੇ ਵਿਹਾਰ ਨੇ ਸਾਨੂੰ ਹੋਰ ਡਾਂਵਾਂਡੋਲ ਕਰ ਦਿੱਤਾ। ਤਿਖੜ ਦੁਪਹਿਰ ਦੀ ਵਰ੍ਹਦੀ ਅੱਗ ਜਿਹੀ ਗਰਮੀ ਫਕਦੇ, ਤੜਫਦੇ-ਕਲਪਦੇ ਕਦੇ ਜਿਉਂਦੇ ਰਹੇ, ਕਦੇ ਮਰਦੇ ਰਹੇ।

ਸ਼ਾਮ ਢਲੇ ਡੌਂਕਰਾਂ ਨੇ ਕਾਰਵਾਂ ਰੋਕ ਦਿੱਤਾ। ਅਸੀਂ ਵੱਢੇ ਦਰਖਤਾਂ ਵਾਂਗ ਬੇਜਾਨ, ਰੇਤ 'ਤੇ ਢਹਿ ਪਏ। ਦੋ ਚਾਰ ਮੁੰਡੇ ਚੌਲ ਉਬਾਲਣ ਲੱਗ ਪਏ। ਡਰਾਇਵਰ ਆਪਣੀ ਖੁਰਾਕ 'ਤੇ ਟੁੱਟ ਪਏ ਜਿਸ ਵਿਚ ਭੇਡ ਦਾ ਅੱਧਾ-ਅਧੂਰਾ ਸਰੀਰ ਵੀ ਸੀ ਜਿਸ ਨੂੰ ਉਹ ਛੇ ਜਣੇ ਤਿੰਨ-ਚਾਰ ਦਿਨਾਂ ਤਕ ਭੁੰਨ-ਭੁੰਨ ਕੇ ਨਿਗਲਦੇ ਰਹੇ। ਉਨ੍ਹਾਂ ਕੋਲ ਕਾਫੀ ਪਾਣੀ ਸੀ, ਫਿਰ ਵੀ ਸਾਡੇ ਪਾਣੀ ਵਿਚੋਂ ਪੀਂਦੇ ਰਹਿੰਦੇ। 39 ਜਣਿਆਂ ਲਈ ਬਣੇ ਥੋੜ੍ਹੇ ਜਿਹੇ ਚੌਲਾਂ ਵਿਚ ਹਿੱਸੇਦਾਰੀ ਵਧਾਉਂਦੇ, ਹੱਥ ਸਾਫ ਕਰ ਜਾਂਦੇ। ਸਾਡੀ ਜ਼ਿੰਦਗੀ ਦੇ ਠੇਕੇਦਾਰਾਂ ਨੇ ਸਾਡੇ ਲਈ 24 ਘੰਟਿਆਂ 'ਚ ਇੱਕ ਮੁੱਠ ਚੌਲ ਤੇ ਧੁੱਪ ਨਾਲ ਗਰਮ ਪਾਣੀ ਦੇ ਕੁਝ ਨਾਕਾਫੀ ਘੁੱਟ ਹੀ ਤੈਅ ਕੀਤੇ ਸਨ।

ਸੋਨੂੰ ਨੂੰ ਫੜ ਕੇ ਉਤਾਰਿਆ, ਉਹ ਦੋ ਕੁ ਕਦਮ ਚੱਲ ਕੇ ਚੱਕਰ ਖਾ ਕੇ ਡਿੱਗ ਪਿਆ। ਉਸ ਨੇ ਕੁਝ ਖਾਣ ਤੋਂ ਵੀ ਇਨਕਾਰ ਕਰ ਦਿੱਤਾ ਤੇ ਅੱਖਾਂ ਮੀਟੀ ਲੰਮਾ ਪਿਆ ਰਿਹਾ। ਮੇਰੇ ਅੰਦਰ ਵੀ ਚੌਲ ਨਹੀਂ ਲੰਘੇ। ਮੈਂ ਪਾਣੀ ਪੀਤਾ, ਭੈੜੀ ਜਿਹੀ ਚੌਕਲੇਟ ਵਾਲੇ ਦੋ-ਤਿੰਨ ਬਿਸਕੁਟ ਮਸੀਂ ਨਿਗਲੇ।

ਜੀਪਾਂ ਫਿਰ ਤੁਰ ਪਈਆਂ। ਕਾਫੀ ਫਾਸਲਾ ਹਨੇਰੇ 'ਚ ਤੈਅ ਕੀਤਾ। ਅੰਦਾਜਨ ਇਕ ਵਜੇ ਦਾ ਸਮਾਂ ਸੀ ਜਦੋਂ ਜੀਪਾਂ ਅਚਾਨਕ ਝੋਲਾਂ ਮਾਰ ਕੇ ਸੱਜੇ ਪਾਸੇ ਨੀਵਾਣ ਨੂੰ ਉਤਰ ਗਈਆਂ। ਲਾਈਟਾਂ ਬੁਝਾ ਦਿੱਤੀਆਂ। ਘੁੱਪ ਹਨੇਰੇ ਵਿਚ, ਧੀਮੀ ਗਤੀ ਨਾਲ ਹਿਚਕੋਲੇ ਖਾਂਦੀਆਂ ਗੱਡੀਆਂ 3-4 ਕੁ ਸੌ ਮੀਟਰ ਪਰ੍ਹੇ ਜਾ ਕੇ ਬੰਦ ਹੋ ਗਈਆਂ। ਸਭ ਥੱਲੇ ਉਤਰ ਗਏ। ਡੌਂਕਰਾਂ ਨੇ ਸ਼...ਸ਼...ਸ਼... ਕਰਦਿਆਂ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

ਕੁਝ ਪਲਾਂ ਪਿਛੋਂ ਸਾਰਾ ਮਾਜਰਾ ਸਾਫ ਹੁੰਦਾ ਗਿਆ। ਸਾਡੇ ਰਾਹ 'ਤੇ ਉਲਟੇ ਪਾਸਿਓਂ ਦੋ ਮੱਧਮ ਰੌਸ਼ਨੀਆਂ ਕਰੀਬ ਆ ਰਹੀਆਂ ਸਨ। ਕੋਈ ਫੌਜੀ ਟਰੱਕ ਉਸ ਪਾਸੇ ਜਾ ਰਿਹਾ ਸੀ, ਜਿਧਰੋਂ ਅਸੀਂ ਆਏ ਸਾਂ। ਸਖਤ ਜ਼ਮੀਨ 'ਤੇ ਟਾਇਰਾਂ ਦੇ ਨਿਸ਼ਾਨ ਵੀ ਸਾਡੀ ਚੁਗਲੀ ਨਹੀਂ ਸੀ ਕਰਨ ਜੋਗੇ। ਵੀਰਾਨਿਆਂ ਦੀਆਂ ਅਭਿਆਸੀ ਨਿਗਾਹਾਂ ਤੋਂ ਅਸੀਂ ਵਾਲ ਵਾਲ ਬਚੇ ਸਾਂ। ਟਰੱਕ ਦੂਰ ਨਿਕਲ ਗਿਆ।

ਕਾਫੀ ਇੰਤਜ਼ਾਰ ਪਿਛੋਂ ਜੀਪਾਂ ਬਗੈਰ ਲਾਈਟਾਂ ਜਗਾਏ ਹਨੇਰੇ 'ਚ ਚੱਲ ਪਈਆਂ। ਦੋ-ਤਿੰਨ ਘੰਟੇ ਬਾਅਦ ਜੀਪਾਂ ਰੁਕੀਆਂ। ਆਰਾਮ ਦੇ ਵਕਤ ਦਾ ਐਲਾਨ ਹੋ ਗਿਆ। ਜਿਸਮਾਂ ਅਤੇ ਰੂਹਾਂ ਉਤੇ ਪੂਰਾ ਹਾਹਾਕਾਰੀ ਤੇ ਘਾਤਕ ਦਿਨ ਝੱਲਿਆ ਸੀ।

ਸੋਨੂੰ ਵਾਲੀ ਜੀਪ 'ਚ ਹਲਚਲ ਮਹਿਸੂਸ ਹੋਈ। ਪਹੁੰਚ ਕੇ ਦੇਖਿਆ, ਉਹ ਬੜੇ ਯਤਨ ਨਾਲ ਲੰਮੇ ਸਾਹ ਖਿਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਕਿਸੇ ਦੀ, ਕਿਸੇ ਵੀ ਗੱਲ ਦਾ ਕੋਈ ਜਵਾਬ ਨਹੀਂ, ਕੋਈ ਹੂੰ-ਹਾਂ ਨਹੀਂ। ਡੌਂਕਰਾਂ ਦੀ ਬੈਟਰੀ ਨੇ ਉਸ ਦਾ ਚਿਹਰਾ ਰੌਸ਼ਨ ਕੀਤਾ। ਨੇਤਰ ਬੰਦ, ਮੂੰਹ ਜ਼ੋਰ ਨਾਲ ਘੁੱਟਿਆ ਹੋਇਆ, ਸਾਫ ਸਲੇਟ ਜਿਹਾ ਬਿਨਾਂ ਕਿਸੇ ਹਾਵ-ਭਾਵ ਦੇ ਜ਼ਰਦ ਚਿਹਰਾ ਭੈਅ ਪੈਦਾ ਕਰਦਾ ਸੀ। ਉਹ ਹਲਕੇ ਹਟਕੋਰੇ ਭਰਦਾ ਲੱਗਦਾ ਸੀ, ਜਿਵੇਂ ਅੰਦਰੋ ਜੀਅ ਤੋੜ ਕੋਸ਼ਿਸ਼ ਕਰ ਰਿਹਾ ਸੀ। ਪਲਕਾਂ ਚੁੱਕ ਕੇ ਦੇਖਿਆ, ਪੁਤਲੀਆਂ ਉਤਾਂਹ ਨੂੰ ਚੜ੍ਹੀਆਂ ਹੋਈਆਂ ਸਨ। ਸਾਨੂੰ ਹੱਥਾਂ-ਪੈਰਾਂ ਦੀ ਪੈ ਗਈ। ਸੋਨੂੰ ਕਿਤੇ ਮਰ ਤਾਂ ਨਹੀਂ ਰਿਹਾ?

ਬਾਕੀ ਜਣੇ ਪਾਣੀ ਪੀ ਕੇ ਥੋੜ੍ਹਾ ਪਰ੍ਹੇ ਲੰਮੇ ਪੈ ਗਏ ਸਨ। ਮੈਂ, ਚਾਚਾ ਤਰੀ ਤੇ ਬਿੱਕਰ ਨੇ ਚੱਕ-ਥੱਲ ਕੇ ਸੋਨੂੰ ਦਾ ਨਿਢਾਲ ਸਰੀਰ ਥੱਲੇ ਲਾਹਿਆ, ਬਿਲਕੁਲ ਮਿੱਟੀ ਹੋ ਗਿਆ ਲੱਗਦਾ ਸੀ। ਮੂੰਹ 'ਚ ਪਾਣੀ ਪਾਇਆ, ਪਰ ਉਹ ਬਾਹਰ ਉਗਲੀ ਗਿਆ। ਅਸੀਂ ਘਬਰਾ ਗਏ। ਛੇਤੀ ਛੇਤੀ ਉਸ ਦੇ ਮੱਥੇ 'ਤੇ ਗਿੱਲੀ ਪੱਟੀ ਰੱਖਦੇ ਰਹੇ, ਕੱਪੜੇ ਢਿੱਲੇ ਕਰ ਦਿੱਤੇ। ਚਾਚਾ ਤਰੀ ਉਸ ਦੇ ਪੈਰਾਂ ਦੀਆਂ ਤਲੀਆਂ ਝੱਸਣ ਲੱਗ ਪਿਆ। ਫਿਰ ਮਹਿਸੂਸ ਹੋਇਆ, ਉਸ ਦੇ ਸਾਹਾਂ ਦੀ ਗਤੀ ਮੱਧਮ ਪੈ ਰਹੀ ਹੈ। ਦਿਲਾਂ ਵਿਚ ਅਣਸੁਖਾਵਾਂ, ਡਰਾਉਣਾ ਤੇ ਦਹਿਲਾ ਦੇਣ ਵਾਲਾ ਭੈਅ ਪਸਰਦਾ ਗਿਆ।

ਮੈਂ ਗੋਡਿਆਂ ਭਾਰ ਬੈਠਾ, ਉਸ ਦੀ ਛਾਤੀ 'ਤੇ ਹੱਥਾਂ ਨਾਲ ਰੁਕ ਰੁਕ ਕੇ ਹਲਕਾ ਹਲਕਾ ਦਬਾਅ ਦੇਣ ਲੱਗਾ ਤਾਂ ਜੋ ਸਾਹਾਂ ਦੀ ਗਤੀ ਬਣੀ ਰਹੇ। ਹੋ ਰਹੀ ਹਲਚਲ ਤੇ ਹਫੜਾ-ਦਫੜੀ ਦੇਖ ਕੇ ਦੋ-ਚਾਰ ਮੁੰਡੇ ਅਤੇ ਦੋ ਡੌਂਕਰ ਵੀ ਨੇੜੇ ਆ ਖਲੋਏ। ਅਚਾਨਕ ਪਤਾ ਨਹੀਂ ਕਿਵੇਂ ਮੇਰੇ ਨੇਤਰਾਂ ਵਿਚੋਂ ਅੱਥਰੂ ਵਗਣ ਲੱਗੇ, ਕੰਬਦੇ ਬੁੱਲ੍ਹਾਂ ਅਤੇ ਭਰੇ ਗਲੇ 'ਚੋਂ ਰੋਂਦੇ ਥਿੜਕਦੇ ਬੋਲ ਬੁਦਬੁਦਾਏ, "ਰੱਬਾ! ਮਿਹਰ ਕਰ!"

ਫਿਰ ਸੋਨੂੰ ਦੇ ਧੀਮੇ ਸਾਹ ਵੀ ਜਿਵੇਂ ਬਿਲਕੁਲ ਬੰਦ ਹੋ ਗਏ। ਮੈ ਕੰਬਦੇ, ਘਬਰਾਏ ਨੇ ਛਾਤੀ 'ਤੇ ਹੱਥਾਂ ਦਾ ਦਬਾਅ ਹੋਰ ਵਧਾਇਆ। ਚਾਚਾ ਤਰੀ ਤੇ ਬਿੱਕਰ ਉਸ ਦੇ ਹੱਥ-ਪੈਰ ਹਾਲੇ ਵੀ ਰਗੜ ਰਹੇ ਸਨ। ਮੇਰੇ ਦਬਾਅ ਨਾਲ ਦੋ ਕੁ ਵਾਰ ਉਸ ਦੇ ਨੱਕ 'ਚੋਂ ਹਵਾ ਆਵਾਜ਼ ਕਰਦੀ ਬਾਹਰ ਨਿਕਲੀ। ਇਹ ਉਸ ਦੇ ਆਖ਼ਰੀ ਸਾਹ ਸਨ, ਤੇ ਫਿਰ ਬੱਸ! ਹੁਣ ਮੈਂ ਸਿਰਫ ਹੱਡ-ਮਾਸ ਦੇ ਰੂਹ ਵਿਹੀਨ ਖੋਖਲੇ ਕਲਬੂਤ ਨਾਲ ਘੁਲ ਰਿਹਾ ਸਾਂ। ਸਦਮੇ ਨਾਲ ਮੇਰੀਆਂ ਅੱਖਾਂ ਫਟਦੀਆਂ ਗਈਆਂ। ਜਦੋਂ ਦੇਖਿਆ, ਸਭ ਖ਼ਤਮ ਹੋ ਚੁੱਕਿਆ ਸੀ, ਮੇਰਾ ਸਮੁੱਚਾ ਅੰਦਰ ਬਾਹਰ ਉਬਲ ਪਿਆ, ਆਪ-ਮੁਹਾਰੇ ਭੁੱਬਾਂ ਨਿਕਲ ਗਈਆਂ। ਰੋਂਦਾ, ਕੰਬਦਾ, ਲੜਖੜਾਉਂਦਾ ਸੋਨੂੰ ਨੇੜੇ ਢਹਿ ਪਿਆ। ਜਜ਼ਬਾਤ ਦੀ ਚਰਮ-ਸੀਮਾ 'ਤੇ ਬੈਠਾ ਅੰਦਰੋਂ ਪਿਘਲ ਰਿਹਾ ਸਾਂ। ਸ਼ਾਇਦ ਆਪਣੀ ਬੇਵਸੀ 'ਤੇ ਰੋ ਰਿਹਾ ਸਾਂ, ਜਾਂ ਸ਼ਾਇਦ ਉਸ ਮਾਸੂਮ ਦੀ ਭਿਆਨਕ ਦੁਰਗਤ 'ਤੇ। ਖੁਦ ਨੂੰ ਕਿੰਨਾ ਲਾਚਾਰ ਮਹਿਸੂਸ ਕਰ ਰਹੇ ਸਾਂ! ਦੇਖਦੇ ਦੇਖਦੇ ਹੱਥਾਂ 'ਚ ਜਵਾਨ-ਜਹਾਨ ਸਰੀਰ ਮਿੱਟੀ ਹੋ ਗਿਆ ਸੀ। ਇਸ ਸਦਮੇ ਨੇ ਸਭ ਨੂੰ ਝੰਜੋੜ ਸੁੱਟਿਆ ਸੀ।

ਇਕ ਨਿਰਦੋਸ਼ ਨੌਜਵਾਨ ਰੇਗਿਸਤਾਨ ਅਤੇ ਜ਼ਾਲਿਮ ਡੌਂਕਰਾਂ ਦੀ ਬੇਰਹਿਮੀ ਦਾ ਸ਼ਿਕਾਰ ਹੋ ਗਿਆ ਸੀ। ਉਸ ਦੇ ਮਾਂ-ਬਾਪ, ਭੈਣ-ਭਰਾ ਉਸ ਦੇ ਯੂਰਪ ਪਹੁੰਚਣ ਦਾ ਇੰਤਜ਼ਾਰ ਕਰ ਰਹੇ ਹੋਣਗੇ, ਅਰਦਾਸਾਂ ਕਰ ਰਹੇ ਹੋਣਗੇ; ਪਰ ਉਹ ਵਿਚਾਰਾ ਉਨ੍ਹਾਂ ਤੋਂ ਹਜ਼ਾਰਾਂ ਮੀਲ ਦੂਰ ਇਨ੍ਹਾਂ ਉਜਾੜਾਂ ਵਿਚ, ਉਮਰ ਭਰ ਦੀਆਂ ਸ਼ੋਰ ਉਠਾਉਂਦੀਆਂ ਇੱਛਾਵਾਂ ਤੇ ਮੂੰਹ-ਜ਼ੋਰ ਖ਼ਾਬਾਂ ਨੂੰ ਸੀਨੇ 'ਚ ਦਫਨ ਕਰੀ ਹਮੇਸ਼ਾ ਲਈ ਚੁੱਪ ਵੱਟ ਗਿਆ ਸੀ। ਉਸ ਨਾਲ ਜੁੜਿਆ ਸਭ ਕੁਝ ਉਸ ਦੇ ਨਾਲ ਹੀ ਖ਼ਤਮ ਹੋ ਗਿਆ ਸੀ।

ਉਸ ਦੀ ਮੌਤ ਉਸ ਨੂੰ ਕਿਥੋਂ ਕਿਥੋਂ ਦੌੜਾ-ਭਜਾ ਕੇ ਆਪਣੇ ਨਾਲ ਲੈ ਗਈ ਸੀ, ਪਰ ਨਹੀਂ! ਉਸ ਨੂੰ ਮੌਤ ਨੇ ਨਹੀਂ ਸੀ ਮਾਰਿਆ, ਸਗੋਂ ਉਸ ਦੀ ਜ਼ਿੰਦਗੀ ਨੂੰ ਖ਼ਤਮ ਕੀਤਾ ਗਿਆ ਸੀ। ਏਜੰਟਾਂ ਦੀ ਲਾਪਰਵਾਹੀ ਨੇ, ਰੇਗਿਸਤਾਨ ਦੀ ਜਾਨਲੇਵਾ ਗਰਮੀ ਨੇ, ਡੌਂਕਰਾਂ ਦੀ ਬੇਰਹਿਮੀ ਤੇ ਵਹਿਸ਼ੀਪੁਣੇ ਨੇ ਉਸ ਨੂੰ ਕੋਹ ਕੋਹ ਕੇ ਮਾਰਿਆ ਸੀ!

ਸੋਗ 'ਚ ਜਕੜੇ ਮੁੰਡੇ ਲਾਸ਼ ਕੋਲ ਖੜ੍ਹੇ ਸੁਬਕਦੇ ਰਹੇ। ਚਾਚਾ ਤਰੀ ਰੋਂਦਾ ਰੋਂਦਾ ਬਾਕੀ ਲੰਮੇ ਪਏ ਮੁੰਡਿਆਂ ਉਤੇ ਵਰ੍ਹ ਪਿਆ, "ਜ਼ਾਲਮੋ! ਸੁੱਤੇ ਰਹੋ... ਨਾਲ ਦਾ ਇਕ ਜਣਾ ਮਰ ਗਿਆ, ਤੁਹਾਨੂੰ ਕੋਈ ਫਰਕ ਈ ਨਹੀਂ, ਇੱਦਾਂ ਤਾਂ ਜਾਨਵਰ ਵੀ ਨਹੀਂ ਕਰਦੇ।" ਚਾਚਾ ਤਰੀ ਰੋਂਦਾ ਰਿਹਾ, ਮੇਰੇ ਹਟਕੋਰੇ ਵੀ ਨਹੀਂ ਸਨ ਰੁਕ ਰਹੇ। ਅੰਦਰੋਂ ਲਾਚਾਰੀ ਦਾ ਦਰਦ ਉਮੜ ਕੇ ਅੱਖਾਂ ਥਾਣੀਂ ਵਗਦਾ ਗਿਆ।

ਬਾਕੀ ਜਣੇ ਵੀ ਪੱਥਰ ਹੋਏ ਆਣ ਖੜ੍ਹੇ। ਘੜੀ ਕੁ ਮ੍ਰਿਤਕ ਦੁਆਲੇ ਅਫਸੋਸ ਜਤਾ ਕੇ, ਗੱਲਾਂ ਕਰ ਕੇ ਵਾਪਿਸ ਤੁਰਦੇ ਗਏ, ਲੰਮੇ ਪੈਂਦੇ ਗਏ। ਡੌਂਕਰ ਵੀ ਸ਼ਾਇਦ ਸਾਡੇ ਬੇਵਸ ਤੇ ਤਰਸਮਈ ਹਾਲਾਤ, ਖ਼ਾਸ ਕਰ ਕੇ ਬੇਗੁਨਾਹ, ਮਾਸੂਮ ਦੀ ਲਾਸ਼ 'ਤੇ ਜ਼ਿਆਦਾ ਚਿਰ ਨਜ਼ਰਾਂ ਨਾ ਟਿਕਾ ਸਕੇ ਤੇ ਪਰ੍ਹੇ ਤੁਰ ਗਏ। ਜ਼ਰੂਰ ਉਨ੍ਹਾਂ ਨੂੰ ਆਪਣੇ ਕੀਤੇ ਗੁਨਾਹ ਦਾ ਅਹਿਸਾਸ ਹੋ ਰਿਹਾ ਹੋਣਾ! ਉਹ ਕੁਝ ਖਾਮੋਸ਼, ਸੰਜੀਦਾ ਹੋਏ ਹੁਣ ਸਾਡੇ ਨਾਲ ਸਹਿਯੋਗ ਕਰ ਰਹੇ ਸਨ।

ਸੋਨੂੰ ਉਪਰ ਕੱਪੜਾ ਦੇ ਦਿਤਾ ਗਿਆ। ਸਲਾਹ ਹੋਈ ਕਿ ਸਵੇਰੇ ਸਰੀਰ ਨੂੰ ਮਿੱਟੀ ਦੇ ਸਪੁਰਦ ਕਰ ਦੇਵਾਂਗੇ। ਪਹਿਲੇ ਦੋ ਕੁ ਘੰਟੇ ਚਾਚਾ ਤਰੀ ਲਾਸ਼ ਕੋਲ ਬੈਠਿਆ। ਅਥਾਹ ਤਣਾਉ-ਗ੍ਰਸਤ ਹੋਇਆ ਮੈਂ ਲੰਮਾ ਪੈ ਗਿਆ, ਪਰ ਨੀਂਦ ਥੱਕੇ ਸਰੀਰ ਤੋਂ ਜਿਵੇਂ ਕੋਹਾਂ ਦੂਰ ਸੀ। ਰੋਣ ਨਾਲ ਗਲਾ ਖੁਸ਼ਕ ਹੋ ਗਿਆ, ਅੱਖਾਂ ਦੁਖਣ ਲੱਗੀਆਂ। ਲੱਗਿਆ, ਜਿਵੇਂ ਸੰਘ ਵਿਚ ਵਿਰਲਾਪੀ ਚੀਕਾਂ ਨਸ਼ਤਰਾਂ ਵਾਂਗ ਫਸ ਗਈਆਂ ਹੋਣ ਤੇ ਨੇਤਰਾਂ 'ਚ ਵੇਦਨਾ ਦੀਆਂ ਛਿੱਲਤਰਾਂ ਖੁੱਭ ਗਈਆਂ ਹੋਣ।

ਫਿਰ ਜਹਾਨ ਭਰ ਦੀਆਂ ਸੋਚਾਂ-ਵਿਚਾਰਾਂ ਦੀ ਉਧੇੜ-ਬੁਣ ਵਿਚ ਬੁਰੀ ਤਰ੍ਹਾਂ ਉਲਝਿਆ ਹੋਇਆ ਦੋ-ਢਾਈ ਘੰਟੇ ਮੈਂ ਦੇਹ ਨੇੜੇ ਬੈਠਾ ਰਿਹਾ। ਮੱਧਮ ਹਵਾ ਦੀ ਸ਼ੂਕ 'ਚ ਮਨਹੂਸੀਅਤ ਸਨਸਨਾਉਂਦੀ ਮਹਿਸੂਸ ਹੁੰਦੀ ਸੀ। ਬੁਖ਼ਲਾਈ ਰਾਤ ਕਦੇ ਰੁਦਨ ਕਰਦੀ ਮਾਤਮ 'ਚ ਮਗਨ ਲੱਗੀ, ਕਦੇ ਰਹੱਸਮਈ ਚੁੱਪ ਵੱਟੀ, ਖ਼ੌਫ ਦਾ ਪਸਾਰਾ ਕਰਦੀ ਗਈ।

ਮੇਰੇ ਖਿਆਲ ਕਦੇ ਉਸ ਦੇ ਪਰਿਵਾਰ ਵੱਲ ਦੌੜ ਪੈਂਦੇ, ਕਦੇ ਆਪਣੇ ਪਰਿਵਾਰ ਵੱਲ। ਕਦੇ ਉਸ ਦੇ ਖ਼ਾਬਾਂ ਨੂੰ ਜਾ ਟੋਹਣ ਲੱਗਦੇ, ਕਦੇ ਮੇਰੇ

*(ਬਾਕੀ ਅਗਲੇ ਸਫੇ 'ਤੇ)*



*ਵੀਹਾਂ ਵਰ੍ਹਿਆਂ ਦੇ ਸੋਨੂੰ ਲਈ ਇਹ ਸਵੇਰ ਉਮਰ ਦੀਆਂ ਤਰਕਾਲਾਂ ਹੋ ਗਈ...!*

*ਉਹ ਚੀਕ ਕੇ ਜੀਪ ਤੋਂ ਉਤਰ ਗਿਆ ਤੇ ਜਿਵੇਂ ਫਟ ਪਿਆ, "ਤੁਸੀਂ ਚਲੇ ਜਾਓ... ਮੈਨੂੰ ਮਰਨ ਦਿਓ ਇਥੇ ਈ।" ਫਿਰ ਰੋਣ ਲੱਗ ਪਿਆ। ਦਿਲ ਕੀਤਾ ਉਹਨੂੰ ਗਲੇ ਲਾ ਕੇ ਖੁਦ ਵੀ ਰੋਣ ਲੱਗ ਪਵਾਂ। ਸਭ ਦੇ ਦਰਦ ਇਕ ਸਨ, ਤਕਲੀਫ਼ਾਂ ਇਕ ਸਨ। ਉਹਦੇ ਅੰਦਰ ਮੈਨੂੰ ਆਪਣਾ ਆਪ ਤੜਫਦਾ ਮਹਿਸੂਸ ਹੋਇਆ। ਅੰਦਰ ਵਗਦੇ ਦਰਦ ਦੇ ਲਾਵੇ ਵਿਚ ਹਮਦਰਦੀ ਦਾ ਉਬਾਲ ਆਇਆ। ਉਹਦੀ ਬੇਸੁਰਤੀ ਦੱਸਦੀ ਸੀ, ਬੁਖ਼ਾਰ ਜਾਂ ਕੁਝ ਹੋਰ ਉਸ 'ਤੇ ਹਾਵੀ ਹੋ ਰਿਹਾ ਹੈ। ਕਾਫਲਾ ਫਿਰ ਰਿੜ੍ਹ ਪਿਆ। ਡੌਂਕਰਾਂ ਦੇ ਵਰਤਾਉ ਨੇ ਹੋਰ ਸਾਨੂੰ ਡਾਂਵਾਂਡੋਲ ਕਰ ਦਿੱਤਾ ਸੀ।*

# ਬਜ਼ੁਰਗ ਮਾਪਿਆਂ ਦੀ ਦੁਰਦਸ਼ਾ ਕਿਉਂ?

## ਦੁਖਦੀ ਰਗ

***ਬੱਚਿਆਂ ਨੂੰ ਜਨਮ ਦੇਣ ਤੇ ਪਾਲਣ ਵਾਲੇ ਮਾਪੇ ਰੱਬ ਦਾ ਰੂਪ ਹਨ ਪਰ ਆਪੋ ਧਾਪੀ ਦੇ ਇਸ ਯੁੱਗ ਵਿਚ ਕਿਸ ਨੂੰ ਪਰਵਾਹ ਹੈ, ਉਨ੍ਹਾਂ ਦੀ? ਬੱਚਿਆਂ ਦੀ ਲਾਪਰਵਾਹੀ ਕਾਰਨ ਮਾਪੇ ਬਿਰਧ ਆਸ਼ਰਮਾਂ ਤੇ ਕਈ ਵਾਰ ਸੜਕਾਂ 'ਤੇ ਵੀ ਰੁਲਦੇ ਹਨ। ਉਨ੍ਹਾਂ ਨਾਲ ਆਪਣੇ ਢਿੱਡੋਂ ਜਾਏ ਹੀ ਕਈ ਵਾਰ ਬੜਾ ਭੈੜਾ ਵਿਹਾਰ ਕਰਦੇ ਹਨ। ਅਸੀਂ ਜੋ ਵੱਖੋ ਵੱਖ ਧਰਮ ਦੁਆਰਾਂ 'ਤੇ ਮੱਥੇ ਟੇਕਦੇ ਹਾਂ, ਗਊ ਪੂਜਾ ਕਰਦੇ ਹਾਂ, ਤਾਂ ਆਪਣੇ ਮਾਪਿਆਂ ਪ੍ਰਤੀ ਇਹ ਵਿਹਾਰ ਕਿਉਂ? ਫਿਰ ਭਲਾ ਪੱਛਮ ਦੀ ਰੀਸੇ ਮਾਂ ਦਿਵਸ ਤੇ ਪਿਤਾ ਦਿਵਸ ਮਨਾਉਣ ਦਾ ਕੀ ਲਾਭ? ਇਹੋ ਸਵਾਲ ਹਨ, ਜੋ ਇਸ ਲੇਖ ਵਿਚ ਸੁਕੰਨਿਆ ਭਾਰਦਵਾਜ ਨੇ ਉਠਾਏ ਹਨ। -ਸੰਪਾਦਕ***

"ਕਾਕੂ ਮੇਰੇ ਬੱਚੇ, ਮੈਨੂੰ ਘਰ ਲੈ ਜਾਹ। ਪੁੱਤ ਮੈਂ ਤੁਹਾਡੇ ਬਿਨਾ ਨਹੀਂ ਰਹਿ ਸਕਦੀ।" ਉਹ ਵਾਰ ਵਾਰ ਪੁਕਾਰ ਰਹੀ ਸੀ ਪਰ ਜੇ ਕਾਕੂ ਉਥੇ ਹੁੰਦਾ ਤਾਂ ਹੀ ਮਾਂ ਦੀ ਫਰਿਆਦ ਸੁਣਦਾ। ਇਹ ਬਹੁਤ ਹੀ ਅਜੀਬੋ ਗਰੀਬ ਵਾਕਿਆ ਹਸਪਤਾਲ ਵਿਚ ਉਦੋਂ ਸਾਹਮਣੇ ਆਇਆ ਜਦੋਂ ਮੈਨੂੰ ਦੁਆਈ ਲੈਣ ਗਈ ਨੂੰ ਐਮਰਜੈਂਸੀ ਦੀ ਨਰਸ ਨੇ ਉਸ ਮਾਈ ਬਾਰੇ ਦੱਸਿਆ, ਜਿਸ ਨੂੰ ਉਸ ਦਾ ਆਪਣਾ ਜਾਇਆ ਇਲਾਜ ਦੇ ਬਹਾਨੇ ਲਾਵਾਰਿਸ ਛੱਡ ਗਿਆ ਸੀ। ਇਥੋਂ ਤਕ ਕਿ ਉਸ ਨੇ ਹਸਪਤਾਲ ਵਿਚ ਗਲਤ ਫੋਨ ਨੰਬਰ ਤੇ ਪਤਾ ਦੇ ਕੇ ਮਾਈ ਲਈ ਆਪਣੇ ਹੀ ਘਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ।



**ਸੁਕੰਨਿਆ ਭਾਰਦਵਾਜ ਨਾਭਾ**
ਫੋਨ: 815-307-3112

ਇਹ ਉਸ ਮਹੀਨੇ ਦੀ ਦੂਜੀ ਘਟਨਾ ਸੀ। ਪਹਿਲੀ ਘਟਨਾ ਵਿਚ ਇੱਕ ਪੁੱਤ ਆਪਣੀ ਮਾਂ ਨੂੰ ਇਥੋਂ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਦਰਸ਼ਨ ਕਰਾਉਣ ਦੇ ਬਹਾਨੇ ਛੱਡ ਗਿਆ ਸੀ। ਮਾਤਾ ਨੂੰ ਪੁੱਤ ਦਾ ਫੋਨ ਨੰਬਰ ਨਹੀਂ ਸੀ ਪਤਾ, ਪਿੰਡ ਕਦੇ ਕੋਈ ਤੇ ਕਦੇ ਕੋਈ ਦੱਸਦੀ। ਸ਼ਾਇਦ ਬਦਨਾਮੀ ਦੇ ਡਰੋਂ ਸਹੀ ਪਤਾ ਨਹੀਂ ਸੀ ਦੱਸ ਰਹੀ। ਸੇਵਾਦਾਰਾਂ ਨੂੰ ਭਾਰੀ ਮੁਸ਼ਕਿਲ ਆ ਰਹੀ ਸੀ। ਗੁਰੂਘਰ ਪਿੰਡੋਂ ਕਾਫੀ ਫਰਕ ਨਾਲ ਹੋਣ ਕਾਰਨ ਉਸ ਨੂੰ ਉਹ ਗੁਰਦੁਆਰਾ ਸਾਹਿਬ ਵਿਖੇ ਨਹੀਂ ਠਹਿਰਾ ਸਕਦੇ ਸਨ। ਉਨ੍ਹਾਂ ਇਸ ਬਾਰੇ ਪੁਲਿਸ ਨੂੰ ਇਤਲਾਹ ਦਿੱਤੀ। ਪੁਲਿਸ ਉਸ ਨੂੰ ਥਾਣੇ ਲੈ ਗਈ ਸੀ। ਪਿਛੋਂ ਉਸ ਦਾ ਕੀ ਬਣਿਆ, ਕੋਈ ਨਹੀਂ ਜਾਣਦਾ।

ਇਸੇ ਤਰ੍ਹਾਂ ਹੀ ਰੌਂਗਟੇ ਖੜ੍ਹੇ ਕਰਨ ਵਾਲੀ ਦਿੱਲੀ ਦੀ ਇੱਕ ਘਟਨਾ ਹੈ ਜਿਸ ਵਿਚ ਇੱਕ ਧੀ ਹੀ ਮਾਂ ਨੂੰ ਇੰਨੀ ਬੁਰੀ ਤਰ੍ਹਾਂ ਕੁੱਟਮਾਰ ਕਰ ਰਹੀ ਸੀ ਕਿ ਟੀ.ਵੀ. ਲਾਈਵ ਦੇਖਣਾ ਮੁਸ਼ਕਿਲ ਸੀ। ਮਾਂ ਦਾ ਜਿਗਰਾ ਦੇਖੋ, ਜਦੋਂ ਗੁਆਂਢੀ ਸਮਾਜ ਸੇਵੀ ਸੰਸਥਾ ਦੀ ਮਦਦ ਨਾਲ ਪੁਲਿਸ ਸ਼ਿਕਾਇਤ ਕਰਦੇ ਹਨ ਤਾਂ ਮਾਤਾ ਫਿਰ ਆਪਣੀ ਧੀ ਦਾ ਪੱਖ ਪੂਰਦੀ ਹੈ ਕਿ 'ਉਹ ਤਾਂ ਮੈਨੂੰ ਸਮੇਂ ਸਿਰ ਖਾਣ ਪੀਣ ਲਈ ਕਹਿ ਰਹੀ ਸੀ।' ਇਹ ਸਭ ਮਾਂਵਾਂ 70 ਸਾਲ ਤੋਂ ਉਪਰ ਦੀਆਂ ਸਨ।

ਇੱਕ ਹੋਰ ਘਟਨਾ ਜਿਸ ਵਿਚ ਫੇਸਬੁੱਕ 'ਤੇ ਪਾਈ ਵੀਡੀਓ ਵਿਚ ਇੱਕ ਨੂੰਹ ਆਪਣੀ ਬਜ਼ੁਰਗ ਸੱਸ ਨੂੰ ਸ਼ਰੇਆਮ ਕੋਠੇ 'ਤੇ ਕੁੱਟ ਰਹੀ ਹੈ, ਜਿਸ ਨੂੰ ਉਸ ਦੀ ਸਕੀ ਪੋਤੀ (ਕੁੱਟਣ ਵਾਲੇ ਨੂੰਹ-ਪੁਤ ਦੀ ਬੇਟੀ) ਪਿੰਡ ਦੇ ਮੋਹਤਬਰਾਂ ਤੇ ਸਮਾਜ ਸੇਵੀ ਸੰਸਥਾ ਦੀ ਮਦਦ ਨਾਲ ਬਚਾ ਕੇ ਆਪਣੇ ਘਰ ਲਿਆਉਂਦੀ ਹੈ। ਦੋ ਸਾਲ ਤੋਂ ਉਸ ਨੂੰ ਘਰ ਵਿਚ ਹੀ ਬੰਦੀ ਬਣਾਇਆ ਹੋਇਆ ਸੀ। ਪੋਤੀ ਨੂੰ ਵੀ ਮਿਲਣ ਨਹੀਂ ਸੀ ਦਿੱਤਾ ਜਾਂਦਾ। ਮਾਤਾ ਦਾ ਚੂਲਾ ਟੁੱਟਿਆ ਹੋਇਆ ਹੈ ਤੇ ਇੱਕ ਬਾਂਹ ਵੀ ਟੁੱਟੀ ਹੋਈ ਹੈ। ਪਿੰਡੇ 'ਤੇ ਥਾਂ ਥਾਂ ਕੁੱਟ ਦੇ ਜਖਮ ਹਨ ਤੇ ਮੱਖੀਆਂ ਭਿਣਕ ਰਹੀਆਂ ਹਨ। ਇਹ ਵਾਕਿਆ ਪਿੰਡ ਲੋਹੀਆਂ (ਜਲੰਧਰ) ਦਾ ਹੈ। ਮਾਤਾ ਸਾਬਕਾ ਫੌਜੀ ਦੇ ਘਰਵਾਲੀ ਹੈ ਤੇ ਪੈਨਸ਼ਨ ਲੈਂਦੀ ਹੈ ਪਰ ਉਸ ਨੂੰ ਕਦੇ ਕੋਈ ਪੈਸਾ ਨਹੀਂ ਮਿਲਿਆ, ਸਾਰੀ ਪੈਨਸ਼ਨ ਨੂੰਹ-ਪੁੱਤ ਲੈ ਜਾਂਦੇ। ਢਿੱਡ ਦਾ ਜੰਮਿਆ ਪੁੱਤ ਤੇ ਹੱਥੀਂ ਸਹੇੜੀ ਨੂੰਹ-ਦੋਵੇਂ ਹੀ ਕੁੱਟਮਾਰ ਕਰਦੇ। ਧੰਨ ਇਸ ਮਾਂ ਦੀ ਮਮਤਾ ਜੋ ਸਾਲਾਂ ਬੱਧੀ ਮਾਨਸਿਕ-ਸਰੀਰਕ ਤਸ਼ੱਦਦ ਝੱਲ ਕੇ ਵੀ ਨੂੰਹ-ਪੁੱਤ ਖਿਲਾਫ ਪੁਲਿਸ ਕਾਰਵਾਈ ਕਰਾਉਣ ਤੋਂ ਸਾਫ ਇਨਕਾਰ ਕਰ ਦਿੰਦੀ ਹੈ। ਆਸ਼ਰਮ ਵਿਚ ਜਾਣ ਦੀ ਥਾਂ ਪੋਤੀ ਨਾਲ ਹੀ ਰਹਿਣ ਨੂੰ ਤਰਜੀਹ ਦਿੰਦੀ ਹੈ।

ਉਕਤ ਚੰਦ ਕੁ ਘਟਨਾਵਾਂ ਤਾਂ ਸਿਰਫ ਨਮੂਨਾ ਮਾਤਰ ਹਨ। ਉਂਜ ਇਹ ਪੰਜਾਬ ਦੇ ਹਰ ਤੀਜੇ ਘਰ ਦੀ ਕਹਾਣੀ ਹੈ। ਪਿੰਡਾਂ-ਸ਼ਹਿਰਾਂ ਵਿਚ ਵਾਪਰਦੀਆਂ ਇਹ ਦੁਖਦਾਈ ਘਟਨਾਵਾਂ ਹਰ ਸੰਵੇਦਨਸ਼ੀਲ ਹਿਰਦੇ ਨੂੰ ਵਲੂੰਧਰਦੀਆਂ ਹਨ। ਕਿਧਰ ਨੂੰ ਜਾ ਰਿਹਾ ਹੈ ਸਾਡਾ ਸੰਸਕਾਰੀ ਮਰਿਆਦਾ ਯੁਕਤ ਪੰਜਾਬੀ ਭਾਰਤੀ ਸਮਾਜ? ਕਈ ਵਾਰੀ ਲਗਦਾ ਹੈ ਕਿ ਅਸੀਂ ਕੇਹੇ ਸਮਾਜ ਵਿਚ ਰਹਿ ਰਹੇ ਹਾਂ? ਕੀ ਇਸ ਨੂੰ ਸਭਿਆ ਸਮਾਜ ਕਿਹਾ ਜਾਣਾ ਵਾਜਬ ਹੈ? ਫਿਰ ਪੱਛਮ ਦੀ ਰੀਸੋ ਰੀਸ ਮਾਤਾ-ਪਿਤਾ ਦਿਵਸ ਮਨਾਉਣ ਦੇ ਕੀ ਅਰਥ ਹਨ?

ਇੱਕ ਪਾਸੇ ਅਸੀਂ ਪਸ਼ੂਆਂ ਨੂੰ ਮਾਤਾ-ਪਿਤਾ ਦੱਸ ਕੇ ਉਨ੍ਹਾਂ ਦੀ ਸੇਵਾ ਸੰਭਾਲ ਦੀ ਆੜ ਵਿਚ ਆਦਮੀ ਦਾ ਕਤਲ ਕਰਨ ਤਕ ਜਾਂਦੇ ਹਾਂ। ਧਾਰਮਿਕ ਸਥਾਨਾਂ 'ਤੇ ਅਖੌਤੀ ਧਾਰਮਿਕ ਰਹਿਨੁਮਾ ਨੂੰ ਮਾਤਾ-ਪਿਤਾ ਦਾ ਦਰਜਾ ਦੇ ਕੇ ਲੰਮੀਆਂ ਯਾਤਰਾਵਾਂ ਤੇ ਮਹੀਨਾਵਾਰੀ ਸੇਵਾ ਲੁਆ ਕੇ ਇਨ੍ਹਾਂ ਡੇਰਿਆਂ ਵਿਚ ਦਿਨ ਰਾਤ ਕੰਮ ਕਰਦੇ ਹਾਂ। ਪਰ ਆਪਣੇ ਜੰਮਣ ਵਾਲਿਆਂ ਨੂੰ ਬਿਰਧ ਆਸ਼ਰਮਾਂ, ਡੇਰਿਆਂ ਤੇ ਹੋਰ ਸਥਾਨਾਂ ਵਲ ਸੁੱਟ ਕੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਕੀ ਸੰਦੇਸ਼ ਦੇ ਰਹੇ ਹਾਂ? ਨਾਲੇ ਇਨ੍ਹਾਂ ਡੇਰਿਆਂ 'ਤੇ ਕੀਤੀ ਸੇਵਾ ਦੇ ਵੀ ਕੀ ਅਰਥ ਹਨ?

ਖੁੰਬਾਂ ਵਾਂਗ ਉਗੇ ਡੇਰੇ, ਮੰਦਿਰਾਂ, ਗੁਰਦੁਆਰਿਆਂ, ਮਸਜਿਦਾਂ ਵਿਚ ਘਿਰਿਆ ਪੰਜਾਬ ਅੱਜ ਆਪਣੇ ਬੀਤੇ, ਵਰਤਮਾਨ ਤੇ ਭਵਿੱਖ ਬਾਰੇ ਫੈਸਲਾ ਕਰਨ ਤੋਂ ਅਸਮਰਥ ਹੈ। ਅਖੌਤੀ ਧਾਰਮਿਕਤਾ ਦੀ ਕਾਂਵਾਂ ਰੌਲੀ ਉਸ ਦੀ ਕੋਈ ਵਾਹ ਨਹੀਂ ਚੱਲਣ ਦਿੰਦੀ। ਵੱਡੇ ਵੱਡੇ ਉਸਰ ਰਹੇ ਸਤਿਸੰਗ ਘਰਾਂ, ਦੀਵਾਨਾਂ, ਪ੍ਰਵਚਨਾਂ ਨੇ ਪੰਜਾਬੀਆਂ ਦੀ ਪਰਿਵਾਰਕ ਪਰੰਪਰਾ ਨੂੰ ਭਾਰੀ ਢਾਹ ਲਾਈ ਹੈ। ਜਾਤਾਂ-ਪਾਤਾਂ ਦਾ ਤਾਂ ਪਾੜਾ ਮਿਟਿਆ ਹੀ ਨਹੀਂ। ਸਮੇਂ ਸਮੇਂ ਸਿਰ ਮਰਿਆਦਾ ਪੁਰਸ਼ੋਤਮ ਭਗਵਾਨ ਰਾਮ ਚੰਦਰ ਬਾਰੇ ਰਾਮਾਇਣ, ਗੀਤਾ, ਵੇਦਾਂ ਪੁਰਾਣਾਂ, ਚੰਡੀ ਪਾਠ, ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਪਾਠ, ਨਮਾਜ਼, ਵਜ਼ੂ, ਰੋਜ਼ੇ ਅਤੇ ਕੁਰਾਨ ਦੀਆਂ ਆਇਤਾਂ ਰਾਹੀਂ ਜੀਵਨ ਮਰਿਆਦਾ ਅਨੁਸਾਰ ਕਰਨ ਲਈ ਕਿਹਾ ਜਾਂਦਾ ਹੈ ਪਰ ਹੁੰਦਾ ਇਸ ਦੇ ਉਲਟ ਹੈ।

ਸਭ ਤੋਂ ਆਧੁਨਿਕ ਸਿੱਖ ਧਰਮ ਵਿਚ ਗੁਰੂ ਪਿਤਾ ਦੇ ਆਦੇਸ਼ 'ਤੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਦੀ ਗੜ੍ਹੀ ਵਿਚ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਮਰਿਆਦਾ ਪੁਰਸ਼ੋਤਮ ਰਾਮ ਚੰਦਰ ਮਤਰੇਈ ਮਾਂ ਕੈਕਈ ਦੇ ਹੱਠ 'ਤੇ 14 ਸਾਲ ਬਨਵਾਸ 'ਤੇ ਚਲੇ ਜਾਂਦੇ ਹਨ।

> ***ਇੱਕ ਪਾਸੇ ਅਸੀਂ ਪਸ਼ੂਆਂ ਨੂੰ ਮਾਤਾ-ਪਿਤਾ ਦੱਸ ਕੇ ਉਨ੍ਹਾਂ ਦੀ ਸੇਵਾ ਸੰਭਾਲ ਦੀ ਆੜ ਵਿਚ ਆਦਮੀ ਦਾ ਕਤਲ ਕਰਨ ਤਕ ਜਾਂਦੇ ਹਾਂ। ਧਾਰਮਿਕ ਸਥਾਨਾਂ 'ਤੇ ਅਖੌਤੀ ਧਾਰਮਿਕ ਰਹਿਨੁਮਾ ਨੂੰ ਮਾਤਾ-ਪਿਤਾ ਦਾ ਦਰਜਾ ਦੇ ਕੇ ਲੰਮੀਆਂ ਯਾਤਰਾਵਾਂ ਤੇ ਮਹੀਨਾਵਾਰੀ ਸੇਵਾ ਲੁਆ ਕੇ ਇਨ੍ਹਾਂ ਡੇਰਿਆਂ ਵਿਚ ਦਿਨ ਰਾਤ ਕੰਮ ਕਰਦੇ ਹਾਂ। ਪਰ ਆਪਣੇ ਜੰਮਣ ਵਾਲਿਆਂ ਨੂੰ ਬਿਰਧ ਆਸ਼ਰਮਾਂ, ਡੇਰਿਆਂ ਤੇ ਹੋਰ ਸਥਾਨਾਂ ਵਲ ਸੁੱਟ ਕੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਕੀ ਸੰਦੇਸ਼ ਦੇ ਰਹੇ ਹਾਂ?***

ਮਹਾਂਭਾਰਤ ਦੇ ਨਾਇਕ ਪਾਂਡਵ ਜਯੇਸ਼ਠ ਪਿਤਾ ਵਲੋਂ ਕੀਤੀ ਜਾ ਰਹੀ ਬੇਇਨਸਾਫੀ ਦੇ ਬਾਵਜੂਦ ਉਹਦੇ ਆਦੇਸ਼ ਦਾ ਪਾਲਣ ਕਰਦਿਆਂ 13 ਸਾਲ ਤੱਕ ਜੰਗਲਾਂ ਦੀ ਖਾਕ ਛਾਣਦੇ ਨੇ। ਮਾਤਾ-ਪਿਤਾ ਭਗਤ ਸਰਵਣ ਆਪਣੇ ਮਾਪਿਆਂ ਨੂੰ ਵਹਿੰਗੀ ਵਿਚ ਚੁਕ ਕੇ ਤੀਰਥੀਂ ਇਸ਼ਨਾਨ ਕਰਾਉਂਦਾ ਹੈ। ਅਸੀਂ ਆਪਣੇ ਅਮੀਰ ਵਿਰਸੇ ਦੀਆਂ ਧਾਰਮਿਕ/ਕ੍ਰਿਤਾਂ ਪੜ੍ਹਨ ਤੇ ਉਨ੍ਹਾਂ ਤੋਂ ਸੇਧ ਲੈਣ ਦੀ ਥਾਂ ਇਨ੍ਹਾਂ ਪੱਥਰਾਂ/ਮਾਰਬਲਾਂ ਦੇ ਬਣੇ ਡੇਰਿਆਂ ਅਤੇ ਦੇਹਧਾਰੀ ਅਖੌਤੀ ਸਾਧਾਂ-ਸੰਤਾਂ ਨੂੰ ਹੀ ਆਪਣਾ ਮੁਕਤੀਦਾਤਾ ਸਮਝੀ ਬੈਠੇ ਹਾਂ। ਇੰਨੀ ਪੱਥਰ ਪੂਜਾ ਹੋਰ ਕਿਸੇ ਦੇਸ ਵਿਚ ਨਹੀਂ। ਪੜ੍ਹਨ ਗੁੜ੍ਹਨ ਨਾਲੋਂ ਮੱਥਾ ਟੇਕਣ ਨੂੰ ਹੀ ਪੂਰਨ ਗਿਆਨ ਹਾਸਲ ਕਰਨ ਦਾ ਜਰੀਆ ਸਮਝੀ ਜਾ ਰਹੇ ਹਾਂ।

ਪਰਿਵਾਰ ਟੁੱਟ ਰਹੇ ਹਨ। ਸਿਆਸੀ ਪਾਰਟੀਆਂ ਵਾਂਗ ਜੇ ਇੱਕ ਗੰਗਾ ਜਾਂਦਾ ਹੈ ਤਾਂ ਦੂਜਾ ਭਰਾ ਉਸ ਦੇ ਉਲਟ ਜਮਨਾ ਜਾਵੇਗਾ ਤੇ ਹਰ ਕੋਈ ਆਪਣੇ ਡੇਰੇ ਨੂੰ ਵੱਡਾ ਤੇ ਮੋਕਸ਼ ਦਾ ਅਸਲੀ ਦੁਆਰ ਦੱਸਦਾ ਹੈ। ਇਹ ਅਮਲ ਇੰਨਾ ਸਿਖਰ 'ਤੇ ਹੈ ਕਿ ਜਨਤਾ ਇਸ 'ਆਪੂੰ ਬਣੇ ਇਸ਼ਟ' ਦੇ ਖਿਲਾਫ ਕੁਝ ਵੀ ਸੁਣਨ ਨੂੰ ਤਿਆਰ ਨਹੀਂ। ਘਰਾਂ ਪਰਿਵਾਰਾਂ ਵਿਚ ਇਨ੍ਹਾਂ ਦੀ ਦਖਲਅੰਦਾਜ਼ੀ ਇੰਨੀ ਹੈ ਕਿ ਬੁੜ੍ਹੀਆਂ ਛਿੱਕ ਵੀ ਇਨ੍ਹਾਂ 'ਬਾਬਿਆਂ' ਨੂੰ ਪੁੱਛ ਕੇ ਮਾਰਦੀਆਂ ਨੇ। ਪਰ ਘਰੇ ਬੇਬਸੀ ਤੇ ਬੇਹੁਰਮਤੀ ਨਾਲ ਝੂਰਦੇ ਸੱਸ-ਸਹੁਰੇ/ਮਾਪਿਆਂ ਦੀ ਦੋ ਵਕਤ ਦੀ ਰੋਟੀ ਵੀ ਇਨ੍ਹਾਂ 'ਤੇ ਭਾਰ ਬਣ ਜਾਂਦੀ ਹੈ।

ਸ਼ੋਸਲ ਮੀਡੀਆ 'ਤੇ ਕਿਸੇ ਵਲੋਂ ਸਟੇਟਸ ਪਾਇਆ ਗਿਆ ਕਿ ਇੱਕ ਲੜਕੀ ਕਹਿੰਦੀ ਹੈ, "ਜੇ ਲੜਕਿਆਂ ਦੀ ਥਾਂ ਇਕੱਲੀਆਂ ਕੁੜੀਆਂ ਹੀ ਹੁੰਦੀਆਂ ਤਾਂ ਕਦੇ ਵੀ ਬਿਰਧ ਆਸ਼ਰਮਾਂ ਦੀ ਲੋੜ ਨਾ ਹੁੰਦੀ।" ਵਿਰੋਧੀ ਧਿਰ ਦਾ ਜੁਆਬ ਸੀ, "ਕਿਸੇ ਦੀਆਂ ਧੀਆਂ ਜੋ ਨੂੰਹਾਂ ਵੀ ਹਨ, ਜੇ ਆਪਣੇ ਮਾਪਿਆਂ ਦੇ ਨਾਲ ਸਹੁਰਿਆਂ ਪ੍ਰਤੀ ਵੀ ਸੇਵਾ/ਸਤਿਕਾਰ ਭਾਵ ਰੱਖਦੀਆਂ ਤੇ ਘੱਟੋ ਘੱਟ ਉਨ੍ਹਾਂ ਦੇ ਬੇਟੇ ਨੂੰ ਹੀ ਆਪਣੇ ਮਾਪਿਆਂ ਦੀ ਸੇਵਾ ਸੰਭਾਲ ਕਰਨ ਦਿੰਦੀਆਂ ਤਾਂ ਅੱਜ ਵਾਲੀ ਇਹ ਸਥਿਤੀ ਨਹੀਂ ਸੀ ਹੋਣੀ।" ਕੁਝ ਹੱਦ ਤਕ ਇਹ ਸੱਚ ਵੀ ਹੈ। ਮਾਪਿਆਂ ਨੂੰ ਬਣਦਾ ਮਾਣ ਸਤਿਕਾਰ ਦੇਣ ਵਿਚ ਪੰਜਾਬ ਨਾਲੋਂ ਹਰਿਆਣਾ/ਹਿਮਾਚਲ ਫਿਰ ਵੀ ਕਾਫੀ ਅੱਗੇ ਹਨ। ਉਥੇ ਸੱਸਾਂ ਦੀ ਹਾਲੇ ਵੀ ਛਟੀ ਚਲਦੀ ਹੈ।

ਜਿਨ੍ਹਾਂ ਕੋਲ ਜਮੀਨ ਹੈ ਜਾਂ ਕੋਈ ਆਮਦਨ ਦਾ ਸਾਧਨ ਹੈ, ਉਹ ਤਾਂ ਰੋਟੀ ਖਾ ਰਹੇ ਹਨ ਤੇ ਦਵਾਈ ਬੂਟੀ ਲਈ ਵੀ ਉਹ ਪੁੱਤਾਂ-ਨੂੰਹਾਂ 'ਤੇ ਨਿਰਭਰ ਨਹੀਂ। ਬਾਕੀਆਂ ਦੀ ਹਾਲਤ ਤਰਸਯੋਗ ਹੈ। ਅਸੀਂ ਇੰਨੇ ਪਦਾਰਥਵਾਦੀ ਹੋ ਗਏ ਹਾਂ ਕਿ ਜਿਉਂ ਹੀ ਜਮੀਨ-ਜਾਇਦਾਦ ਬੱਚਿਆਂ ਦੇ ਨਾਂ ਹੋਈ, ਬੇਬੇ ਬਾਪੂ ਦੀ ਸੇਵਾ ਸੰਭਾਲ ਦਾ ਜਿੰਮਾ ਖਤਮ। ਭਾਵੇਂ ਸਰਕਾਰ ਨੇ ਵੀ ਬੁਢਾਪਾ ਪੈਨਸ਼ਨ ਦੇ ਕੇ ਕੁਝ ਰਾਹਤ ਦਿੱਤੀ ਹੈ ਪਰ ਇਹ ਨਿਗੁਣੀ ਪੈਨਸ਼ਨ ਲੋੜਵੰਦ ਹੱਥਾਂ ਤਕ ਪਹੁੰਚਾਉਣ ਦੀ ਪ੍ਰਕ੍ਰਿਆ ਇੰਨੀ ਗੁਝੰਲਦਾਰ ਹੈ ਕਿ ਅਸਲੀ ਹੱਕਦਾਰਾਂ ਨੂੰ ਤਾਂ ਇਹ ਮਿਲਦੀ ਹੀ ਨਹੀਂ। ਅਸਰ ਰਸੂਖ ਵਾਲੇ ਆਪਣੇ ਚਹੇਤਿਆਂ ਨੂੰ ਹੀ ਮੁਹੱਈਆ ਕਰਵਾ ਕੇ ਸਰਕਾਰ ਦੀ ਤੂਤੀ ਵਜਾਈ ਜਾਂਦੇ ਹਨ, ਜਦਕਿ ਅਮਰੀਕਾ, ਇੰਗਲੈਂਡ, ਕੈਨੇਡਾ, ਜਰਮਨੀ ਸਮੇਤ ਪੱਛਮੀ ਦੇਸ਼ਾਂ ਵਿਚ ਬੇਰੁਜਗਾਰੀ ਭੱਤਾ, ਉਮਰ ਹੋਣ 'ਤੇ ਬਿਨਾ ਕਿਸੇ ਵਿਤਕਰੇ ਦੇ ਹਰ ਇੱਕ ਨਾਗਰਿਕ ਨੂੰ ਪੈਨਸ਼ਨ, ਖਾਧ ਖੁਰਾਕ, ਸਿਹਤ ਸਹੂਲਤ ਸਰਕਾਰਾਂ ਵਲੋਂ ਦਿੱਤੀਆਂ ਜਾਂਦੀਆਂ ਹਨ। ਪੂਰਨ ਸਹੂਲਤਾਂ ਸੰਪਨ ਓਲਡ ਹੋਮ ਬਣੇ ਹੋਏ ਹਨ ਜਿਥੇ ਨਾ ਸਾਂਭੇ ਜਾਣ ਵਾਲੇ ਬਜ਼ੁਰਗਾਂ ਨੂੰ ਬੁਢਾਪੇ ਤੇ ਬਿਮਾਰੀ ਦੀ ਹਾਲਤ ਵਿਚ ਘਰ ਵਰਗੀਆਂ ਸੁਵਿਧਾਵਾਂ ਦੇ ਕੇ ਸੰਭਾਲਿਆ ਜਾਂਦਾ ਹੈ। ਬੱਚਿਆਂ ਦੀ ਮਰਜੀ ਹੈ ਕਿ ਉਹ ਆਪੋ ਆਪਣੇ ਕੰਮ ਕਾਰ ਮੁਤਾਬਕ ਹਰ ਰੋਜ ਜਾਂ ਵੀਕ ਐਂਡ 'ਤੇ ਜਾ ਕੇ ਦੇਖ ਸਕਦੇ ਹਨ। ਇਸ ਨਾਲ ਨੌਜੁਆਨ ਬੱਚੇ ਕੰਮ ਕਰ ਸਕਦੇ ਹਨ ਤੇ ਬਜ਼ੁਰਗ ਵੀ ਅਣਗੌਲਿਆਂ ਨਹੀਂ ਰਹਿੰਦੇ, ਪਖੰਡ ਤਾਂ ਨਹੀਂ। ਨਾ ਆਪ ਸਾਂਭਣਾ ਨਾ ਸਰਕਾਰੀ ਅਦਾਰੇ ਨੂੰ ਸਾਂਭਣ ਦੇਣਾ। ਸਾਡੇ ਤਾਂ ਇਹ ਬਿਰਧ ਆਸ਼ਰਮ ਵੀ ਨਾਮ ਨਿਹਾਦ ਨੇ, ਤੇ ਪੈਸੇ ਵਾਲੇ ਦੀ ਤੂਤੀ ਬੋਲਦੀ ਹੈ। ਕਿਉਂਕਿ ਇਹ ਦਾਨ ਨਾਲ ਹੀ ਚਲਦੇ ਹਨ, ਸਰਕਾਰਾਂ ਦਾ ਇਧਰ ਬਹੁਤਾ ਧਿਆਨ ਨਹੀਂ।

ਗੰਗਾ-ਜਮਨੀ ਤਹਿਜੀਬ ਦਾ ਮਰਿਆਦਤ ਦੇਸ਼ ਆਪਣੀਆਂ ਹੀ ਪਰੰਪਰਾਵਾਂ ਤੋਂ ਬੇਮੁਖ ਹੈ। ਮਾਂ ਨੂੰ ਰੱਬ ਪਿਛੋਂ ਦੂਜੀ ਥਾਂ ਦੇਣ ਵਾਲਾ ਦੇਸ਼ ਅੱਜ ਕਿਧਰ ਨੂੰ ਜਾ ਰਿਹਾ ਹੈ? ਪਸ਼ੂਆਂ ਤੋਂ ਵੀ ਵੱਧ ਦੁਰਦਸ਼ਾ ਹੈ, ਮਾਂਵਾਂ ਦੀ। ਲੋੜਾਂ ਥੁੜ੍ਹਾਂ ਦੇ ਮਾਰੇ ਮਾਪੇ ਪੰਜ ਪੰਜ ਬੱਚਿਆਂ ਨੂੰ ਬੜੇ ਚਾਅ ਨਾਲ ਪਾਲਦੇ ਹਨ ਪਰ ਪੰਜ ਬੱਚੇ ਰਲ ਕੇ ਇੱਕ ਮਾਂ ਨੂੰ ਨਹੀਂ ਸਾਂਭ ਸਕਦੇ। ਇਥੋਂ ਤਕ ਕਿ ਕਈ ਵਾਰੀ ਤਾਂ ਮਾਪਿਆਂ ਨੂੰ ਸਾਂਭਣ ਦੇ ਨਾਂ 'ਤੇ ਕਈ ਆਰਜੀ ਪ੍ਰਬੰਧ ਕੀਤੇ ਜਾਂਦੇ ਹਨ। ਉਹ ਮਾਂ ਬਾਪ ਨੂੰ ਵੀ ਵੰਡ ਲੈਂਦੇ ਹਨ ਤੇ ਕਈ ਵਾਰੀ ਮਹੀਨਾ ਏਧਰ, ਮਹੀਨਾ ਉਧਰ ਉਨ੍ਹਾਂ ਦੀ ਰੋਟੀ ਦਾ ਪ੍ਰਬੰਧ ਕਰਕੇ 'ਸੇਵਾ ਕਰਨ' ਦਾ ਭਰਮ ਪਾਲਦੇ ਹਨ। ਬੁਢਾਪੇ ਵਿਚ ਬਜ਼ੁਰਗ ਇੱਕ ਦੂਜੇ ਨਾਲ ਦੁਖ ਸੁਖ ਕਰਨ ਤੋਂ ਵੀ ਵਾਂਝੇ ਰਹਿ ਜਾਂਦੇ ਹਨ।

ਨਿੱਤ ਅਜਿਹੇ ਕਿੱਸੇ ਘਟਨਾਵਾਂ ਸਾਨੂੰ ਪੜ੍ਹਨ-ਲਿਖਣ ਨੂੰ ਮਿਲ ਰਹੇ ਹਨ ਪਰ ਪੰਜਾਬੀ ਸਮਾਜ ਹੋਰ ਵੀ ਨਿਘਾਰ ਵੱਲ ਜਾਈ ਜਾਂਦਾ ਹੈ ਤੇ ਆਪਣੇ ਸੀਨੀਅਰ (ਮਾਪਿਆਂ ਦੀ ਸੇਵਾ ਸੰਭਾਲ) ਨੂੰ ਲੈ ਕੇ ਲਗਾਤਾਰ ਕਟਹਿਰੇ ਵਿਚ ਹੈ। ਅਜਿਹੇ ਹਾਲਾਤ ਵਿਚ ਲਾਡਾਂ ਚਾਵਾਂ ਨਾਲ ਪਾਲੇ ਇਨ੍ਹਾਂ ਢਿੱਡ ਦੀਆਂ ਆਂਦਰਾਂ ਨੂੰ ਬੇਵੱਸ ਮਾਂਵਾਂ ਦੁਰਅਸੀਸ ਤਾਂ ਨਹੀਂ ਦੇ ਸਕਦੀਆਂ ਪਰ ਅੰਤਰ ਆਤਮਾ ਵਿਚੋਂ ਅਸੀਸ ਵੀ ਨਹੀਂ ਨਿਕਲਦੀ। ਗਲੋਬਲਾਈਜੇਸ਼ਨ ਕਰਕੇ ਦੁਨੀਆਂ ਸੁੰਗੜ ਰਹੀ ਹੈ ਤੇ ਜਾਣਕਾਰੀ ਦੇ ਸਾਧਨ ਵਧ ਰਹੇ ਹਨ। ਲੋੜ ਹੈ, ਉਥੋਂ ਉਸਾਰੂ ਸੇਧ ਲੈਣ ਦੀ। ਦੁਨੀਆਂ ਵਿਚ ਯਹੂਦੀ ਜੋ ਹਿਟਲਰ ਵਲੋਂ ਭੱਠੀਆਂ ਵਿਚ ਸਾੜੇ ਗਏ, ਆਪਣਾ ਦੇਸ਼ ਵੀ ਨਹੀਂ ਸੀ, ਸਾਰੀ ਉਮਰ ਹੋ ਗਈ ਲੜਦਿਆਂ ਨੂੰ ਪਰ 'ਵਿਚਾਰਾਂ ਦੀ ਅਮੀਰੀ' ਨਾਲ ਅੱਜ ਵੀ ਉਸ ਨੂੰ 'ਮੋਹਰੀ ਕੌਮ' ਦਾ ਦਰਜਾ ਹਾਸਲ ਹੈ।

ਹੋਰ ਨਿਘਾਰਾਂ ਦੇ ਨਾਲ ਨਾਲ ਅਸੀਂ ਨੈਤਿਕ, ਸਮਾਜਕ, ਸਭਿਆਚਾਰਕ ਕਦਰਾਂ ਕੀਮਤਾਂ ਤੋਂ ਪਾਸਾ ਵੱਟੀ ਖੜੋਤੇ ਹਾਂ। ਬਜ਼ੁਰਗ ਘਰ ਸਮਾਜ ਦਾ ਸਰਮਾਇਆ ਹਨ ਪਰ ਇਸ ਆਪੋ ਧਾਪੀ ਦੇ ਯੁੱਗ ਵਿਚ ਕਿਸ ਨੂੰ ਪਰਵਾਹ ਹੈ? ਸਗੋਂ ਦਕੀਆਨੂਸੀ ਵਿਚਾਰਧਾਰਾ ਦੱਸ ਕੇ ਆਪਣੇ ਆਪ ਨੂੰ ਲਾਂਭੇ ਕਰ ਲਿਆ ਜਾਂਦਾ ਹੈ। ਲੋੜ ਹੈ, ਪੰਜਾਬੀ ਸਮਾਜ ਨੂੰ ਆਪਣੇ ਆਪੇ ਵੱਲ ਮੋੜਨ ਦੀ, ਨਾ ਕਿ ਅੰਨੀ ਹੋੜ ਵਿਚ ਪਿਛਲੱਗ ਬਣ ਕੇ ਆਪਣੇ ਅਮੀਰ ਵਿਰਸੇ ਤੋਂ ਮੁਖ ਮੋੜਨ ਦੀ।

\#

## 'ਸਹਾਰਾ' ਵਿਚ ਬੇਸਹਾਰਾ

***(ਪਿਛਲੇ ਸਫੇ ਦੀ ਬਾਕੀ)***

ਆਪਣੇ ਖਾਬਾਂ ਨੂੰ। ਹੈਰਤ ਤੇ ਅਫਸੋਸ ਸੀ ਕਿ ਕਿੰਜ ਛੋਟੇ ਛੋਟੇ ਸੁਫਨੇ ਭਰੀ ਵਿਸ਼ਾਲ ਜ਼ਿੰਦਗੀ ਨੂੰ ਬੇਰਹਿਮੀ ਨਾਲ ਨਿਗਲ ਜਾਂਦੇ ਨੇ!

ਫਿਰ ਲੱਗਿਆ, ਜਿਵੇਂ ਅੰਦਰੋਂ ਮੇਰਾ ਹੀ ਕੁਝ ਮਰ ਕੇ, ਮੇਰੇ ਸਾਹਮਣੇ ਪਿਆ ਸੀ ਤੇ ਮੈਂ ਆਪਣੇ-ਆਪ ਦਾ ਹੀ ਮਾਤਮ ਕਰ ਰਿਹਾ ਸਾਂ। ਦਿਲ ਕੀਤਾ ਉਠ ਕੇ ਕੱਪੜਾ ਚੁੱਕ ਕੇ ਦੇਖਾਂ, ਸ਼ਾਇਦ ਕਿਤੇ ਸਾਹ ਚਲਦੇ ਹੀ ਹੋਣ...! ਉਹਦੀ ਕੋਈ ਦ੍ਰਿੜ੍ਹ ਇੱਛਾ ਉਹਨੂੰ ਮੌਤ ਦੇ ਮੂੰਹ 'ਚੋਂ ਖਿੱਚ ਲਿਆਈ ਹੋਵੇ... ਸ਼ਾਇਦ! ਮੇਰਾ ਰੋਣ ਨਿਕਲ ਗਿਆ।

ਉਜਾੜਾਂ ਦੇ ਹਨੇਰੇ 'ਚ ਤੈਰਦਾ ਬੇਸ਼ਕਲ ਜਿਹਾ ਡਰ ਮਹਿਸੂਸ ਕਰ ਕੇ ਕੰਬਣੀ ਛਿੜ ਜਾਂਦੀ, ਜਿਵੇਂ ਇਥੇ ਮੌਤ ਦਾ ਸਾਮਰਾਜ ਫੈਲਿਆ ਸੀ ਤੇ ਜ਼ਿੰਦਗੀ ਹਰ ਪਲ, ਹਰ ਵੇਲੇ ਘੋਰ ਜਦੋ-ਜਹਿਦ ਕਰਦੀ ਲੜ ਰਹੀ ਸੀ, ਇਸ ਦੇ ਚੁੰਗਲ 'ਚੋਂ ਨਿਕਲਣ ਵਾਸਤੇ। ਅਸੀਂ ਦੌੜ ਹੀ ਤਾਂ ਰਹੇ ਸਾਂ, ਮੌਤ ਦੇ ਇਸ ਜਾਨਲੇਵਾ ਪੰਜੇ ਤੋਂ ਬਚਣ ਲਈ। ਖੌਰੇ ਕਦੋਂ ਖੁਦ ਨੂੰ ਮਹਿਫੂਜ਼ ਮਹਿਸੂਸ ਕਰਾਂਗੇ! ਪਹਿਲਾਂ ਅਸੀਂ ਭੁੱਖ-ਪਿਆਸ, ਬਿਮਾਰੀ, ਬੇਅਰਾਮੀ, ਗਰਮੀ ਜਿਹੀਆਂ ਦੁਸ਼ਵਾਰੀਆਂ ਨੂੰ ਹੀ ਵੱਡੀਆਂ ਸਮਝ ਰਹੇ ਸਾਂ, ਹੁਣ ਤਾਂ ਮੌਤ ਦਾ ਖ਼ੌਫ ਸਭ 'ਤੇ ਹਾਵੀ ਹੁੰਦਾ ਜਾਪਦਾ ਸੀ। ਮੈਂ ਖੁਦ ਬੁਰੀ ਤਰ੍ਹਾਂ ਵਿਚਲਿਤ ਸਾਂ ਕਿ ਮੇਰਾ ਮਾਤਮ ਇਸ ਮਾਸੂਮ ਦੀ ਅਨਿਆਈਂ ਮੌਤ ਕਾਰਨ ਸੀ, ਜਾਂ ਨੇੜ ਭਵਿੱਖ ਵਿਚ ਆਪਣੀ ਹੀ ਅਜਿਹੀ ਦੁਰਗਤ ਦੀ ਦਹਿਸ਼ਤ ਕਾਰਨ, ਜਾਂ ਫਿਰ ਆਪਣੇ ਅੰਦਰ ਦਾ ਵੈਰਾਗਮਈ ਦਰਦ ਇਸ ਬਹਾਨੇ ਕੱਢ ਰਿਹਾ ਸਾਂ।

ਧੀਮੀ ਮੌਤ ਦਾ ਉਗਲਿਆ ਜ਼ਹਿਰ ਫੈਲਦਾ-ਫੈਲਦਾ ਸਾਡੇ ਜ਼ਿਹਨਾਂ 'ਚ ਪ੍ਰਵੇਸ਼ ਕਰਦਾ ਗਿਆ ਜਿਸ ਨੇ ਆਹਿਸਤਾ-ਆਹਿਸਤਾ ਪੂਰੇ ਜਿਸਮ ਨੂੰ ਅੰਦਰੋ-ਅੰਦਰੀ ਮਾਰਨਾ ਸ਼ੁਰੂ ਕਰ ਦੇਣਾ ਸੀ। ਕਈ ਨਾਮੁਰਾਦ ਚੀਜ਼ਾਂ ਨੇ ਰਲ-ਮਿਲ ਕੇ ਸਾਨੂੰ ਹੌਲੀ-ਹੌਲੀ, ਥੋੜ੍ਹਾ-ਥੋੜ੍ਹਾ ਕੁਤਰਨਾ ਸ਼ੁਰੂ ਕਰ ਦਿੱਤਾ ਸੀ। ਸਾਨੂੰ ਮਾਰਨ ਲਈ ਕਿਸੇ ਹਥਿਆਰ ਦੀ ਜ਼ਰੂਰਤ ਨਹੀ ਸੀ; ਇਥੇ ਬੇਥਾਹ ਰੇਤ ਸੀ, ਤੇ ਇਹ ਰੇਤ ਹੀ ਕਾਫੀ ਸੀ ਸਾਨੂੰ ਮਾਰਨ ਲਈ: ਧੀਮੀ ਤੇ ਲਮਹਾ-ਲਮਹਾ ਨਿਰੰਤਰ ਮੌਤ। ਸ਼ਾਇਦ 'ਸਹਾਰਾ' ਮਜ਼ਾ ਲੈ ਰਿਹਾ ਸੀ! ਜ਼ਿੰਦਗੀ ਤੇ ਮੌਤ ਦਾ ਦਵੰਦ ਯੁੱਧ ਚੱਲ ਰਿਹਾ ਸੀ। ਖੁਦ ਨੂੰ ਬਹੁਤ ਨਿਰਾਸ਼, ਬੇਵਸ ਤੇ ਇਕੱਲਾ ਮਹਿਸੂਸ ਕਰ ਰਿਹਾ ਸਾਂ।

ਪਹੁ ਫੁਟਣੀ ਸ਼ੁਰੂ ਹੋ ਗਈ। ਡੌਂਕਰਾਂ ਤੋਂ ਲਏ ਤਿਖੇ ਔਜ਼ਾਰਾਂ ਨਾਲ ਸਖ਼ਤ ਪਥਰੀਲੀ ਜ਼ਮੀਨ 'ਚ ਅਸੀਂ ਮਸਾਂ ਡੇਢ ਕੁ ਫੁੱਟ ਡੂੰਘਾ ਤੇ ਛੇ ਕੁ ਫੁੱਟ ਲੰਮਾ ਟੋਇਆ ਪੁੱਟ ਸਕੇ। ਦੇਹ ਨੇੜੇ ਲਿਆਂਦੀ। ਸਾਰੇ ਮਸੋਸੇ ਜਿਹੇ, ਗੁੰਮ-ਸੁੰਮ ਖੜ੍ਹੇ ਸਨ। ਮੈਂ ਪਾਣੀ ਨਾਲ ਸੋਨੂੰ ਦਾ ਮੂੰਹ ਤੇ ਹੱਥ-ਪੈਰ ਧੋਤੇ; ਬਦੋਬਦੀ ਨੇਤਰਾਂ 'ਚੋਂ ਪਰਲ-ਪਰਲ ਅੱਥਰੂ ਵਹਿ ਤੁਰੇ। ਹੋਰ ਮੁੰਡੇ ਵੀ ਰੋਣ ਲੱਗ ਪਏ ਸਨ।

ਬਿੱਕਰ ਨੇ ਅਰਦਾਸ ਕੀਤੀ ਤੇ ਸੋਨੂੰ ਨੂੰ ਕਬਰ 'ਚ ਲਿਟਾ ਦਿੱਤਾ ਗਿਆ, ਉਸ ਦਾ ਬੈਗ ਤੇ ਕੱਪੜੇ ਵੀ ਨਾਲ ਹੀ ਰੱਖ ਦਿੱਤੇ। ਹੌਲੀ-ਹੌਲੀ ਦੇਹ ਨੂੰ ਪੁੱਟੀ ਹੋਈ ਪਥਰੀਲੀ ਮਿੱਟੀ ਨਾਲ ਢੱਕਦੇ ਗਏ। ਮੂੰਹ 'ਤੇ ਮਿੱਟੀ ਦੇ ਬੁੱਕ ਪਾਏ ਤਾਂ ਭੁੱਬਾਂ ਨਿਕਲ ਗਈਆਂ। ਵਿਚਾਰੇ ਦੇ ਸਰੀਰ ਨੂੰ ਅੱਗ ਵੀ ਨਹੀਂ ਨਸੀਬ ਹੋਈ, ਕਿਸੇ 'ਆਪਣੇ' ਦੀ ਛੋਹ ਵੀ ਨਹੀਂ ਹਾਸਲ ਹੋਈ। ਜਿਸਮ ਨਾਲ ਉਸ ਦੇ ਸੁਫਨੇ ਤੇ ਆਸਾਂ ਵੀ ਦਫਨ ਹੋ ਗਈਆਂ। ਇਸ ਦੁਨੀਆ ਵਿਚ ਉਸ ਲਈ ਸਭ ਕੁਝ ਮੁੱਕ ਗਿਆ ਸੀ।

ਆਖ਼ਿਰੀ ਸੇਜਲ ਤੇ ਬੋਝਲ ਵਿਦਾਇਗੀ ਦੇ ਕੇ ਹੌਲੀ-ਹੌਲੀ ਸਾਰੇ ਜਣੇ ਜੀਪਾਂ ਨੇੜੇ ਆ ਬੈਠੇ। 'ਨੀਲਾ' ਉਸ ਮੁੰਡੇ ਦਾ ਨਾਂ ਸੀ ਜਿਸ ਦੇ ਹਲਕ 'ਚੋਂ ਵੀ ਚੌਲ ਨਹੀਂ ਸੀ ਲੰਘਦੇ, ਸਿਰਫ ਪਾਣੀ ਸਹਾਰੇ ਸੀ, ਜਾਂ ਇਕ-ਅੱਧਾ ਬਿਸਕੁਟ ਨਿਗਲ ਲੈਂਦਾ। ਉਹ ਬੁਰੀ ਤਰ੍ਹਾਂ ਨਿਢਾਲ, ਪਾਣੀ ਦਾ ਗਿਲਾਸ ਫੜੀ, ਸੁੰਨੀਆਂ ਨਿਗਾਹਾਂ ਨਾਲ ਕਬਰ ਵੱਲ ਦੇਖ ਰਿਹਾ ਸੀ। ਮੈਂ ਨੇੜੇ ਆਇਆ ਤਾਂ ਬੜੇ ਗਰੀਬੜੇ-ਤਰਸਮਈ ਲਹਿਜ਼ੇ ਨਾਲ ਬੋਲਿਆ, "ਵੀਰ! ਮੈਂ ਇਹ ਪਾਣੀ ਪੀ ਲਵਾਂ...।" ਮੇਰਾ ਦਿਲ ਜ਼ੋਰ ਨਾਲ ਧੜਕਿਆ। ਉਸ ਦੀਆਂ ਅੰਦਰ ਧਸੀਆਂ ਅੱਖਾਂ ਵਿਚ ਅਜੀਬ ਜਿਹੇ ਭਾਵ ਦੇਖ ਕੇ ਭੈਅ ਆਇਆ ਕਿ ਕਿਤੇ ਇਹਦਾ ਹਾਲ ਵੀ ਸੋਨੂੰ ਜਿਹਾ ਨਾ ਹੋਵੇ! ਪਾਣੀ ਪੀਣ ਦਾ ਕਹਿ ਕੇ, ਕਿਸੇ ਹੋਰ ਜਣੇ ਤੋਂ ਦੁੱਧ ਵਾਲਾ ਪਾਣੀ ਮੰਗ ਕੇ ਉਹਨੂੰ ਲਿਆ ਕੇ ਦਿੱਤਾ, ਦੋ-ਚਾਰ ਬਿਸਕੁਟ ਧੱਕੇ ਨਾਲ ਖੁਆਏ।

ਹੁਣ ਡੌਕਰਾਂ ਨੇ ਵੀ ਸਭ ਲਈ ਦੁੱਧ ਦੇ ਪੈਕਟ ਦੇ ਦਿੱਤੇ ਸਨ। ਪਾਣੀ ਵੀ ਖੁੱਲ੍ਹਾ ਦਿੱਤਾ ਤੇ ਬਿਸਕੁਟ ਬਗੈਰਾ ਵੀ। ਉਨ੍ਹਾਂ ਨੂੰ ਵੀ ਅਹਿਸਾਸ ਸੀ ਕਿ ਜੋ ਹੋਇਆ ਸੀ, ਠੀਕ ਨਹੀਂ ਸੀ ਹੋਇਆ। ਮੌਤ ਦਾ ਖ਼ੌਫ ਸਭ ਦੇ ਦਿਮਾਗਾਂ 'ਚ ਫੈਲ ਗਿਆ ਸੀ। ਜੇ ਇਹੀ ਰਸਦ-ਪਾਣੀ ਪਹਿਲਾਂ ਦੇ ਦਿੱਤੀ ਜਾਂਦੀ ਤਾਂ ਬੇਗੁਨਾਹ, ਮਸਕੀਨ ਜੀਵ ਅਨਿਆਈਂ ਮੌਤ ਦਾ ਸ਼ਿਕਾਰ ਨਾ ਹੁੰਦਾ। ਉਸ ਦੀ ਜਗ੍ਹਾ ਹੋਰ ਵੀ ਕੋਈ ਹੋ ਸਕਦਾ ਸੀ, ਮੈਂ ਵੀ ਹੋ ਸਕਦਾ ਸਾਂ। ਪਰ ਹੁਣ ਗਏ ਵਕਤ ਨੂੰ ਵਾਪਿਸ ਨਹੀਂ ਸੀ ਲਿਆਂਦਾ ਜਾ ਸਕਦਾ! ਕੈਸੀ ਮੌਤ ਉਹਦੇ ਹਿੱਸੇ ਆਈ ਸੀ- ਪਲ-ਪਲ ਭੁੱਖ-ਪਿਆਸ, ਧੁੱਪ, ਗਰਮੀ, ਬੁਖ਼ਾਰ ਨਾਲ ਜੂਝਦਿਆਂ, ਬਿਗਾਨੇ ਹੱਥਾਂ 'ਚ, ਬਿਗਾਨੀ ਮਿੱਟੀ 'ਤੇ ਤੜਫ-ਤੜਫ ਕੇ! ਉਸ ਨੇ ਅੱਠ ਲੱਖ 'ਚ ਜ਼ਿੰਦਗੀ ਨਹੀਂ, ਮੌਤ ਖਰੀਦੀ ਸੀ।...

ਸੂਰਜ ਹੰਭਲਾ ਮਾਰ ਕੇ ਅਸਮਾਨ ਦੀ ਛੱਤ 'ਤੇ ਚੜ੍ਹ ਬੈਠਾ ਸੀ। ਅਸੀਂ ਵੀ ਜੀਪਾਂ ਵਿਚ ਸਵਾਰ ਹੋ ਗਏ ਸਾਂ। ਮੈਂ ਸੋਨੂੰ ਵਾਲੀ ਥਾਂ 'ਤੇ ਹੱਥ ਮਾਰ ਕੇ ਚਾਲੂ ਮਾਮੇ ਵੱਲ ਉਲ੍ਹਾਮੇ ਤੇ ਸ਼ਿਕਾਇਤ ਭਰੀਆਂ ਨਜ਼ਰਾਂ ਨਾਲ ਦੇਖਿਆ। ਮਾਮੇ ਦਾ ਉਦਾਸ ਚਿਹਰਾ ਝੁਕ ਗਿਆ। ਜ਼ਾਹਿਰ ਸੀ, ਉਸ ਨੂੰ ਵੀ ਆਪਣੇ ਕੀਤੇ ਅਤੇ ਬੋਲੇ ਦਾ ਅਫਸੋਸ ਸੀ। ਮਾਤਮ ਨਾਲ ਪਥਰਾਈਆਂ ਸਭ ਸੂਰਤਾਂ ਸਰਾਪੀਆਂ ਗਈਆਂ ਜਾਪਦੀਆਂ ਸਨ। ਸਫਰ ਸ਼ੁਰੂ ਹੋਇਆ, ਫਰਕ ਇੰਨਾ ਸੀ ਕਿ ਹੁਣ ਅਸੀਂ 39 ਦੀ ਬਜਾਇ 38 ਸਾਂ। ਇਕ ਮਾਸੂਮ, ਮਸਕੀਨ ਦਾ ਜਿਸਮ ਉਥੇ ਪਿੱਛੇ ਹੀ, ਰੇਗਿਸਤਾਨ ਦੇ ਵੀਰਾਨੇ ਵਿਚ ਬਿਲਕੁਲ ਇਕੱਲਾ ਛੱਡ ਕੇ ਤੁਰ ਚੱਲੇ ਸਾਂ। ਮੇਰੀਆਂ ਸੇਜਲ, ਉਦਾਸ ਤੇ ਸੁੰਨੀਆਂ ਨਿਗਾਹਾਂ ਉਦੋਂ ਤਕ ਉਸ ਦੀ ਕਬਰ 'ਤੇ ਟਿਕੀਆਂ ਰਹੀਆਂ ਜਦੋਂ ਤਕ ਉਹ ਨਜ਼ਰਾਂ ਤੋਂ ਓਹਲੇ ਨਾ ਹੋ ਗਈ।

***(ਚਲਦਾ)***

ਫਿਲਮ ਪੜਚੋਲ

# ਦ ਬਲੈਕ ਪ੍ਰਿੰਸ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਦਹਾਕਿਆਂ ਤੋਂ ਫਿਲਮ ਨਹੀਂ ਦੇਖੀ। ਟੀ.ਵੀ. ਚੈਨਲਾਂ, ਰੇਡੀਓ ਕਾਰਕੁਨਾਂ ਅਤੇ ਦੋਸਤਾਂ ਦੇ ਫੋਨ ਆਉਣੇ ਸ਼ੁਰੂ ਹੋ ਗਏ, ਬਲੈਕ ਪ੍ਰਿੰਸ ਦੇਖੀ? ਕਿਵੇਂ ਲੱਗੀ? ਆਖ ਦਿੰਦਾ, ਦੇਖੀ ਨਹੀਂ, ਦੇਖ ਕੇ ਦੱਸਾਂਗਾ। ਪਟਿਆਲੇ ਫਿਲਮ ਲੱਗੀ, ਮੈਂ ਆਪਣੇ ਬੇਟੇ ਨੂੰ ਕਿਹਾ, ਜਦੋਂ ਰਸ਼ ਘਟਿਆ, ਟਿਕਟਾਂ ਲੈ ਆਵੀਂ, ਦੇਖਾਂਗੇ। ਉਸ ਨੇ ਕਿਹਾ, ਰਸ਼ ਹੈ ਈ ਨ੍ਹੀਂ, ਜਦੋਂ ਮਰਜ਼ੀ ਚਲੇ ਚਲੋ, ਅੱਧਾ ਹਾਲ ਖਾਲੀ ਪਿਆ ਰਹਿੰਦੈ। ਇਹ ਗੱਲ ਹੈ ਤਾਂ ਫਿਲਮ ਚੰਗੀ ਹੋਏਗੀ, ਚਿੜੀਮਾਰ ਕਿਸਮ ਦੇ ਸੀਟੀਆਂ ਵਜਾਉਣ ਵਾਲੇ ਦਰਸ਼ਕ ਨਹੀਂ ਹੋਣਗੇ। ਬਲਦੇਵ ਸਿੰਘ ਦਾ ਨਾਵਲ 'ਸੂਰਜ ਦੀ ਅੱਖ' ਵੀ ਪੜ੍ਹਨਾ ਹੈ। ਫਿਲਮ ਅਤੇ ਨਾਵਲ-ਇਤਫਾਕਨ ਦੋਵੇਂ ਕਿਰਤਾਂ ਸਿੱਖ ਰਾਜ ਉਪਰ ਹਨ, ਦੋਵੇਂ ਚਰਚਿਤ।

ਫਿਲਮ ਦੇਖੀ। ਆਮ ਫਿਲਮੀ ਸ਼ੋਰ ਸ਼ਰਾਬੇ, ਨਾਚ ਗਾਣੇ, ਰੋਮਾਂਸ, ਮੈਲੋਡਰਾਮਾ ਤੋਂ ਮੁਕਤ, ਸ਼ਾਂਤ ਮਾਹੌਲ ਸਿਰਜਦੀ ਫਿਲਮ। ਰਾਘੋਮਾਜਰੇ ਦੀ ਸਬਜ਼ੀ-ਮੰਡੀ ਵਿਚੋਂ ਨਿਕਲ ਕੇ ਜਿਵੇਂ ਕੋਈ ਮੋਤੀ ਮਹਿਲ ਦੇ ਬਾਗਾਂ ਵਿਚ ਜਾ ਬੈਠੇ, ਭੇਡ-ਰੰਭੇ ਤੋਂ ਅੱਕਿਆ ਬੰਦਾ ਜਿਵੇਂ ਉਸਤਾਦ ਰਾਮ ਨਾਰਾਇਣ ਦੀ ਸਾਰੰਗੀ ਸੁਣਨ ਬੈਠ ਜਾਏ। ਧੀਰਜ, ਗੌਰਵ, ਸ਼ਾਨ, ਦੁੱਖ, ਵਿਛੋੜਾ, ਹਾਰ ਪਿੱਛੋਂ ਜਿੱਤਣ ਦਾ ਮੁੜ ਯਤਨ। ਥੱਕਿਆ ਰਾਹੀ ਸਾਹ ਲੈ ਕੇ ਜਿਵੇਂ ਲੰਮੇ ਪੈਂਡੇ ਉਪਰ ਫਿਰ ਤੁਰ ਪਏ। ਉਲਾਂਭਾ, ਜ਼ਖਮੀ ਮੁਸਾਫਿਰ ਕਿਵੇਂ ਸੁੱਤਾ, ਕਿੱਥੇ ਸੁੱਤਾ, ਅਸਮਾਨ ਨੂੰ ਜੇ ਪਤਾ ਨਹੀਂ ਤਾਂ ਜਾਗ ਕੇ ਤਾਰੇ ਕੀ ਦੇਖਦੇ ਰਹੇ ਰਾਤ ਭਰ?

ਦਿਲ ਛੁਹਣ ਵਾਲੇ ਸੰਵਾਦ ਵੀ ਹਨ, ਦ੍ਰਿਸ਼ ਵੀ, ਸਾਰੇ ਸੰਖੇਪ, ਜਿਵੇਂ ਸਾਹਮਣੇ ਪਈ ਲਾਸ਼ ਅੱਗੇ ਭਾਸ਼ਣਬਾਜ਼ੀ ਨਹੀਂ ਹੋਇਆ ਕਰਦੀ, ਸਬਰ ਸ਼ੁਕਰ ਨਾਲ ਭਾਣਾ ਮੰਨਣਾ ਹੁੰਦਾ ਹੈ, ਸਾਰੀ ਫਿਲਮ ਵਿਚ ਮੌਤ ਸੰਨਾਟਾ ਪਸਰਿਆ ਹੋਇਆ ਹੈ। ਇਸ ਫਿਲਮ ਵਿਚਲੇ ਬਾਗ ਅਤੇ ਮਹਿਲ ਸਿੱਖਾਂ ਨੂੰ ਸੁਹਣੇ ਨਹੀਂ ਲਗਦੇ। ਮੁਗਲਕਾਲ ਦੇ ਮਹਿਲਾਂ ਵਿਚ ਵੀ ਕਬੂਤਰਾਂ, ਚਮਗਿੱਦੜਾਂ, ਉਲੂਆਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਇੰਗਲੈਂਡ ਦੇਸ਼ ਦੇ ਮਹਿਲਾਂ ਵਿਚ ਫਿਰ ਰਹੇ ਲੋਕ, ਲਗਦਾ ਹੈ ਜਿਵੇਂ ਪ੍ਰੇਤ ਫਿਰਦੇ ਹੋਣ। ਸਾਰਿਆਂ ਦੇ ਚਿਹਰਿਆਂ ਉਪਰ ਉਦਾਸੀ ਖੁਣੀ ਹੋਈ, ਮਾਹਾਰਾਣੀ ਵਿਕਟੋਰੀਆ ਦੇ ਚਿਹਰੇ ਉਪਰ ਵੀ, ਸਰ ਲੋਗਿਨ ਦੇ ਚਿਹਰੇ ਉਪਰ ਵੀ।

ਯੇ ਕਿਆ ਜਗਹ ਹੈ ਦੋਸਤੋ
ਯੇ ਕੌਨ ਸਾ ਦਯਾਰ ਹੈ।
ਹਦ-ਇ-ਨਿਗਾਹ ਤਕ
ਜਹਾਂ ਗੁਬਾਰ ਹੀ ਗੁਬਾਰ ਹੈ।

ਫਿਲਮ ਉਪਰ ਇਤਿਹਾਸਕ ਤੱਥਾਂ ਬਾਰੇ ਕਿੰਤੂ ਪ੍ਰੰਤੂ ਹੋ ਰਹੇ ਹਨ, ਹੁੰਦੇ ਰਹਿਣਗੇ, ਸੁਭਾਵਿਕ ਹੈ। ਇਤਿਹਾਸ ਫਿਲਮ ਨਹੀਂ ਹੁੰਦਾ, ਫਿਲਮ ਇਤਿਹਾਸ ਨਹੀਂ ਹੁੰਦੀ, ਕਿਸੇ ਇੱਜਤਦਾਰ ਥਾਂ ਉਪਰ ਦੋਵਾਂ ਨੇ ਰਾਜੀਨਾਵਾਂ ਕਰਨਾ ਹੁੰਦਾ ਹੈ। ਇਤਿਹਾਸਕਾਰੀ ਦਿਖਾਉਣੀ ਸੀ, ਫਿਰ ਫਿਲਮ ਦੀ ਕੀ ਲੋੜ, ਅਜਮੇਰ ਸਿੰਘ ਦਾ ਭਾਸ਼ਣ ਸੁਣ ਲੈਂਦੇ, ਗੰਡਾ ਸਿੰਘ ਦੀ ਕਿਤਾਬ ਪੜ੍ਹ ਲੈਂਦੇ?

ਕਿਤਾਬ ਵਿਚੋਂ ਕੁਝ ਅਹਿਸਾਸ ਬਾਹਰ ਕੱਢ ਕੇ ਤੁਰਨ ਫਿਰਨ ਲਾਉਣੇ ਸਨ। ਦਬੇ ਹੋਏ ਪਿੰਜਰਾਂ ਵਿਚ ਜਾਨ ਪਾ ਕੇ ਥੋੜ੍ਹੇ ਸਮੇਂ ਲਈ ਕੁਝ ਦਮ ਲੈ ਕੇ ਫਿਰ ਦਫਨ ਕਰਨੇ ਸਨ। ਕੋਈ ਹਰਜ ਨਹੀਂ ਜੇ ਕੋਈ ਤੱਥ ਮੂਲਕ ਗਲਤੀਆਂ ਵੱਲ ਧਿਆਨ ਦਿਵਉਂਦਾ ਹੈ ਪਰ ਅਸਲ ਵਿਚ ਦੇਖਣ ਵਾਲੀ ਚੀਜ਼ ਹੁੰਦੀ ਹੈ-ਰਚਨਾ ਵਿਚ ਛੁਪੀ ਹੋਈ ਮਨਸ਼ਾ।




ਇਸ ਫਿਲਮ ਦੇ ਨਿਰਮਾਤਿਆਂ ਦੀ ਮਨਸ਼ਾ ਸਹੀ ਹੈ, ਪੇਸ਼ਕਾਰੀ ਵਿਚ ਗਲਤੀਆਂ ਪ੍ਰਤੱਖ ਦਿਸਦੀਆਂ ਹਨ। ਸ਼ਹੀਦ ਭਗਤ ਸਿੰਘ ਉਤੇ ਦਰਜਨ ਫਿਲਮਾਂ ਬਣ ਚੁਕੀਆਂ ਹਨ, ਕਿਸੇ ਵਿਚ ਜਾਨ ਨਹੀਂ, ਨਾਹਰੇਬਾਜ਼ੀ ਹੈ। ਪੁਰਾਣੀ ਲੀਹ ਨੂੰ ਤਜ ਕੇ ਇਸ ਫਿਲਮ ਵਿਚ ਨਵਾਂ ਰਸਤਾ ਤਲਾਸ਼ਣ ਦਾ ਪਹਿਲਾ ਯਤਨ ਹੈ।

ਫਿਲਮ ਵਿਚਲਾ ਦਲੀਪ ਸਿੰਘ ਬੇਜਾਨ, ਮਾਯੂਸ, ਉਲਝਿਆ ਹੋਇਆ ਜੁਆਨ ਹੈ ਜੋ ਸਾਹਮਣੇ ਦਿੱਸ ਜਰੂਰ ਰਿਹਾ ਹੈ, ਕਰ ਕੁਝ ਨਹੀਂ ਸਕਦਾ। ਦਲੀਪ ਸਿੰਘ ਅਤੇ ਕੋਹਿਨੂਰ ਵਿਚ ਕੋਈ ਫਰਕ ਨਹੀਂ। ਕੋਹਿਨੂਰ ਵੀ ਕੁਝ ਨਹੀਂ ਕਰ ਸਕਿਆ ਭਾਵੇਂ ਉਸ ਦੇ ਟੋਟੇ ਕਰ ਦਿੱਤੇ ਗਏ। ਕੋਹਿਨੂਰ ਹਾਸਲ ਕਰਨ ਦਾ ਅਰਥ ਹੈ, ਰਾਜਭਾਗ ਦੀ ਪ੍ਰਾਪਤੀ। ਇਕੱਲਾ ਦਲੀਪ ਸਿੰਘ ਕੀ ਕਰ ਸਕਦਾ ਸੀ, ਰਾਜ ਤਾਂ ਖਾਲਸਾ ਪੰਥ ਨੇ ਹਾਸਲ ਕਰਨਾ ਸੀ ਜਿਸ ਪਾਸੋਂ ਖੁੱਸਿਆ ਸੀ। ਖਾਲਸਾ ਪੰਥ ਦੀ ਦਿਲਚਸਪੀ ਨਾ ਦਲੀਪ ਸਿੰਘ ਵਿਚ ਰਹੀ, ਨਾ ਸਰਕਾਰ ਕਾਇਮ ਕਰਨ ਵਿਚ। ਕੋਹਿਨੂਰ ਅਤੇ ਦਲੀਪ ਸਿੰਘ ਇਕ ਦੂਜੇ ਵਲ ਦੇਖ ਸਕਦੇ ਸਨ, ਦੇਖਦੇ ਰਹੇ। ਆਪਣੇ ਸ਼ਹਿਜ਼ਾਦਿਆਂ, ਜਰਨੈਲਾਂ, ਰਾਜਿਆਂ ਦੇ ਖੂਨ ਵਿਚ ਨਹਾ ਕੇ ਖਾਲਸਾ ਪੰਥ ਕੁਝ ਦੇਰ ਨੀਵੀਂ ਪਾਈ ਬੈਠਾ ਰਿਹਾ, ਫਿਰ ਦਿਲ ਕਰੜਾ ਕਰਕੇ ਅੰਗਰੇਜ਼ਾਂ ਦੀ ਖਿਦਮਤ ਕਰਨ ਲੱਗ ਪਿਆ। ਦੋਵੇਂ ਸੰਸਾਰ ਜੰਗਾਂ ਵਿਚ ਕੁਰਬਾਨੀਆਂ ਅਤੇ ਵਿਕਟੋਰੀਆ ਕਰਾਸਾਂ ਦੀ 90% ਗਿਣਤੀ ਦਾ ਜ਼ਿਕਰ ਤਾਂ ਪੂਰੀ ਢੀਠਤਾ ਨਾਲ ਸਿੱਖ ਆਪ ਕਰਦੇ ਹਨ। ਦੂਜੇ ਪਾਸੇ ਦਾ ਤੱਥ ਵੀ ਸਹੀ ਹੈ ਕਿ ਅੰਗਰੇਜ਼ਾਂ ਵਿਰੁਧ ਲੜਦਿਆਂ ਵੀ ਉਨ੍ਹਾਂ ਨੇ 90% ਕੁਰਬਾਨੀਆਂ ਦਿੱਤੀਆਂ, ਫਿਰ ਪਤਾ ਤਾਂ ਲੱਗੇ ਉਹ ਕਿਸ ਦੇ ਦੋਸਤ ਹਨ, ਕਿਸ ਦੇ ਦੁਸ਼ਮਣ? ਅੱਧੇ ਸਿੱਖ ਭਾਰਤ ਦੇ ਸੇਵਾਦਾਰ ਹੋ ਗਏ, ਅੱਧੇ ਅੰਗਰੇਜ਼ਾਂ ਦੇ, ਭੁੱਲ ਗਏ ਕਿ ਸੇਵਾ ਤਾਂ ਪੰਥ ਦੀ ਕਰਨੀ ਸੀ। ਇਹ ਉਲਝਣ ਇਸ ਫਿਲਮ ਵਿਚ ਵੀ ਨਹੀਂ ਸੁਲਝਦੀ।

ਦਲੀਪ ਸਿੰਘ ਕੋਲ ਕੋਈ ਸਾਫ ਰਾਜਨੀਤਕ ਦ੍ਰਿਸ਼ਟੀ ਨਹੀਂ, ਕੈਦੀ ਹੋਣ ਕਰਕੇ ਦੁਖੀ ਹੈ, ਮਹਾਰਾਜਾ ਰਣਜੀਤ ਸਿੰਘ ਦਾ ਫਰਜ਼ੰਦ ਹੋਣ ਕਾਰਨ ਦਲੇਰ ਹੋਣਾ ਚਾਹੀਦਾ ਸੀ, ਉਲਝਿਆ ਹੋਇਆ ਹੈ। ਉਸ ਦੀ ਹਾਲਤ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਵਰਗੀ ਹੈ, ਰਾਜ ਦੀ ਲਲਕ ਜਾਂਦੀ ਨਹੀਂ, ਹਾਸਲ ਹੁੰਦਾ ਨਹੀਂ, ਹੋਣਾ ਨਹੀਂ। ਕਰਨਾ ਸੀ ਪੰਜਾਬ ਦੇਸ਼ ਹਾਸਲ, ਫਿਲਮ ਵਿਚ ਉਹ ਭਾਰਤ ਦੀ ਆਜ਼ਾਦੀ ਦਾ ਬਿਗਲ ਵਜਾਉਂਦਾ ਦਿਖਾਇਆ ਹੈ, ਉਹ ਦੇਸ਼ ਜਿਹੜਾ ਉਸ ਦਾ ਕਦੀ ਹੈ ਈ ਨਹੀਂ ਸੀ। ਕੀ ਉਸ ਨੂੰ ਇਤਨੀ ਵੀ ਸਮਝ ਨਹੀਂ ਕਿ ਜੇ ਪੰਜਾਬ ਉਸ ਦਾ ਮਦਦਗਾਰ ਨਹੀਂ ਤਾਂ ਭਾਰਤ ਉਸ ਵਾਸਤੇ ਕਿਹੜਾ ਦਾਣੇ ਲਈ ਬੈਠਾ ਹੈ? ਅੰਗਰੇਜ਼ਾਂ ਨਾਲ ਰਲ ਮਿਲ ਕੇ ਭਾਰਤ ਨੇ ਹੀ ਤਾਂ ਪੰਜਾਬ ਨੂੰ ਹਰਾਇਆ ਸੀ। ਫਿਲਮ ਨਿਰਦੇਸ਼ਕ ਨੂੰ ਇਨ੍ਹਾਂ ਤੱਥਾਂ ਦਾ ਪਤਾ ਨਹੀਂ? ਕਿ ਜਾਣ ਕੇ ਅੱਖਾਂ ਮੁੰਦ ਲਈਆਂ ਹਨ?

ਮਹਾਰਾਣੀ ਵਿਕਟੋਰੀਆ ਨੂੰ ਦਲੀਪ ਸਿੰਘ ਅੱਗੇ ਪਸ਼ਚਾਤਾਪ ਕਰਦਿਆਂ ਦਿਖਾਉਣਾ ਭਾਰੀ ਇਤਿਹਾਸਕ ਭੁੱਲ ਹੈ। ਮੰਨ ਲਿਆ ਕਿ ਉਹ ਰਹਿਮ ਦਿਲ ਸੀ, ਦਲੀਪ ਸਿੰਘ ਨੂੰ ਪਿਆਰ ਕਰਦੀ ਸੀ, ਖਤਾਂ ਵਿਚ ਦਲੀਪ ਸਿੰਘ ਦਾ ਜ਼ਿਕਰ ਤਰਸ ਨਾਲ ਕਰਦੀ ਹੈ, ਤਾਂ ਵੀ ਉਹ ਮਹਾਨ ਹਕੂਮਤ ਦੀ ਮਲਿਕਾ ਹੈ, ਦਲੀਪ ਸਿੰਘ ਤੋਂ ਨਾ ਖਿਮਾ ਮੰਗਣ ਦਾ ਉਸ ਨੂੰ ਹੱਕ ਹੈ, ਨਾ ਉਸ ਨੇ ਮੰਗੀ, ਨਾ ਇਸ ਦੀ ਕੋਈ ਲੋੜ ਸੀ। ਤਰਸ ਤਾਂ ਸਾਨੂੰ ਜਾਨਵਰਾਂ ਉਪਰ ਵੀ ਆ ਜਾਂਦਾ ਹੈ।

ਅੰਮ੍ਰਿਤ ਛਕਣ ਤੋਂ ਬਾਅਦ ਵੀ ਦਲੀਪ ਸਿੰਘ ਦਾਹੜੀ ਕੁਤਰਦਾ ਦਿਖਾਇਆ ਹੈ, ਉਸ ਦਾ ਸਹਾਇਕ ਅਰੂੜ ਸਿੰਘ ਦਾਹੜੀ ਕੁਤਰਦਾ ਹੈ, ਲਿਬਾਸ ਇਕਦਮ ਅਜੋਕਾ, ਮਾਡਰਨ! ਉਸ ਵੇਲੇ ਬੰਦੇ ਕਲੀਨਸ਼ੇਵਨ ਤਾਂ ਹੋ ਜਾਂਦੇ ਸਨ, ਪੱਗ ਬੰਨ੍ਹ ਕੇ ਦਾਹੜੀ ਨਹੀਂ ਕੁਤਰਦੇ ਸਨ। ਦਲੀਪ ਸਿੰਘ ਨੂੰ ਗੰਜਾ ਦਿਖਾ ਕੇ ਕੀ ਸਾਬਤ ਕਰਨਾ ਸੀ? ਸਰਤਾਜ ਵਧੀਆ, ਬਹੁਤ ਵਧੀਆ ਗਾਇਕ ਹੈ। ਇਸ ਲਈ ਉਸ ਦੀ ਕਮਜ਼ੋਰ ਐਕਟਿੰਗ ਉਪਰ ਮਾੜੀ ਟਿੱਪਣੀ ਕਰਨੀ ਵਾਜਬ ਨਹੀਂ ਪਰ ਦਲੀਪ ਸਿੰਘ ਦਾ ਰੋਲ ਕਰਦਿਆਂ ਉਸ ਦਾ ਛੋਟਾ ਕੱਦ ਬਹੁਤ ਅਖਰਦਾ ਹੈ। ਜੇ ਸਰਤਾਜ ਨੂੰ ਹੀ ਹੀਰੋ ਲੈਣ ਦੀ ਕੋਈ ਮਜਬੂਰੀ ਸੀ ਫਿਰ ਲੋਗਿਨ ਪਰਿਵਾਰ, ਵਿਕਟੋਰੀਆ ਅਤੇ ਬਾਕੀ ਅਹਿਲਕਾਰ ਲੰਮੇ ਕੱਦਾਵਰ ਕਿਉਂ ਲਏ ਗਏ? ਵਿਜ਼ਨ ਵਿਚ ਨਾ ਸਹੀ ਕੱਦ ਵਿਚ ਤਾਂ ਵੱਡਾ ਦਿਸਦਾ। ਹੀਰੋ ਬੌਣਾ! 1984 ਵਿਚ ਦਰਬਾਰ ਸਾਹਿਬ ਉਪਰ ਹਮਲਾ ਕਰਕੇ ਭਾਰਤ ਨੇ ਵਿਸ਼ਵ ਭਰ ਵਿਚ ਬਦਨਾਮੀ ਖੱਟੀ, ਸਿੱਖਾਂ ਦਾ ਦੇਸ਼ ਵਿਚੋਂ ਵਿਸ਼ਵਾਸ ਤਿੜਕਿਆ। ਹੁਣ ਬਰਤਾਨੀਆ ਹਕੂਮਤ ਦੀ ਬਲੂਸਟਾਰ ਹਮਲੇ ਵਿਚ ਸ਼ਮੂਲੀਅਤ ਜੱਗ ਜ਼ਾਹਰ ਹੋ ਗਈ ਹੈ। ਫਿਲਮ ਨੇ ਦੋਵੇਂ ਦੇਸ਼ ਰਾਜ਼ੀ ਕਰ ਲਏ ਯਾਨਿ ਦੋਵਾਂ ਨੂੰ ਮਾਫ ਕਰ ਦਿੱਤਾ। ਅੰਦਰਲੀ ਗੁੱਝੀ ਗੱਲ ਇਹ ਕਿ ਵਿਕਟੋਰੀਆ ਦਲੀਪ ਸਿੰਘ ਤੋਂ ਮਾਫੀ ਨਹੀਂ ਮੰਗ ਰਹੀ, ਪੰਥ ਉਸ ਨੂੰ ਮਾਫ ਕਰ ਰਿਹਾ ਹੈ, ਉਧਰ ਦਲੀਪ ਸਿੰਘ ਪੰਜਾਬ ਨੂੰ ਨਹੀਂ, ਭਾਰਤ ਨੂੰ ਆਜ਼ਾਦ ਕਰਵਾਉਣ ਲਈ ਤੁਰ ਪਿਆ ਹੈ!

ਦਲੀਪ ਸਿੰਘ ਅਤੇ ਮਹਾਰਾਣੀ ਜਿੰਦਾਂ ਲੰਡਨ ਦੇ ਮਹਿਲਾਂ ਵਿਚ ਦਿਖਾਏ ਹਨ। ਅੰਗਰੇਜ਼ਾਂ ਦੀ ਜਿੱਤ ਤੋਂ ਪਹਿਲਾਂ ਦੋਵੇਂ ਆਜ਼ਾਦ ਸਰਕਾਰ ਖਾਲਸਾ ਲਾਹੌਰ ਦੇ ਮਹਿਲ ਵਿਚ ਕਿਉਂ ਨਹੀਂ ਦਿਖਾਏ, ਜਿਥੇ ਉਨ੍ਹਾਂ ਦਾ ਸਹੀ ਜਲੌਅ ਦਿਸਦਾ? ਫਿਲਮ ਦੇ ਪਾਤਰ ਨਕਲੀ ਪੰਜਾਬੀ ਬੋਲਦੇ ਹਨ, ਇਸ ਲਈ ਅਸਰੰਦਾਜ਼ ਨਹੀਂ।

ਮੀਡੀਆ ਉਪਰ ਦੇਖਿਆ ਕਿ ਵਾਹਗਾ ਬਾਰਡਰ ਉਪਰ ਪਾਕਿਸਤਾਨੀ ਸਿਪਾਹੀ ਇਸ ਫਿਲਮ ਦੇ ਪੋਸਟਰਾਂ ਦੀ ਨੁਮਾਇਸ਼ ਲਾ ਰਹੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਸਿੱਖ ਇਹ ਫਿਲਮ ਦੇਖ ਕੇ ਖਾਲਿਸਤਾਨ ਦੀ ਲਹਿਰ ਚਲਾਉਣਗੇ! ਫੌਜ ਰਾਹੀਂ ਸਿਆਸਤ ਕਰਵਾਈ ਗਈ।

ਫਿਲਮ ਰਾਹੀਂ ਇਹ ਸੰਦੇਸ਼ ਵੀ ਦਿੱਤਾ ਗਿਆ ਕਿ ਸਿੱਖ ਦਫਨ ਮਹਾਰਾਜੇ ਦੀਆਂ ਅਸਥੀਆਂ ਭਾਰਤ ਵਿਚ ਮੰਗਵਾਉਣ। ਮੈਂ ਇਸ ਮੰਗ ਨਾਲ ਸਹਿਮਤ ਨਹੀਂ। ਮ੍ਰਿਤਕ ਦੇਹ ਦੀ ਬੇਅਦਬੀ ਕਿਸੇ ਸੂਰਤ ਵਿਚ ਉਤਸ਼ਾਹਿਤ ਨਹੀਂ ਕਰਨੀ ਚਾਹੀਦੀ। ਭਾਰਤ ਵਿਚ ਲਿਆ ਕੇ ਅਸਥੀਆਂ ਦਾ ਸਸਕਾਰ ਕਿੱਥੇ ਕਰਨ ਦਾ ਇਰਾਦਾ ਹੈ? ਅੰਮ੍ਰਿਤਸਰ? ਪਰ ਰਾਜਧਾਨੀ ਤਾਂ ਉਸ ਦੀ ਲਾਹੌਰ ਸੀ, ਲਾਹੌਰ ਵਿਚ ਉਸੇ ਥਾਂ ਕਿਉਂ ਨਾ ਸਸਕਾਰ ਕੀਤਾ ਜਾਵੇ ਜਿੱਥੇ ਮਹਾਰਾਜਾ ਰਣਜੀਤ ਸਿੰਘ ਦਾ ਹੋਇਆ ਸੀ? ਮੇਰਾ ਖਿਆਲ ਹੈ ਕਿ ਪੰਥ ਨੂੰ ਦਬੇ ਮੁਰਦੇ ਨਹੀਂ ਉਖੇੜਨੇ ਚਾਹੀਦੇ। ਮੈਂ ਤਾਂ ਇਸ ਮੰਗ ਦਾ ਵੀ ਵਿਰੋਧ ਕੀਤਾ ਸੀ ਕਿ ਕੋਹਿਨੂਰ ਭਾਰਤ ਵਿਚ ਲਿਆਂਦਾ ਜਾਵੇ। ਜਿਥੇ ਹੈਦਰਾਬਾਦ ਦੇ ਨਿਜ਼ਾਮ ਵਲੋਂ ਭੇਜੀ ਸੋਨੇ ਨਾਲ ਮੜ੍ਹੀ ਹੋਈ ਚਾਨਣੀ 1984 ਵਿਚ ਫੌਜ ਨੇ ਸਾੜ ਦਿੱਤੀ, ਤੋਸ਼ਾਖਾਨਾ ਲੁੱਟ ਲਿਆ, ਰਾਬਿੰਦ੍ਰਨਾਥ ਟੈਗੋਰ ਨੂੰ ਮਿਲਿਆ ਨੋਬਲ ਇਨਾਮ ਚੋਰੀ ਹੋਇਆ ਹੁਣ ਤਕ ਨਹੀਂ ਲੱਭਾ, ਉਸ ਦੇਸ਼ ਵਿਚ ਕੋਹਿਨੂਰ ਕਿਵੇਂ ਮਹਿਫੂਜ਼ ਹੈ?

1980 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪ੍ਰੋ. ਸੰਤ ਸਿੰਘ ਸੇਖੋਂ ਨੇ ਪੰਜਾਬੀਅਤ ਉਪਰ ਪੇਪਰ ਪੜ੍ਹਿਆ ਜਿਸ ਵਿਚ ਉਨ੍ਹਾਂ ਕਿਹਾ, ਲੋਕ ਵਿਸ਼ਵਾਸ ਹੈ ਕਿ ਜੁਆਨ ਜਹਾਨ ਕੁੜੀ ਦੀ ਮੌਤ ਹੋ ਜਾਏ ਤਾਂ ਉਸ ਦੀ ਗਤੀ ਨਹੀਂ ਹੋਇਆ ਕਰਦੀ, ਉਸ ਦੀ ਰੂਹ ਪ੍ਰੇਤ ਬਣ ਕੇ ਲੋਕਾਂ ਦੇ ਸਿਰਾਂ ਉਪਰ ਮੰਡਰਾਉਂਦੀ ਰਹਿੰਦੀ ਹੈ। ਸਰਕਾਰ ਖਾਲਸਾ, ਭਰ ਜੁਆਨੀ ਵਿਚ ਟੁੱਟੀ, ਉਸ ਦਾ ਪ੍ਰੇਤ ਗਾਹੇ ਬਗਾਹੇ ਕਈਆਂ ਦੇ ਸਿਰਾਂ ਉਪਰ ਮੰਡਰਾਉਂਦਾ ਹੈ, ਮੰਡਰਾਉਂਦਾ ਰਹੇਗਾ।

ਇਹ ਫਿਲਮ ਜੂਲੀਅਸ ਸੀਜ਼ਰ ਵਰਗੀ ਨਹੀਂ, ਨਾ ਗਾਂਧੀ ਵਰਗੀ ਹੈ, ਉਨ੍ਹਾਂ ਤੋਂ ਬਹੁਤ ਪਿੱਛੇ ਹੈ। ਦਿਲ ਤਾਂ ਕਹਿੰਦਾ ਹੈ, ਉਨ੍ਹਾਂ ਤੋਂ ਚੰਗੀ ਹੁੰਦੀ, ਅੱਗੇ ਲੰਘਦੀ, ਤਾਂ ਵੀ ਜ਼ੀਰੋ ਤੋਂ ਅੱਗੇ ਤਾਂ ਤੁਰੀ। ਭਾਰਤੀ ਪੰਜਾਬ ਦਾ ਡਰਾਮਾ ਅਤੇ ਫਿਲਮ ਨਿਰਾਸ ਕਰਦੇ ਹਨ। ਇਸ ਫਿਲਮ ਵਿਚੋਂ ਵਜ਼ਨਦਾਰ ਆਰਟ ਨਹੀਂ ਮਿਲਿਆ, ਕੋਈ ਗਲ ਨਹੀਂ, ਆਰਟ ਦੀ ਸੰਭਾਵਨਾ ਜਿਉਂਦੀ ਦਿਸੀ। ਕਾਜ਼ੀ ਨਾਜ਼ਰੁਲ ਇਸਲਾਮ ਦੇ ਸ਼ਿਅਰ ਨਾਲ ਗੱਲ ਸਮੇਟੀਏ:

ਆਪੋ ਆਪਣੇ ਰਾਜੀਨਾਵਿਆਂ ਦੇ ਤੰਬੂ ਤਾਣ ਕੇ
ਲੋਕ ਗਹਿਰੀ ਨੀਂਦ ਸੌਂ ਗਏ ਹਨ।
ਯਾ ਖੁਦਾ, ਉਨ੍ਹਾਂ ਦੀਆਂ
ਨੀਂਦਰਾਂ ਵਿਚ ਵਿਘਨ ਪਾ।

## ਕੈਨੇਡਾ ਤੇ ਸਿੱਖ

ਪੰਜਾਬੀਓ ਹੁਣ ਤੇ ਸ਼ਰਮ ਕਰੋ
ਸਿੱਖਾਂ ਨੂੰ ਮਾਣ ਕੈਨੇਡਾ ਦਿੱਤਾ
ਸਿਰ 'ਤੇ ਪੱਗ ਧਰੋ।
ਬਲਜਿੰਦਰ ਸੇਖਾ ਗਾਵੇ ਗਾਣਾ
ਬੜਾ ਪਿਆਰਾ ਤੇ ਮਿੱਠਾ,
ਪੱਗ ਜੇ ਉਹਦੇ ਸਿਰ 'ਤੇ ਦਿਸਦੀ
ਹੁੰਦੀ ਬੱਲੇ ਬੱਲੇ ਸਿੱਖਾ।

ਸਿੱਖ ਤੇ ਪੱਗ ਨੇ ਦੋਵੇਂ ਇਕੋ
ਸਿੱਖੀ ਪੱਗ ਬਿਨਾ ਨਾ ਚੱਲੇ,
ਮਿੱਠੇ ਗੀਤ ਨਾਲ ਕੀ ਨਚਾਇਆ
ਜੇ ਪੱਗ ਰੱਖੀ ਥੱਲੇ।
ਨੱਚ ਲਉ ਟੱਪ ਲਉ ਭੰਗੜੇ ਪਾ ਲੋ
ਕਰ ਲਉ ਹੋਰ ਜੋ ਕਰਨਾ,
ਸਿਰ 'ਤੇ ਕਿਸੇ ਨਾ ਪੱਗ ਜੇ ਵੇਖੀ
ਤੁਹਾਡਾ ਇਮੇਜ ਕੋਈ ਨਹੀਂ ਬਣਨਾ।

ਅਸੀਂ ਸਿੱਖ ਹਾਂ ਬੜੇ ਨਿਆਰੇ
ਜੇ ਦੁਨੀਆਂ ਨੂੰ ਦੱਸਣਾ,
ਸਿਰ 'ਤੇ ਪੱਗ ਵੀ ਬੰਨ ਕੇ ਰੱਖਣੀ
ਕਿਉਂ ਇਹਦੇ ਤੋਂ ਨੱਸਣਾ।
ਨੱਚ ਨੱਚ ਟੱਪ ਟੱਪ ਦਸੋ ਇਹ ਗੱਲ
ਕੈਨੇਡਾ ਹੋਇਆ 150 ਸਾਲ ਦਾ,
ਪੱਗਾਂ ਵਾਲੇ ਇਹਦੇ ਪੱਕੇ ਬੇਲੀ
ਕੋਈ ਨਾ ਇਨ੍ਹਾਂ ਦੇ ਨਾਲ ਦਾ।

*-ਅਮਰੀਕ ਸੰਧੂ*
*amriksandu.sandhu@gmail.com*

# ਫੀਫਾ ਵਿਸ਼ਵ ਕੱਪ ਖੇਡਣ ਲਈ ਦੌੜ ਹੋਈ ਤੇਜ਼

***ਅਗਲੇ ਸਾਲ ਰੂਸ ਵਿਚ ਹੋਣ ਵਾਲੇ ਫੁਟਬਾਲ ਵਿਸ਼ਵ ਕੱਪ ਵਾਸਤੇ ਭਿੜਨ ਵਾਲੇ ਦੇਸ਼ਾਂ ਵਿਚਕਾਰ ਕੁਆਲੀਫਾਇੰਗ ਮੁਕਾਬਲੇ ਆਪਣੇ ਅੰਤਿਮ ਦੌਰ ਵਿਚ ਪਹੁੰਚ ਚੁਕੇ ਹਨ। ਇਨ੍ਹਾਂ ਵਿਚੋਂ ਕਿਹੜਾ ਮੁਲਕ ਐਂਟਰੀ ਮਾਰ ਚੁਕਾ ਹੈ, ਕਿਹੜਾ ਸੰਘਰਸ਼ ਕਰ ਰਿਹਾ ਹੈ ਅਤੇ ਕਿਹੜਾ ਸ਼ਰਤੀਆ ਟਿਕਟ ਹਾਸਿਲ ਕਰੇਗਾ, ਬਾਰੇ ਜਾਣਕਾਰੀ ਦਿੰਦਾ ਪ੍ਰੋ. ਸੁਦੀਪ ਸਿੰਘ ਢਿੱਲੋਂ ਦਾ ਇਹ ਲੇਖ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***

ਪ੍ਰੋ. ਸੁਦੀਪ ਸਿੰਘ ਢਿੱਲੋਂ

ਅਗਲੇ ਸਾਲ ਰੂਸ ਵਿਚ ਹੋਣ ਵਾਲੇ ਫੁਟਬਾਲ ਵਿਸ਼ਵ ਕੱਪ ਵਿਚ ਖੇਡਣ ਦਾ ਮਾਣ ਹਾਸਲ ਕਰਨ ਵਾਲੇ ਵੱਖ ਵੱਖ ਮੁਲਕਾਂ ਵਿਚਾਲੇ ਲੱਗੀ ਦੌੜ ਹੋਰ ਤੇਜ਼ ਹੋ ਗਈ ਹੈ। ਵਿਸ਼ਵ ਕੱਪ ਲਈ ਹੋ ਰਹੇ ਕੁਆਲੀਫਾਇੰਗ ਮੁਕਾਬਲਿਆਂ ਦਾ ਇਸ ਸੀਜ਼ਨ ਦਾ ਆਖਰੀ ਅਤੇ ਮੁੱਖ ਦੌਰ ਲੰਘੇ ਦਿਨੀਂ ਸ਼ੁਰੂ ਹੋਇਆ ਹੈ। ਰੂਸ ਨੂੰ ਮੇਜ਼ਬਾਨ ਹੋਣ ਦੇ ਨਾਤੇ ਜਿੱਥੇ ਸਿੱਧਾ ਦਾਖਲਾ ਮਿਲਿਆ ਹੈ, ਉਥੇ ਹੁਣ ਤੱਕ ਕੁਆਲੀਫਾਇੰਗ ਗੇੜ ਰਾਹੀਂ ਦੋ ਮੁਲਕ ਵਿਸ਼ਵ ਕੱਪ ਦਾ ਟਿਕਟ ਕਟਾ ਚੁਕੇ ਹਨ।

ਵਿਸ਼ਵ ਕੱਪ ਦੀ ਇਸ ਫਸਵੀਂ ਦੌੜ ਵਿਚ ਸਭ ਤੋਂ ਪਹਿਲਾਂ ਬ੍ਰਾਜ਼ੀਲ ਨੇ ਉਰੂਗੁਏ ਨੂੰ ਹਰਾ ਕੇ ਆਪਣੀ ਥਾਂ ਪੱਕੀ ਕੀਤੀ। ਦੂਜਾ ਮੁਲਕ ਇਰਾਨ ਹੈ। ਪੰਜ ਵਾਰ ਦੇ ਵਿਸ਼ਵ ਚੈਂਪੀਅਨ ਬ੍ਰਾਜ਼ੀਲ ਤੋਂ ਇਲਾਵਾ ਦੱਖਣੀ ਅਮਰੀਕੀ ਮਹਾਂਦੀਪ ਵਿਚੋਂ ਸਿਖਰਲੀਆਂ ਚਾਰ ਟੀਮਾਂ ਆਪਣੇ-ਆਪ ਕੁਆਲੀਫਾਈ ਕਰਨਗੀਆਂ। ਅਰਜਨਟੀਨਾ ਆਪਣੇ ਸਟਾਰ ਖਿਡਾਰੀ ਲਿਓਨੇਲ ਮੈਸੀ ਦੇ ਚਿਲੀ ਖਿਲਾਫ ਇਕਮਾਤਰ ਗੋਲ ਦੇ ਜ਼ੋਰ ਉਤੇ ਆਪਣੀ ਕੁਆਲੀਫਿਕੇਸ਼ਨ ਮੁਹਿੰਮ ਨੂੰ ਮੁੜ ਲੀਹ ਉਤੇ ਲੈ ਆਇਆ ਹੈ ਅਤੇ ਪੂਰੀ ਸੰਭਾਵਨਾ ਹੈ ਕਿ ਅਰਜਨਟੀਨਾ ਆਪਣੇ ਬਾਕੀ ਮੈਚਾਂ ਵਿਚ ਲੋੜੀਂਦੇ ਅੰਕ ਲੈ ਕੇ ਫੀਫਾ ਵਿਸ਼ਵ ਕੱਪ ਤੱਕ ਪਹੁੰਚ ਜਾਵੇਗਾ।

ਉਧਰ, ਯੂਰਪੀ ਦੇਸ਼ਾਂ ਦੀ ਦੌੜ ਵੇਖੀਏ ਤਾਂ ਸਟਾਰ ਖਿਡਾਰੀ ਕ੍ਰਿਸਟਿਆਨੋ ਰੋਨਾਲਡੋ ਦੇ ਦੋ ਸ਼ਾਨਦਾਰ ਗੋਲਾਂ ਦੀ ਬਦੌਲਤ ਯੂਰਪੀਅਨ ਚੈਂਪੀਅਨ ਪੁਰਤਗਾਲ ਹੰਗਰੀ ਨੂੰ ਵਿਸ਼ਵ ਕੱਪ ਫੁਟਬਾਲ ਕੁਆਲੀਫਾਇਰ ਵਿਚ 3-0 ਨਾਲ ਹਰਾ ਕੇ ਗਰੁਪ 'ਬੀ' ਵਿਚ ਸਿਖਰ ਉਤੇ ਚੱਲ ਰਹੇ ਸਵਿਟਜ਼ਰਲੈਂਡ ਤੋਂ ਸਿਰਫ ਤਿੰਨ ਅੰਕ ਪਿੱਛੇ ਹੈ। ਸਵਿਟਜ਼ਰਲੈਂਡ ਨੇ ਲਾਤੀਵੀਆ ਨੂੰ ਹਰਾ ਕੇ ਪੰਜ ਮੈਚਾਂ ਵਿਚ ਪੰਜਵੀਂ ਜਿੱਤ ਅਤੇ 15 ਅੰਕਾਂ ਨਾਲ ਆਪਣਾ ਸੌ ਫੀਸਦੀ ਰਿਕਾਰਡ ਬਰਕਰਾਰ ਰੱਖਿਆ ਹੈ। ਰੋਨਾਲਡੋ ਵੱਲੋਂ ਕੀਤੇ ਗਏ ਦੋ ਗੋਲਾਂ ਨਾਲ ਉਸ ਦੇ ਕੌਮਾਂਤਰੀ ਗੋਲਾਂ ਦੀ ਗਿਣਤੀ 138 ਮੈਚਾਂ ਵਿਚ 70 ਨੂੰ ਪਹੁੰਚ ਗਈ ਸੀ।




ਯਾਦ ਰਹੇ, ਪੁਰਤਗਾਲ ਦੀ ਟੀਮ ਯੂਰੋ 2016 ਵਿਚ ਹੰਗਰੀ ਤੋਂ ਹਾਰ ਕੇ ਬਾਹਰ ਹੁੰਦੇ-ਹੁੰਦੇ ਬੱਚ ਗਈ ਸੀ ਤੇ ਉਸ ਨੇ ਤਿੰਨ ਵਾਰ ਪੱਛੜਨ ਪਿਛੋਂ 3-3 ਨਾਲ ਬਰਾਬਰੀ ਕੀਤੀ ਅਤੇ ਫੇਰ ਅੱਗੇ ਜਾ ਕੇ ਖਿਤਾਬ 'ਤੇ ਕਬਜ਼ਾ ਕੀਤਾ। ਯੂਰਪ ਵਿਚ ਨੌਂ ਗਰੁਪਾਂ ਵਿਚੋਂ ਹਰ ਗਰੁਪ ਦਾ ਜੇਤੂ ਵਿਸ਼ਵ ਕੱਪ ਵਿਚ ਸਿੱਧਾ ਦਾਖਲਾ ਹਾਸਲ ਕਰੇਗਾ। ਅੱਠ ਵਧੀਆ ਅੰਕਾਂ ਵਾਲੇ ਰਨਰਅੱਪ ਮੁਲਕ ਚਾਰ ਹੋਰਨਾਂ ਸਥਾਨਾਂ ਲਈ ਪਲੇਆਫ ਰਾਊਂਡ ਖੇਡਣਗੇ।

ਉਧਰ ਬੁਲਗਾਰੀਆ ਨੇ ਹਾਲੈਂਡ ਨੂੰ ਗਰੁਪ 'ਏ' ਵਿਚ 2-0 ਨਾਲ ਹਰਾ ਕੇ 1998 ਤੋਂ ਬਾਅਦ ਪਹਿਲੀ ਵਾਰ ਵਿਸ਼ਵ ਕੱਪ ਵਿਚ ਖੇਡਣ ਦੀਆਂ ਆਪਣੀਆਂ ਆਸਾਂ ਨੂੰ ਜਿਊਂਦਾ ਰੱਖਿਆ ਹੈ। ਬੈਲਜੀਅਮ ਅਤੇ ਯੂਨਾਨ ਨੇ ਗਰੁਪ 'ਐਚ' ਵਿਚ 1-1 ਨਾਲ ਡਰਾਅ ਖੇਡਿਆ ਅਤੇ ਦੋਵਾਂ ਦੀਆਂ ਆਸਾਂ ਬਰਕਰਾਰ ਹਨ। ਹਾਲੈਂਡ ਦੇ ਯੂਰੋ ਕੱਪ ਨਾ ਖੇਡ ਸਕਣ ਮਗਰੋਂ ਹੁਣ ਇਸ ਦੇ ਵਿਸ਼ਵ ਕੱਪ ਖੇਡਣ ਉਤੇ ਵੀ ਸ਼ੰਕਾ ਖੜ੍ਹਾ ਹੋ ਗਿਆ ਹੈ। ਤਿੰਨ ਵਾਰ ਦੇ ਉਪ ਜੇਤੂ ਹਾਲੈਂਡ ਦੀਆਂ ਵਿਸ਼ਵ ਕੱਪ ਖੇਡਣ ਦੀਆਂ ਆਸਾਂ ਨੂੰ ਬੁਲਗਾਰੀਆ ਤੋਂ ਮਿਲੀ 2-0 ਦੀ ਹਾਰ ਨਾਲ ਵੱਡਾ ਝਟਕਾ ਲੱਗਾ ਸੀ। ਹਾਲੈਂਡ ਦੀ ਟੀਮ ਗਰੁਪ 'ਏ' ਵਿਚ ਸਿਖਰ 'ਤੇ ਚੱਲ ਰਹੇ ਫਰਾਂਸ ਅਤੇ ਸਵੀਡਨ ਤੋਂ ਤਿੰਨ ਅੰਕ ਪਿੱਛੇ ਹੈ। ਸਪੇਨ ਨੇ ਇਸਰਾਈਲ ਨੂੰ ਹਰਾ ਕੇ ਗਰੁਪ 'ਜੀ' ਵਿਚ ਆਪਣਾ ਸਿਖਰਲਾ ਸਥਾਨ ਬਰਕਰਾਰ ਰੱਖਿਆ ਹੈ। ਇਟਲੀ ਦੀ ਟੀਮ ਵੀ 16 ਅੰਕਾਂ ਨਾਲ ਸਪੇਨ ਨਾਲ ਸਾਂਝੇ ਤੌਰ 'ਤੇ ਆਪਣੇ ਗਰੁਪ ਵਿਚ ਚੋਟੀ ਉਤੇ ਕਾਇਮ ਹੈ।

ਉਧਰ ਇੰਗਲੈਂਡ ਦਾ ਜੇਤੂ ਸਫਰ ਜਾਰੀ ਹੈ। ਏਸ਼ੀਆਈ ਖਿੱਤੇ ਵਿਚੋਂ ਇਰਾਨ ਨੇ ਸਭ ਨੂੰ ਹੈਰਾਨ ਕੀਤਾ ਹੈ ਜਦਕਿ ਦੱਖਣੀ ਕੋਰੀਆ, ਜਾਪਾਨ ਅਤੇ ਸਾਊਦੀ ਅਰਬ ਦੀ ਸਥਿਤੀ ਵਿਸ਼ਵ ਕੱਪ ਖੇਡਣ ਲਈ ਕਾਫੀ ਮਜ਼ਬੂਤ ਲੱਗ ਰਹੀ ਹੈ। ਸਾਲ ਦੇ ਅੰਤ ਤੱਕ ਵਿਸ਼ਵ ਕੱਪ 2018 ਦੀ ਤਸਵੀਰ ਸਾਫ ਹੋ ਜਾਵੇਗੀ।

# ਭੂਮੀ ਦਾ ਸੱਤਵਾਂ ਆਸਮਾਨ



ਅਦਾਕਾਰਾ ਭੂਮੀ ਪੜਨੇਕਰ ਇਕ ਵਾਰ ਫਿਰ ਛਾ ਗਈ ਹੈ। ਹਾਲ ਹੀ ਵਿਚ ਉਸ ਦੀ ਫਿਲਮ 'ਟਾਇਲਟ: ਏਕ ਪ੍ਰੇਮ ਕਥਾ' ਰਿਲੀਜ਼ ਹੋਈ ਹੈ ਅਤੇ ਇਸ ਵਿਚ ਉਸ ਨੇ ਅਕਸ਼ੈ ਕੁਮਾਰ ਵਰਗੇ ਅਦਾਕਾਰ ਨੂੰ ਬਰਾਬਰ ਦੀ ਟੱਕਰ ਦਿੱਤੀ ਹੈ; ਬਲਕਿ ਕੁਝ ਫਿਲਮ ਅਲੋਚਕਾਂ ਨੇ ਤਾਂ ਇਹ ਵੀ ਲਿਖਿਆ ਹੈ ਕਿ ਅਦਾਕਾਰੀ ਦੇ ਪੱਖ ਤੋਂ ਭੂਮੀ ਪੜਨੇਕਰ ਅਕਸ਼ੈ ਕੁਮਾਰ ਤੋਂ ਕਿਤੇ ਅੱਗੇ ਲੰਘ ਗਈ ਹੈ। ਯਾਦ ਰਹੇ ਕਿ 'ਟਾਇਲਟ' ਭੂਮੀ ਪੜਨੇਕਰ ਦੀ ਸਿਰਫ਼ ਦੂਜੀ ਫਿਲਮ ਹੈ। ਉਸ ਦੀ ਪਹਿਲੀ ਫਿਲਮ 'ਦਮ ਲਗਾ ਕੇ ਹਈਸ਼ਾ' ਸਾਲ 2015 ਵਿਚ ਆਈ ਸੀ ਅਤੇ ਆਪਣੀ ਪਹਿਲੀ ਹੀ ਫਿਲਮ ਨਾਲ ਉਸ ਦੀ ਖੂਬ ਚਰਚਾ ਹੋਈ ਸੀ। ਇਸ ਫਿਲਮ ਵਿਚ ਉਸ ਦਾ ਹੀਰੋ ਆਯੂਸ਼ਮਾਨ ਖੁਰਾਣਾ ਸੀ। ਖੈਰ! ਪਹਿਲੀ ਫਿਲਮ ਦੇ ਨਾਲ ਹੀ ਭੂਮੀ ਦੀ ਸਰੀਰਕ ਬਣਤਰ ਬਾਰੇ ਵੀ ਬਹੁਤ ਚਰਚਾ ਹੋਈ ਸੀ, ਪਰ ਉਸ ਨੇ ਸਾਬਤ ਕਰ ਦਿੱਤਾ ਕਿ ਅਦਾਕਾਰੀ ਲਈ ਮੋਟੇ/ਵਜ਼ਨਦਾਰ ਜਾਂ ਪਤਲੇ ਪਤੰਗ ਹੋਣਾ ਕੋਈ ਲਾਜ਼ਮੀ ਸ਼ਰਤ ਨਹੀਂ, ਬੱਸ! ਤੁਹਾਡੇ ਅੰਦਰ ਪ੍ਰਤਿਭਾ ਹੋਣੀ ਚਾਹੀਦੀ ਹੈ। ਸਰੀਰ ਦੇ ਪੱਖ ਤੋਂ ਭੂਮੀ ਪੜਨੇਕਰ ਨੇ ਭਾਵੇਂ ਆਪਣਾ ਵਜ਼ਨ ਘਟਾਇਆ ਹੈ, ਪਰ ਉਸ ਦਾ ਅਸਲ ਦਾਰੋਮਦਾਰ ਉਸ ਦੀ ਪੁਖਤਾ ਅਦਾਕਾਰੀ ਹੀ ਹੈ। ਪਿਛਲੇ ਕੁਝ ਸਮੇਂ ਦੌਰਾਨ ਨਾਇਕਾਵਾਂ ਪੱਖੀ ਕੁਝ ਫਿਲਮਾਂ ਖੂਬ ਚਰਚਾ ਵਿਚ ਰਹੀਆਂ ਹਨ। ਇਨ੍ਹਾਂ ਫਿਲਮਾਂ ਵਿਚ ਵਿਦਿਆ ਬਾਲਨ ਦੀ ਫਿਲਮ 'ਕਹਾਨੀ' ਅਤੇ ਕੰਗਣਾ ਰਣੌਤ ਦੀ 'ਕੁਈਨ' ਦੀ ਤਾਂ ਕੁਝ ਵਧੇਰੇ ਹੀ ਚਰਚਾ ਹੁੰਦੀ ਰਹੀ ਹੈ, ਪਰ ਇਹ ਸ਼ਾਇਦ ਪਹਿਲੀ ਵਾਰ ਹੈ ਕਿ ਭੂਮੀ, ਫਿਲਮ ਵਿਚ ਨਾਇਕ ਦੇ ਬਰਾਬਰ ਤੁਲੀ ਹੈ। 18 ਜੁਲਾਈ 1989 ਨੂੰ ਜਨਮੀ ਭੂਮੀ ਯਸ਼ ਰਾਜ ਫਿਲਮਜ਼ ਨਾਲ ਅਸਿਸਟੈਂਟ ਕਾਸਟਿੰਗ ਡਾਇਰੈਕਟਰ ਵਜੋਂ ਕੰਮ ਕਰਦੀ ਸੀ, ਪਰ ਉਸ ਨੂੰ ਅਚਾਨਕ ਫਿਲਮ 'ਦਮ ਲਗਾ ਕੇ ਹਾਈਸ਼ਾ' ਮਿਲ ਗਈ। ਅਸਲ ਵਿਚ, ਇਸ ਫਿਲਮ ਲਈ ਹੀਰੋ ਦੀ ਪਤਨੀ ਦਾ ਕਿਰਦਾਰ ਨਿਭਾਉਣ ਲਈ ਮੋਟੀ ਹੀਰੋਇਨ ਦੀ ਲੋੜ ਸੀ ਅਤੇ ਭੂਮੀ ਦਾ ਗੁਣਾਂ ਪੈ ਗਿਆ। ਫਿਲਮ ਰਿਲੀਜ਼ ਹੁੰਦੇ ਸਾਰ ਹਰ ਪਾਸੇ ਭੂਮੀ ਭੂਮੀ ਹੋ ਗਈ ਅਤੇ ਉਹ ਕਾਸਟਿੰਗ ਡਾਇਰੈਕਟਰ ਤੋਂ ਹਿੰਦੀ ਫਿਲਮ ਜਗਤ ਦੀ ਮਸ਼ਹੂਰ ਹੀਰੋਇਨ ਹੋ ਨਿਬੜੀ। ਇਸੇ ਸਾਲ ਉਸ ਦੀ ਇਕ ਹੋਰ ਫਿਲਮ 'ਸ਼ੁਭ ਮੰਗਲ ਸਾਵਧਾਨ' ਰਿਲੀਜ਼ ਹੋ ਰਹੀ ਹੈ। ***-ਸੇਵਕ ਸਿੰਘ ਸੁਰੀਲਾ***





# ਕੰਗਨਾ ਦੀ ਸ਼ੈਤਾਨੀ

**ਆਮਨਾ ਕੌਰ**

ਇਸ ਸਾਲ ਮਈ ਮਹੀਨੇ ਪਏ ਰੱਫੜ ਦਾ ਜਵਾਬ ਅਦਾਕਾਰਾ ਕੰਗਨਾ ਰਣੌਤ ਨੂੰ ਹੁਣ ਦੇਣਾ ਪੈ ਰਿਹਾ ਹੈ। ਆਪਣੀ ਆ ਰਹੀ ਫਿਲਮ 'ਸਿਮਰਨ' ਦਾ ਟਰੇਲਰ ਜਾਰੀ ਕਰਨ ਮੌਕੇ ਪੱਤਰਕਾਰਾਂ ਨੇ ਹੋਰ ਸਵਾਲਾਂ ਦੇ ਨਾਲ ਨਾਲ ਇਸ ਫਿਲਮ ਨਾਲ ਜੁੜਿਆ ਵਿਵਾਦ ਵੀ ਛੇੜ ਲਿਆ। ਯਾਦ ਰਹੇ ਕਿ ਇਸ ਫਿਲਮ ਦੀ ਕਹਾਣੀ ਲਿਖਣ ਵਾਲੇ ਅਪੂਰਵਾ ਅਸਰਾਨੀ ਨੇ ਦੋਸ਼ ਲਾਇਆ ਸੀ ਕਿ ਕੰਗਨਾ ਰਣੌਤ ਦੇ ਜ਼ੋਰ ਪਾਉਣ 'ਤੇ ਫਿਲਮ ਦੀ ਕਹਾਣੀ ਦਾ ਕਰੈਡਿਟ ਫਿਲਮਸਾਜ਼ ਹੰਸਲ ਮਹਿਤਾ ਨੇ ਕੰਗਨਾ ਰਣੌਤ ਨੂੰ ਦੇ ਦਿੱਤਾ ਹੈ।

ਅਸਲ ਵਿਚ, ਅਮਰੀਕੀ ਅਖ਼ਬਾਰ ਵਿਚ ਇਕ ਬਹਾਦਰ ਔਰਤ ਬਾਰੇ ਦੀ ਲੇਖ ਛਪਿਆ ਸੀ ਅਤੇ ਹੰਸਲ ਮਹਿਤਾ ਨੇ ਇਹ ਲੇਖ ਅਪੂਰਵਾ ਅਸਰਾਨੀ ਨੂੰ ਦੇ ਕੇ ਕਹਾਣੀ ਤਿਆਰ ਕਰਨ ਲਈ ਕਿਹਾ। ਉਹਨੇ ਬੜੀ ਮਿਹਨਤ ਨਾਲ ਫਿਲਮ ਦੀ ਕਹਾਣੀ ਲਿਖ ਲਈ ਅਤੇ ਇਹ ਹੰਸਲ ਮਹਿਤਾ ਨੂੰ ਪਸੰਦ ਵੀ ਬਹੁਤ ਆਈ। ਨਾਲ ਦੀ ਨਾਲ ਹੀ ਇਹ ਪ੍ਰੋਜੈਕਟ ਸ਼ੁਰੂ ਹੋ ਗਿਆ, ਪਰ ਕੰਗਨਾ ਰਣੌਤ ਦੇ ਨਾਂ ਕਹਾਣੀ ਜੋੜਨ ਕਰ ਕੇ ਰੱਫੜ ਪੈ ਗਿਆ। ਇਸ ਮਾਮਲੇ 'ਤੇ ਅਪੂਰਵਾ ਅਸਰਾਨੀ, ਹੰਸਲ ਮਹਿਤਾ ਤੇ ਕੰਗਣਾ ਰਣੌਤ ਨਾਲ ਮਿਹਣੋ-ਮਿਹਣੀ ਵੀ ਹੋਏ। ਹੁਣ ਸਵਾਲ ਪੁੱਛਣ 'ਤੇ ਕੰਗਨਾ ਰਣੌਤ ਨੇ ਮਾਮਲਾ ਖ਼ਤਮ ਕਰਨ ਦੇ ਇਰਾਦੇ ਨਾਲ ਕਿਹਾ ਕਿ ਇਸ ਮਾਮਲੇ ਬਾਰੇ ਕਈ ਗਲਤ ਧਾਰਨਾਵਾਂ ਪੈਦਾ ਹੋ ਗਈਆਂ ਸਨ, ਹੁਣ ਇਹ ਮਾਮਲਾ ਨਜਿੱਠ ਲਿਆ ਗਿਆ ਹੈ; ਹੁਣ ਉਹੀ ਕੁਝ ਕੀਤਾ ਗਿਆ ਹੈ ਜੋ ਉਸ (ਅਪੂਰਵਾ ਅਸਰਾਨੀ) ਦੀ ਮੰਗ ਸੀ। ਇਸ ਦੇ ਨਾਲ ਹੀ ਉਸ ਨੇ ਇਹ ਵੀ ਕਹਿ ਦਿੱਤਾ ਕਿ ਉਸ ਵਕਤ ਉਸ ਦੀ ਫਿਲਮ 'ਰੰਗੂਨ' ਫਲਾਪ ਹੋ ਗਈ ਸੀ ਅਤੇ ਕਈ ਲੋਕ ਉਸ ਖਿਲਾਫ ਜਾਣ-ਬੁਝ ਕੇ ਵਾਰ ਵਾਰ ਟਿੱਪਣੀਆਂ ਕਰ ਰਹੇ ਸਨ।

ਕੰਗਨਾ ਦਾ ਨਾਂ ਕਿਸੇ ਨਾ ਕਿਸੇ ਵਿਵਾਦ ਨਾਲ ਜੁੜਦਾ ਰਿਹਾ ਹੈ। ਹਾਲ ਹੀ ਵਿਚ ਉਹਨੇ ਫਿਲਮਾਂ ਵਿਚ ਭਾਈ-ਭਤੀਜਾਵਾਦ ਦਾ ਮੁੱਦਾ ਜ਼ੋਰ ਨਾਲ ਉਠਾਇਆ ਹੈ। ਇਸ 'ਤੇ ਕਰਨ ਜੌਹਰ ਵਰਗੇ ਫਿਲਮਸਾਜ਼ਾਂ ਨੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਪਹਿਲਾਂ ਉਸ ਦਾ ਰਿਤਿਕ ਰੌਸ਼ਨ ਨਾਲ ਲੰਮਾ ਵਿਵਾਦ ਚੱਲਿਆ। ਉਂਜ ਆਪਣੀ ਅਦਾਕਾਰੀ ਦੇ ਸਿਰ 'ਤੇ ਉਹ ਅਜਿਹੇ ਝੰਜਟਾਂ ਤੋਂ ਸਦਾ ਹੀ ਪਾਰ ਜਾਂਦੀ ਰਹੀ ਹੈ।

# ਦਲਿਤਾਂ ਦਾ ਦਰਦ ਤੇ ਸਿਨੇਮਾ

**ਜਗਜੀਤ ਸਿੰਘ ਸੇਖੋਂ**

ਭਾਰਤੀ ਸਮਾਜ ਦੀ ਬਣਤਰ ਬਾਰੇ ਬੜੀਆਂ ਲੰਮੀਆਂ-ਚੌੜੀਆਂ ਬਹਿਸਾਂ ਚਲਦੀਆਂ ਰਹੀਆਂ ਹਨ। ਭਾਰਤ ਅੰਦਰ ਜਾਤ-ਪਾਤ ਦਾ ਜਿਹੜਾ ਕਰੂਰ ਸਿਸਟਮ ਹੈ, ਉਹ ਦੁਨੀਆਂ ਭਰ ਵਿਚ ਕਿਤੇ ਨਹੀਂ ਮਿਲਦਾ। ਦਰਅਸਲ, ਇਹ 'ਮਨੂ ਸਿਮਰਤੀ' ਨਾਂ ਦੇ ਗ੍ਰੰਥ ਦੇ ਨਾਂ 'ਤੇ ਆਧਾਰਤ ਹੈ। ਉਸ ਵੇਲੇ ਦੇ ਵਿਦਵਾਨ ਅਖਵਾਉਂਦੇ ਇਸ ਸੱਜਣ (ਮਨੂ) ਨੇ ਕੰਮ ਦੇ ਆਧਾਰ 'ਤੇ ਵਰਗ ਵੰਡ ਕਰ ਦਿੱਤੀ ਸੀ। ਬਾਅਦ ਵਿਚ ਇਹ ਵਰਗ ਵੰਡ ਇੰਨੀ ਪੀਡੀ ਅਤੇ ਪੱਕੀ ਹੋ ਗਈ ਕਿ ਇਸ ਨੇ ਜਾਤ-ਪਾਤ ਪ੍ਰਣਾਲੀ ਦਾ ਆਗਾਜ਼ ਕਰ ਦਿੱਤਾ। ਇਹ ਬਾਅਦ ਵਿਚ ਨਫ਼ਰਤ ਦੀ ਪ੍ਰਣਾਲੀ ਵਿਚ ਤਬਦੀਲ ਹੋ ਗਈ ਅਤੇ ਇਸ ਤੋਂ ਬਾਅਦ ਤਾਂ ਅਖੌਤੀ ਛੋਟੀਆਂ ਜਾਤਾਂ ਨੂੰ ਸਮਾਜ ਵਿਚ ਜੋ ਕੁਝ ਸਹਿਣਾ ਪਿਆ, ਉਸ ਦੀ ਮਿਸਾਲ ਕਿਤੇ ਵੀ ਨਹੀਂ ਮਿਲਦੀ।


ਜਾਤ-ਪਾਤ ਦੇ ਇਸ ਕੋਹੜ ਨੇ ਜ਼ਿੰਦਗੀ ਨਾਲ ਜੁੜੇ ਹਰ ਪੱਖ 'ਤੇ ਗਹਿਰਾ ਅਸਰ ਪਾਇਆ ਹੈ। ਕਲਾ ਵੀ ਇਸ ਅਸਰ ਤੋਂ ਮੁਕਤ ਨਹੀਂ। ਇਸੇ ਤਰ੍ਹਾਂ ਸਿਨੇਮਾ ਵਿਚ ਵੀ ਇਸ ਦਾ ਅਸਰ ਪ੍ਰਤੱਖ ਦੇਖਿਆ ਜਾ ਸਕਦਾ ਹੈ। ਵੱਖ ਵੱਖ ਫਿਲਮਸਾਜ਼ਾਂ ਨੇ ਇਸ ਸਮੱਸਿਆ ਨੂੰ ਆਧਾਰ ਬਣਾ ਕੇ ਫਿਲਮਾਂ ਦੀ ਸਿਰਜਣਾ ਕੀਤੀ ਹੈ। ਇਨ੍ਹਾਂ ਫਿਲਮਾਂ ਬਾਰੇ ਚਰਚਾ ਅਕਸਰ ਚਲਦੀ ਰਹੀ ਹੈ, ਪਰ ਹੁਣ ਇੰਗਲੈਂਡ ਦੀ ਬਰਮਿੰਘਮ ਸਿਟੀ ਯੂਨਵਿਰਸਟੀ ਦੇ ਮੀਡੀਆ ਸਕਾਲਰ ਵਿਸ਼ਾਲ ਚੌਹਾਨ ਨੇ ਇਸ ਬਾਰੇ ਖੋਜ ਸ਼ੁਰੂ ਕੀਤੀ ਹੈ। ਵਿਸ਼ਾਲ ਚੌਹਾਨ ਰਾਜਸਥਾਨ ਦਾ ਜੰਮਿਆ ਪਲਿਆ ਹੈ ਜਿਥੇ ਭਾਰਤ ਦੇ ਕੁਲ ਦਲਿਤਾਂ ਵਿਚੋਂ 22 ਫੀਸਦੀ ਦਲਿਤ ਵਸਦੇ ਹਨ, ਪਰ ਇਨ੍ਹਾਂ ਨੂੰ ਫਿਲਮੀ ਦੁਨੀਆਂ ਅੰਦਰ ਇਸ ਅਨੁਪਾਤ ਮੁਤਾਬਕ ਅੱਜ ਤਕ ਥਾਂ ਮਿਲੀ ਹੀ ਨਹੀਂ ਹੈ।

ਵਿਸ਼ਾਲ ਚੌਹਾਨ ਦੀ ਇਸ ਖੋਜ ਦਾ ਮੁੱਖ ਨੁਕਤਾ ਆਸਾਂ ਅਤੇ ਨਿਰਾਸ਼ਾ ਨਾਲ ਭਰਿਆ ਪਿਆ ਹੈ। ਉਂਜ, ਉਸ ਦੀਆਂ ਲੱਭਤਾਂ ਹੈਰਾਨ ਕਰਨ ਵਾਲੀਆਂ ਹਨ ਅਤੇ ਨਾਲ ਹੀ ਭਾਰਤੀ ਸਮਾਜ ਅਤੇ ਜਾਤ-ਪਾਤੀ ਸਿਸਟਮ ਨੂੰ ਸਮਝਣ ਵਿਚ ਵੀ ਸਹਾਈ ਹੋ ਸਕਦੀਆਂ ਹਨ। ਉਹ ਦੱਸਦਾ ਹੈ ਕਿ ਫਿਲਮਾਂ ਦਾ ਸਭ ਤੋਂ ਮਾੜਾ ਪੱਖ ਦਲਿਤਾਂ ਦਾ ਚਰਿੱਤਰ ਚਿਤਰਨ ਹੀ ਹੈ। ਦਲਿਤਾਂ ਨੂੰ ਫਿਲਮਾਂ ਵਿਚ ਬੜੇ ਕੋਝੇ ਢੰਗ ਨਾਲ ਫਿਲਮਾਇਆ ਗਿਆ ਹੈ। ਅਕਲ ਪੱਖੋਂ ਇਨ੍ਹਾਂ ਨੂੰ ਬੜੇ ਹੀਣੇ ਅਤੇ ਲਾਚਾਰ ਦਿਖਾਇਆ ਗਿਆ ਹੈ। ਭਾਰਤੀ ਫਿਲਮ ਸਨਅਤ ਨੇ ਸਮੁੱਚੇ ਦਲਿਤ ਭਾਈਚਾਰੇ ਦੀ ਬੜੀ ਝੂਠੀ ਤਸਵੀਰ ਫਿਲਮਾਂ ਵਿਚ ਪੇਸ਼ ਕੀਤੀ ਹੈ। ਵਿਸ਼ਾਲ ਚੌਹਾਨ ਨੇ ਆਪਣੀ ਖੋਜ 1930ਵਿਆਂ ਤੋਂ 2010ਵਿਆਂ ਤੱਕ ਬਣੀਆਂ ਫਿਲਮਾਂ ਵਿਚੋਂ ਛਾਂਟਵੀਆਂ 15 ਫਿਲਮਾਂ 'ਤੇ ਕੇਂਦਰਤ ਕੀਤੀ ਹੈ। ਉਹ ਫਿਲਮ 'ਸੁਜਾਤਾ' (1959) ਤੋਂ 'ਆਰੱਕਸ਼ਨ' (2011) ਤੱਕ ਆਪਣੀ ਕਹਾਣੀ ਬੰਨ੍ਹਣ ਦਾ ਯਤਨ ਕਰ ਰਿਹਾ ਹੈ। ਆਪਣੇ ਕਾਰਜ ਲਈ ਉਹ ਇਤਿਹਾਸ ਵੱਲ ਆਪਣਾ ਮੂੰਹ ਮੋੜਦਾ ਹੈ ਅਤੇ ਪੁਣੇ ਦੀ 'ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ' ਵਿਚ ਸਾਂਭਿਆ ਪਿਆ ਇਤਿਹਾਸ ਫਰੋਲ ਰਿਹਾ ਹੈ। ਇਸ ਤੋਂ ਇਲਾਵਾ ਉਸ ਨੇ ਹੋਰ ਸਮਕਾਲੀ ਦਸਤਾਵੇਜ਼ਾਂ ਦੀ ਚੀਰ-ਫਾੜ ਵੀ ਕੀਤੀ ਹੈ।

ਵਿਸ਼ਾਲ ਚੌਹਾਨ ਇੰਗਲੈਂਡ ਜਾ ਕੇ ਖੋਜ ਕਰਨ ਬਾਰੇ ਦੱਸਦਾ ਹੈ ਕਿ ਉਸ ਨੂੰ ਖਦਸ਼ਾ ਸੀ ਕਿ ਉਸ ਦੇ ਇਸ ਕੰਮ ਨੂੰ ਭਾਰਤ ਵਿਚ ਕਿਸੇ ਨੇ ਗੌਲਣਾ ਨਹੀਂ ਸੀ। ਹੁਣ 'ਬਰਮਿੰਘਮ ਸਕੂਲ ਆਫ ਮੀਡੀਆ ਵਿਭਾਗ' ਦੇ ਪ੍ਰੋਫੈਸਰ ਰਾਜਿੰਦਰ ਡੁਡਰਾਹ ਉਸ ਦੇ ਗਾਈਡ ਹਨ ਜਿਨ੍ਹਾਂ ਨੇ ਇੰਗਲੈਂਡ ਵਿਚ ਭਾਰਤੀ ਸਿਨੇਮੇ ਦੇ ਅਧਿਐਨ ਬਾਰੇ ਆਪਣਾ ਮੀਲ ਪੱਥਰ ਗੱਡਿਆ ਹੋਇਆ ਹੈ। ਵਿਸ਼ਾਲ ਦਾ ਖਿਆਲ ਹੈ ਕਿ ਬਾਲੀਵੁੱਡ ਵਿਚ ਦਲਿਤਾਂ ਦੇ ਫਿਲਮਾਂਕਣ ਵੇਲੇ ਸਮਾਜਿਕ ਜ਼ਿੰਮੇਵਾਰੀ ਤੋਂ ਜ਼ਰੂਰ ਕੰਮ ਲੈਣਾ ਚਾਹੀਦਾ ਹੈ ਤਾਂ ਕਿ ਲੋਕਾਂ ਵਿਚ ਇਸ ਸਮਾਜਕ ਕੋਹੜ ਬਾਰੇ ਚੇਤਨਾ ਫੈਲ ਸਕੇ। ਚੌਹਾਨ ਉਨ੍ਹਾਂ 50 ਸਕਾਲਰਾਂ ਵਿਚ ਸ਼ਾਮਲ ਹੈ ਜੋ ਬਰਮਿੰਘਮ ਸਿਟੀ ਯੂਨੀਵਰਸਿਟੀ ਵਿਚ ਵਜ਼ੀਫਾ ਲੈ ਕੇ ਖੋਜ ਕਰਨ ਵਿਚ ਜੁਟੇ ਹੋਏ ਹਨ। ਇਹ ਯੂਨੀਵਰਸਿਟੀ ਇਨ੍ਹਾਂ ਪ੍ਰੋਜੈਕਟਾਂ ਉਤੇ 30 ਲੱਖ ਪੌਂਡ ਖਰਚਦੀ ਹੈ।






*ਫਿਲਮ 'ਸੁਜਾਤਾ' ਦਾ ਪੋਸਟਰ, ਫਿਲਮ ਦੀ ਨਾਇਕਾ ਨੂਤਨ (ਵਿਚਕਾਰ) ਅਤੇ (ਐਨ ਸੱਜੇ) ਫਿਲਮ 'ਆਰੱਕਸ਼ਨ' ਦਾ ਪੋਸਟਰ।*

SERVING since 1998 TRUCKING INDUSTRY

EVEREST TRANSPORT INC.



# Now Hiring Drivers
# Apply Now!

*Consistent Loads, Competitive Pay.
*Paying Operators in Actual Confirm Rates.
*We work hard to make you in easy way.
*Great Home Time, Great Pay.
*Friendly work, Friendly Staff.
*Work in a good Environment.
*Always ready to help our Owner-Operators & Drivers.

We are doing Dispatch in Dedicated Routes.

*ਅਸੀਂ ਪੱਕੇ ਰੂਟਾਂ ਲਈ ਡਿਸਪੈਚ ਕਰਦੇ ਹਾਂ *ਪੱਕੇ ਲੋਡ, ਵਧੀਆ ਤਨਖਾਹ

*ਅਸੀਂ ਆਪਰੇਟਰਾਂ ਨੂੰ ਅਸਲ ਕਨਫਰਮ ਰੇਟਾਂ 'ਤੇ ਅਦਾਇਗੀ ਕਰਦੇ ਹਾਂ
*ਅਸੀਂ ਘਰ ਦਾ ਕੰਮ ਸੁਖਾਲਾ ਕਰਨ ਲਈ ਸਖਤ ਮਿਹਨਤ ਕਰਦੇ ਹਾਂ
*ਘਰ ਪਰਿਵਾਰ ਲਈ ਚੋਖਾ ਸਮਾਂ, ਵਧੀਆ ਤਨਖਾਹ
*ਦੋਸਤਾਨਾ ਕੰਮ, ਦੋਸਤਾਨਾ ਸਟਾਫ *ਵਧੀਆ ਮਾਹੌਲ ਵਿਚ ਕੰਮ ਕਰੋ
*ਅਸੀਂ ਆਪਣੇ ਓਨਰ ਆਪਰੇਟਰਾਂ ਅਤੇ ਡਰਾਈਵਰਾਂ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਹਾਂ

**Contact- Goldy, Ph: 260-797-1122**
**Office- Ph: 317-992-2950, Fax: 317-731-4173**
E-mail: hiring@everestttransport.com

33-36

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

## Now Open

1480 N State Road 1, Cambridge City, IN 47327.
Indiana 70 Exit 137
Diesel/Gas



ਟਰੱਕਾਂ ਵਾਲੇ ਭਰਾਵਾਂ ਲਈ
## ਖੁੱਲ੍ਹ ਗਿਆ

ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet**
over 100 gallons

open 6am to midnight

**Phone: 765-478-6300**

# ਪੰਜਾਬ ਸਪੋਰਟਸ ਅਤੇ ਕਲਚਰਲ ਕਲੱਬ, ਸਿਨਸਿਨੈਟੀ (ਓਹਾਇਓ)

# ਤੀਆਂ ਦਾ ਮੇਲਾ

## 26 ਅਗਸਤ 2017

ਸਨਿਚਰਵਾਰ, ਸਵੇਰੇ 11 ਤੋਂ ਸ਼ਾਮ 7 ਵਜੇ ਤੱਕ

**GE Park**
12110 Princeton Pike, Cincinnati OH 45246

Free Parking & Free Food



ਗਿੱਧਾ, ਬੋਲੀਆਂ, ਡੀ.ਜੇ. ਅਤੇ ਹੋਰ ਬੜਾ ਕੁਝ...
ਗਹਿਣਿਆਂ ਤੇ ਮਹਿੰਦੀ ਦੇ ਸਟਾਲ ਲੱਗਣਗੇ





'ਵਧੀਆ ਪੁਸ਼ਾਕ ਮੁਕਾਬਲਾ'



Best Dress Competition

ਸੰਪਰਕ ਕਰੋ
ਰਾਣੀ ਬੈਨੀਪਾਲ
ਫੋਨ: 513-237-3522
ਰਮਨੀਕ ਘੁੰਮਣ
ਫੋਨ: 513-332-7442
ਮੀਨੂ ਢਿੱਲੋਂ
ਫੋਨ: 513-373-0223
ਰਵਨੀਤ ਗਿੱਲ
ਫੋਨ: 513-502-2287